ਬਾਰਹਮਾਹਾ (ਸਾਵਣ ਦਾ ਮਹੀਨਾ)
ਰਾਗੁ ਮਾਝ ਬਾਰਹਮਾਹਾ ਮਹਲਾ ੫

ਡਾ. ਜਗਜੀਤ ਸਿੰਘ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥ ਜਿਵੇਂ ਸਾਵਣ ਦੇ ਮਹੀਨੇ ਵਿਚ ਵਰਖਾ ਨਾਲ ਸਾਰੀ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ ਤਿਵੇਂ ਹੀ ਉਹ ਜੀਵ ਇਸਤ੍ਰੀ ਵੀ ਹਰਿਆਵਲੀ ਹੋ ਜਾਂਦੀ ਹੈ, ਅਰਥਾਤ ਉਸ ਦਾ ਹਿਰਦਾ ਖਿੜ ਜਾਂਦਾ ਹੈ ਜਿਸਦਾ ਪਿਆਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ। **ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥** ਉਸ ਦਾ ਮਨ ਉਸ ਦਾ ਤਨ ਪ੍ਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ ਅਤੇ ਪ੍ਰਮਾਤਮਾ ਦਾ ਨਾਮ ਹੀ ਉਸ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ। **ਬਿਖਿਆ ਰੰਗ ਕੂੜਾਇਆ ਦਿਸਨਿ ਸਭੇ ਛਾਰੁ॥** ਮਾਇਆ ਦੇ ਨਾਸ਼ਵੰਤ ਕੌਤਕ ਉਸਨੂੰ ਸੁਆਹ ਵਰਗੇ ਨਿਕੰਮੇ ਪ੍ਰਤੀਤ ਹੁੰਦੇ ਹਨ। **ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥** ਜਿਵੇਂ ਸਾਵਣ ਦੇ ਮਹੀਨੇ ਵਿਚ ਵਰਖਾ ਦੀ ਬੂੰਦ ਸੋਹਣੀ ਲਗਦੀ ਹੈ ਤਿਵੇਂ ਪ੍ਰਭੂ ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲਗਦੀ ਹੈ। ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਜਾਂਦਾ ਹੈ, ਪ੍ਰਭੂ ਦੀ ਵਡਿਆਈ ਦੀਆਂ ਕਥਾ ਕਹਾਣੀਆਂ ਉਸ ਨੂੰ ਮਿੱਠੀਆਂ ਲਗਦੀਆਂ ਹਨ, ਉਸ ਨੂੰ ਉਹ ਬੜੇ ਪਿਆਰ ਨਾਲ ਸੁਣਦਾ ਹੈ। **ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰ॥** ਜੋ ਪ੍ਰਭੂ ਸਰਬ ਸ਼ਕਤੀਮਾਨ ਹੈ, ਸਭ ਕੁਝ ਕਰਨ ਜੋਗਾ ਹੈ, ਸਰਬ ਵਿਆਪਕ ਹੈ ਅਤੇ ਬੇਅੰਤ ਹੈ ਅਤੇ ਜਿਸ ਦੇ ਪਰੀਪੂਰਨ ਹੋਣ ਕਾਰਨ, ਮੇਲ ਕਾਰਨ ਸਾਰਾ ਜਗਤ, ਸਾਰੀ ਬਨਸਪਤੀ ਹਰੀ ਭਰੀ ਹੋ ਰਹੀ ਹੈ। **ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰ॥** ਐਸੇ ਪ੍ਰਭੂ ਨੂੰ ਮਿਲਣ ਲਈ ਮੇਰਾ ਮਨ ਭੀ ਤਾਂਘ ਰਿਹਾ ਹੈ ਪਰ ਇਹ ਮਿਲਾਪ ਉਸ ਦੀ ਮਿਹਰ ਰਾਹੀਂ ਪ੍ਰਾਪਤ ਹੋ ਸਕਦਾ ਹੈ, ਉਹ ਆਪ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਹੀ ਮਿਲਾਉਣ ਦੇ ਸਮਰਥ ਹੈ। **ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰ॥** ਜਿਨ੍ਹਾਂ ਗੁਰਮੁਖ ਸਖੀ ਸਹੇਲੀਆਂ ਨੇ ਪ੍ਰਭੂ ਮਿਲਾਪ ਹਾਸਲ ਕਰ ਲਿਆ ਹੈ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ। **ਨਾਨਕ ਹਰਿ ਜੀ ਮਇਆ ਕਰ ਸਬਦਿ ਸਵਾਰਣਹਾਰੁ॥** ਗੁਰੂ ਮਹਾਰਾਜ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੇਰੇ ਉਤੇ ਵੀ ਮਿਹਰ ਕਰ, ਤੂੰ ਆਪ ਹੀ ਗੁਰੂ ਦੇ ਸ਼ਬਦ ਰਾਹੀਂ ਮੇਰੀ ਜਿੰਦ ਨੂੰ ਸਵਾਰਨਯੋਗ ਹੈਂ, ਮਿਲਾਪ ਬਖਸ਼ਣ ਦੇ ਸਮਰੱਥ ਹੈਂ। **ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ॥** ਸਾਵਣ ਦਾ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ ਇਸਤ੍ਰੀਆਂ ਵਾਸਤੇ ਅਨੰਦ, ਖੇੜਾ ਤੇ ਠੰਢ ਲਿਆਉਣ ਵਾਲਾ ਹੈ ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਮਨ ਵਿਚ ਪ੍ਰਮਾਤਮਾ ਦਾ ਨਾਮ-ਰੂਪੀ ਹਾਰ ਪਾਇਆ ਹੋਇਆ ਹੈ।

ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ ਹਾੜ ਦੀ ਅਤਿ ਦਰਜੇ ਦੀ ਤਪਸ਼ ਵਿਚ ਬਨਸਪਤੀ ਸੁੱਕ ਜਾਂਦੀ ਹੈ। ਉਸ ਤਪਸ਼ ਪਿਛੋਂ ਸਾਵਣ ਦੇ ਮਹੀਨੇ ਵਿਚ ਘਟਾਂ ਚੜ੍ਹਦੀਆਂ ਹਨ, ਖ਼ੂਬ ਮੀਂਹ ਪੈਂਦਾ ਹੈ, ਪਸ਼ੂ ਪੰਛੀ ਅਤੇ ਮਨੁੱਖ ਤਾਂ ਕੀ, ਸੁੱਕਾ ਹੋਇਆ ਘਾਹ ਅਤੇ ਬਨਸਪਤੀ ਵੀ ਮੌਲ ਉਠਦੀ ਹੈ। ਹਰ ਪਾਸੇ ਹਰਿਆਵਲ ਵੇਖ ਜੀਵ ਦੇ ਅੰਦਰੋਂ ਆਵਾਜ਼ ਆਉਂਦੀ ਹੈ, ਹੇ ਮੇਰੇ ਮਨ! ਸਾਵਣ ਦੀ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਤੂੰ ਭੀ ਹਰਾ ਹੋ, ਉਮਾਹ ਵਿਚ ਆ, ਪ੍ਰਭੂ ਦੇ ਮਿਲਾਪ ਲਈ ਉਪਰਾਲਾ ਕਰ। **ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥** ਜਿਵੇਂ ਪਰਦੇਸ ਗਏ ਪਤੀ ਦੀ ਨਾਰ ਦਾ ਹਿਰਦਾ ਕਾਲੀਆਂ ਘਟਾਂ ਵੇਖ ਕੇ ਤੜਪ ਉਠਦਾ ਹੈ। ਉਮਾਹ ਪੈਦਾ ਕਰਨ ਵਾਲਾ ਵਾਤਾਵਰਣ ਸਗੋਂ ਉਸਨੂੰ ਦੁਖਦਾਈ ਪ੍ਰਤੀ ਹੋਣ ਲਗਦਾ ਹੈ ਅਤੇ ਉਸ ਦੇ ਅੰਦਰੋਂ ਹੂਕ ਉਠਦੀ ਹੈ, ਹੇ ਮਾਂ, ਮੈਨੂੰ ਮੇਰਾ ਪਤੀ ਰੋਮ ਰੋਮ ਵਿਚ ਪਿਆਰਾ ਲਗ ਰਿਹਾ ਹੈ ਪਰ ਉਹ ਤਾਂ ਪਰਦੇਸ ਗਿਆ ਹੋਇਆ ਹੈ। ਤਿਵੇਂ ਹੀ ਪ੍ਰਭੂ-ਪਤੀ ਦੀ ਵਿਛੜੀ ਜੀਵ ਇਸਤ੍ਰੀ ਦੀ ਵੇਦਨਾ ਹੈ। **ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ ਦਾਮਨਿ ਚਮਕਿ ਡਰਾਏ॥** ਜਿਤਨਾ ਚਿਰ ਪਤੀ ਘਰ ਨਹੀਂ ਆਉਂਦਾ, ਵਿਛੁੜੀ ਹੋਈ ਇਸਤ੍ਰੀ ਹਉਕਿਆਂ ਨਾਲ ਬੇਹਾਲ ਹੁੰਦੀ ਹੈ, ਆਕਾਸ਼ ਵਿਚ ਬਿਜਲੀ ਚਮਕ ਚਮਕ ਕੇ ਉਸ ਨੂੰ ਡਰਾਉਂਦੀ ਹੈ ਤੇ ਦੁਖ ਵਿਚ ਵਾਧਾ ਕਰਦੀ ਹੈ। **ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥** ਵਿਛੜੀ ਹੋਣੀ ਜੀਵ ਇਸਤ੍ਰੀ ਵਿਰਲਾਪ ਕਰਦੀ ਹੈ ਕਿ ਪਤੀ ਬਿਨਾਂ ਮੇਰੀ ਸੁਖਣੀ ਸੇਜ ਮੈਨੂੰ ਦੁਖਦਾਈ ਪ੍ਰਤੀਤ ਹੋ ਰਹੀ ਹੈ, ਪਤੀ ਤੋਂ ਵਿਛੋੜੇ ਦਾ ਦੁਖ ਮੇਰੇ ਲਈ ਮੌਤ ਬਰਾਬਰ ਹੋ ਗਿਆ ਹੈ। **ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥** ਜਿਸ ਜੀਵ ਇਸਤ੍ਰੀ ਦੇ ਅੰਦਰ ਪ੍ਰਭੂ-ਪਿਆਰ ਹੈ, ਬਿਰਹਣੀ ਨਾਰ ਵਾਂਗੂੰ ਉਸ ਨੂੰ ਪ੍ਰਭੂ ਦੇ ਮਿਲਾਪ ਤੋਂ ਬਿਨਾਂ ਨਾ ਨੀਂਦ ਆਉਂਦੀ ਹੈ, ਨਾ ਭੁੱਖ ਲਗਦੀ ਹੈ। ਉਸ ਨੂੰ ਕਪੜਾ ਭੀ ਸਰੀਰ ਤੇ ਨਹੀਂ ਸੁਖਾਂਦਾ ਅਰਥਾਤ ਸਰੀਰਕ ਸੁਖਾਂ ਦੇ ਕੋਈ ਵੀ ਸਾਧਨ ਉਸ ਦੇ ਮਨ ਨੂੰ ਧ੍ਰੂਹ ਨਹੀਂ ਪਾਉਂਦੇ। **ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥** ਉਹੀ ਭਾਗਾਂ ਵਾਲੀ ਜੀਵ ਇਸਤ੍ਰੀ ਪ੍ਰਭੂ ਪਤੀ ਦੇ ਪਿਆਰ ਦੀ ਹੱਕਦਾਰ ਹੋ ਸਕਦੀ ਹੈ। ਜੋ ਸਦਾ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ।

ਸੰਪਾਦਕੀ

'ਆਤਮ ਮਾਰਗ' ਤੇ ਚੱਲਣ ਲਈ ਭਗਤੀ ਮਾਰਗ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਵਿਚਾਰਨ ਦਾ ਯਤਨ ਕੀਤਾ ਜਾਂਦਾ ਹੈ। ਭਾਰਤੀ ਦਰਸ਼ਨ ਵਿਚ ਨੌਂ ਪ੍ਰਕਾਰ ਦੀ ਭਗਤੀ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਵਿਚੋਂ ਇਕ ਮਹੱਤਵਪੂਰਨ, ਸੁਖੈਨ ਤੇ ਸਹਿਜ ਤਰੀਕਾ ਸਰਵਣ-ਭਗਤੀ ਹੈ ਜਿਸ ਦੇ ਬਹੁਤ ਹੀ ਲਾਭ ਦਰਸਾਏ ਗਏ ਹਨ। ਸਾਰੇ ਭਾਰਤੀ ਧਰਮ ਇਕ ਮਨ ਇਕ ਚਿੱਤ ਰੱਬੀ-ਗੀਤ, ਸੰਗੀਤ, ਰਾਗ, ਨਾਦ, ਮੰਤਰ, ਪਾਠ, ਕੀਰਤਨ ਸਰਵਣ ਕਰਨ ਦੇ ਅਨੇਕ ਗੁਣ ਦਸਦੇ ਹਨ। ਪੁਰਾਤਨ ਰਿਸ਼ੀ ਜਿਵੇਂ ਅਸ਼ਟਾਵਕਰ ਅਤੇ ਗੌਤਮ ਬੁੱਧ ਅਤੇ ਅਜੋਕੇ ਸਮੇਂ ਦੇ ਸਿੱਖ ਗੁਰੂ ਸਾਹਿਬਾਨ ਨੇ ਸੁਣਨ-ਕਿਰਿਆ ਦੀ ਬਹੁਤ ਮਹੱਤਤਾ ਦੱਸੀ ਹੈ। ਇਕ-ਮਨ ਇਕ ਚਿੱਤ ਸੁਣਨ ਦੀ ਕਿਰਿਆ ਬਹੁਤ ਵੱਡੀ ਪ੍ਰਾਪਤੀ ਹੈ। ਬਹੁਤ ਵਾਰੀ ਅਸੀਂ ਅਧੂਰਾ ਸੁਣਦੇ ਹਾਂ, ਸਾਡੇ ਕੰਨ ਤਾਂ ਸੁਣ ਰਹੇ ਹੁੰਦੇ ਹਨ ਪਰ ਅਸੀਂ ਆਪ ਹਾਜ਼ਰ ਨਹੀਂ ਹੁੰਦੇ। ਜੇ ਅਸੀਂ ਪੂਰੀ ਤਨ-ਦੇਹੀ ਨਾਲ ਨਹੀਂ ਸੁਣ ਰਹੇ ਤਾਂ ਇਹ ਅਧੂਰਾ ਸੁਣਨਾ ਹੈ। ਸ਼ੁਧ ਸੁਣਨ ਤੋਂ ਭਾਵ ਹੈ - ਸਾਡਾ ਸਾਰਾ ਆਪਾ ਹੀ ਕੰਨ-ਰੂਪ ਹੋ ਜਾਵੇ, ਸਾਰਾ ਆਪਾ ਹੀ ਸੁਣਨ ਕਿਰਿਆ ਵਿਚ ਸ਼ਾਮਲ ਹੋਵੇ। ਅੰਦਰ ਕੋਈ ਹੋਰ ਵਿਚਾਰ, ਫੁਰਨਾ ਨਹੀਂ ਚਲ ਰਿਹਾ, ਸਿਰਫ ਸੁਣਨ ਵਿਚ ਧਿਆਨ ਲੱਗਿਆ ਹੋਇਆ ਹੈ। ਇਹ ਬੜੀ ਉਚੀ ਸਾਧਨਾ ਹੈ। ਘਰ ਬਾਹਰ ਹਰ ਥਾਂ ਇਸ ਦਾ ਪ੍ਰਯੋਗ ਹੋ ਸਕਦਾ ਹੈ। ਅੰਦਰ ਬਾਹਰ ਰੂਹਾਨੀ ਸੰਗੀਤ ਦੀਆਂ ਲਹਿਰਾਂ ਚਲ ਰਹੀਆਂ ਹਨ। ਜੇ ਸੁਣਨ ਦੀ ਕਿਰਿਆ ਆ ਜਾਵੇ ਤਾਂ ਇਹ ਸੰਗੀਤ ਸੁਣਿਆ ਜਾ ਸਕਦਾ ਹੈ। ਅਭਿਆਸ ਲਈ ਅਸੀਂ ਬਾਹਰ ਬਾਗ ਬਗੀਚੇ ਵਿਚ ਬੈਠੇ ਹਾਂ, ਪੰਛੀ ਗਾ ਰਹੇ ਹਨ, ਸਭ ਕੁਝ ਭੁੱਲ ਕੇ ਕੁਝ ਮਿੰਟ ਉਨ੍ਹਾਂ ਦੇ ਸੰਗੀਤ ਨੂੰ ਸੁਣੀਏ, ਹਵਾ ਰੁੱਖਾਂ ਨੂੰ ਛਹੁ ਕੇ ਲੰਘਦੀ ਸੰਗੀਤ ਕਰਦੀ ਹੈ, ਰੁੱਖਾਂ ਦੇ ਪੱਤੇ ਕੋਈ ਰਾਗ ਅਲਾਪਦੇ ਹਨ, ਵਹਿੰਦਾ ਪਾਣੀ, ਕੂਲਾਂ, ਝਰਨੇ, ਵਰਖਾ ਤੋਂ ਅਨੋਖਾ ਰਹੱਸਮਈ ਸੰਗੀਤ ਪੈਦਾ ਹੁੰਦਾ ਹੈ, ਇਸ ਨੂੰ ਸੁਣੋ ਕੰਨ-ਰੂਪ ਹੋ ਕੇ, ਪੂਰੇ ਧਿਆਨ ਨਾਲ, ਬਿਨਾਂ ਕਿਸੇ ਹੋਰ ਫੁਰਨੇ ਦੇ, ਤੁਹਾਨੂੰ ਅਨੰਦ ਆਵੇਗਾ। ਸੋਦਰ ਦੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਸਾਰੇ ਖੰਡ, ਮੰਡਲ, ਬ੍ਰਹਿਮੰਡ ਵਿਚ ਇਹ ਸੰਗੀਤ-ਧੁਨੀ ਸੁਣਦੇ ਹਨ -

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ
ਕਰਿ ਕਰਿ ਰਖੇ ਤੇਰੇ ਧਾਰੇ॥ ***ਪੰਨਾ - 9***

ਉਪਨਿਸ਼ਦਾਂ ਵਿਚ ਜ਼ਿਕਰ ਆਉਂਦਾ ਹੈ ਕਿ ਰਿਸ਼ੀ ਓਨਾਂ ਚਿਰ ਰਹੱਸਮਈ ਮੰਤਰ ਨਹੀਂ ਸੀ ਸੁਣਾਂਦੇ ਜਦ ਤਕ ਸ਼ਿਸ਼ ਸੁਣਨ ਦੇ ਯੋਗ ਨਹੀਂ ਸੀ ਹੋ ਜਾਂਦਾ। ਅਧੂਰਾ ਸੁਣਨ ਵਾਲਿਆਂ ਨੂੰ ਮਹਾਨ ਸ਼ਕਤੀ ਵਾਲੇ ਗੁਰ-ਮੰਤਰ, ਗੁਰ-ਸਿਖਿਆ, ਗੁਰ-ਸ਼ਬਦ, ਗੁਰੂ-ਬਾਣੀ ਸਰਵਣ ਕਰਾਉਣ ਦਾ ਲਾਭ ਵੀ ਅਧੂਰਾ ਹੀ ਹੁੰਦਾ ਹੈ, ਜੀਵਨ ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਪੂਰੇ ਲਾਭ ਲਈ ਪੂਰਨ ਤੌਰ ਤੇ ਸਾਡਾ ਸਾਰਾ ਆਪਾ ਸੰਪੂਰਨ ਤਨ ਮਨ ਕੰਨ-ਰੂਪ ਹੋ ਕੇ ਸੁਣਨ ਲਈ ਤਿਆਰ ਹੋਵੇ, ਤਾਂ ਹੀ ਇਸ ਦਾ ਪੂਰਾ ਲਾਭ ਹੁੰਦਾ ਹੈ। ਗੁਰ-ਮੰਤਰ ਇਕ ਛੋਟਾ ਬੀਜ ਹੈ ਜਿਸ ਵਿਚ ਪ੍ਰਫੁੱਲਤ ਹੋ ਕੇ ਰੁੱਖ-ਰੂਪ ਧਾਰਨ ਕਰਨ ਦੀ ਪੂਰੀ ਸ਼ਕਤੀ ਲੁੱਕੀ ਹੋਈ ਹੈ। ਇਹ ਬੀਜ-ਮੰਤਰ ਕੰਨਾਂ ਰਾਹੀਂ ਅੰਦਰ ਜਾ ਕੇ ਵਿਸਫੋਟ ਹੁੰਦਾ ਹੈ, ਪ੍ਰਫੁੱਲਤ ਹੁੰਦਾ ਹੈ। ਜੇ ਇਸਨੂੰ ਮਨ-ਚਿੱਤ ਕਰਕੇ ਸਾਧੀ ਹੋਈ ਧਰਤੀ ਵਿਚ ਬੀਜਿਆ ਜਾਵੇ - ਤਾਂ ਇਸ ਦਾ ਪ੍ਰਫੁੱਲਤ ਹੋਣਾ ਆਵਸ਼ਕ ਹੈ। ਫੁਰਮਾਨ ਹੈ -

ਇਹ ਤਨੁ ਧਰਤੀ ਬੀਜੁ ਕਰਮਾ ਕਰੋ
ਸਲਿਲ ਅਪਾਉ ਸਾਰਿੰਗਪਾਣੀ॥ ***ਪੰਨਾ - 23***

ਜੇ ਸਾਡੇ ਕੰਨ ਕੁੱਖ ਬਣ ਕੇ ਸ਼ਬਦ ਬੀਜ ਪ੍ਰਾਪਤ ਕਰਨ ਅਤੇ ਅਸੀਂ ਸਮੁੱਚਤਾ ਵਿਚ ਹਾਜ਼ਰ ਹੋ ਕੇ, ਸੁਚੇਤ ਹੋ ਕੇ ਗੁਰ-ਸ਼ਬਦ ਨੂੰ ਪ੍ਰਾਪਤ ਕਰੀਏ, ਸਾਡੀ ਸ਼ਖ਼ਸ਼ੀਅਤ ਦਾ ਹਰ ਅੰਗ, ਹਰ ਸੈਲ ਇਸ ਨੂੰ ਧਾਰਨ ਕਰਨ ਲਈ ਸੁਚੇਤ ਉਡੀਕਵਾਨ ਹੋਵੇ ਤਾਂ ਇਸ ਬੀਜ ਦਾ ਪ੍ਰਫੁੱਲਤ ਹੋਣਾ ਆਵਸ਼ਕ ਹੈ। ਸੁਣਨ ਦੀ ਮਹੱਤਤਾ ਪ੍ਰਤੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਫੁਰਮਾਨ ਕਰਦੇ ਹਨ ਕਿ ਜੇ ਗੁਰੂ ਦੇ ਇਕ ਮੰਤਰ, ਇਕ ਸਿਖਿਆ ਨੂੰ ਪੂਰਨ ਤੌਰ ਤੇ ਸੁਣ ਲਿਆ ਜਾਵੇ ਤਾਂ ਮਨੁੱਖ ਦੇ ਅੰਦਰ ਰਤਨ ਜਵਾਹਰ ਤੇ ਮੋਤੀ ਉਪਜ ਪੈਂਦੇ ਹਨ ਅਰਥਾਤ ਪ੍ਰਮਾਤਮਾ ਦੇ ਮਹਾਨ ਗੁਣ ਪੈਦਾ ਹੋ ਜਾਂਦੇ ਹਨ -

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ॥ ***ਪੰਨਾ - 2***

ਗੁਰੂ ਮਹਾਰਾਜ ਗਾਇਨ ਅਤੇ ਸੁਣਨ ਦੋਹਾਂ ਕਿਰਿਆਵਾਂ ਨੂੰ ਮਹਾਨਤਾ ਦਿੰਦੇ ਇਕ ਮੁਢਲੀ ਸ਼ਰਤ ਇਹ ਲਾਉਂਦੇ ਹਨ ਕਿ ਇਹ ਦੋਵੇਂ ਕਿਰਿਆਵਾਂ ਪ੍ਰੇਮ ਭਾਵਨਾ ਵਿਚ ਕੀਤੀਆਂ ਜਾਣ। ਮਨ ਵਿਚ ਉਸ ਪ੍ਰਭੂ ਦਾ ਪ੍ਰੇਮ ਹੋਵੇ ਤਾਂ ਹੀ ਪ੍ਰਭੂ ਗੁਣ-ਗਾਇਨ ਅਤੇ ਸੁਣਨ ਨਾਲ ਸਭ ਦੁਖ ਨਵਿਰਤ ਹੋ ਜਾਂਦੇ ਹਨ ਅਤੇ ਸੁਖਾਂ ਦਾ ਹਿਰਦੇ ਵਿਚ ਵਾਸਾ ਹੋ ਜਾਂਦਾ ਹੈ -

ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ***ਪੰਨਾ - 2***

ਜਪੁਜੀ ਦੀਆਂ ਚਾਰ ਪਉੜੀਆਂ 8 ਤੋਂ 11 ਵਿਚ ਨਿਰੋਲ ਨਾਮ ਨੂੰ ਇਕ ਮਨ ਇਕ ਚਿੱਤ ਸੁਰਤਿ ਜੋੜ ਕੇ ਸੁਣਨ ਦੀ ਮਹਿਮਾ ਦੱਸੀ ਹੈ। ਸੁਰਤਿ ਜੋੜ ਕੇ ਨਾਮ ਸੁਣਨ ਨਾਲ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ ਅਤੇ ਉਹ ਸਿੱਧਾਂ, ਪੀਰਾਂ, ਦੇਵਤਿਆਂ ਨਾਥਾਂ, ਸਗੋਂ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ ਤੇ ਅਪੜ ਜਾਈਦਾ ਹੈ ਅਤੇ ਸਾਸ਼ਤ੍ਰ, ਸਿਮ੍ਰਿਤੀਆਂ ਅਤੇ ਵੇਦਾਂ

(ਬਾਕੀ ਪੰਨਾ 62 ਤੇ)

ਨਾਮ ਜਪੀਏ ਤਾ ਦੂਰ ਹੁੰਦੇ ਦੁਖੜੇ ਸੇਵਾ ਕਰਕੇ ਮਾਣ ਪਾਈਦੈ॥

ਸੰਤ ਵਰਿਆਮ ਸਿੰਘ
ਬਾਨੀ ਵਿ. ਗੁ. ਰੂ. ਮਿਸ਼ਨ।

(ਮਿਤੀ 29-1-97 ਨੂੰ ਧਮੋਟ ਵਿਚ ਲੱਗਿਆ ਦੀਵਾਨ)

ਸੋ ਬਾਬਾ ਫਰੀਦ ਜੀ ਅੱਖਾਂ ਨਾਲ ਤੇ ਕਾਵਾਂ ਨੂੰ ਬੇਨਤੀ ਕਰਦੇ ਹਨ ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਓ ਕਾਗਾ ਏਹ ਦੋਇ ਨੈਣਾਂ ਮਤ ਛੇੜਿਓ -2, 2.
ਮੈਨੂੰ ਪਿਰ ਦੇਖਣ ਦੀ ਆਸ -2, 2.
ਓ ਕਾਗਾ, ... -2.

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥
ਪੰਨਾ - 1383

ਐਸੀ ਘੋਰ ਤਪਸਿਆ -

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍॥
ਪੰਨਾ - 1385

ਜੇ ਮੈਨੂੰ ਮਿਲ ਜਾਵੇ ਪ੍ਰਮੇਸ਼ਰ, ਮੈਂ ਪੈਰਾਂ ਨਾਲ ਚਲਦਾ ਥੱਕ ਜਾਵਾਂ, ਕੋਈ ਦੱਸ ਦੇਵੇ ਕਿ ਫਲਾਣੇ ਪਹਾੜ ਦੇ ਉਤੇ ਰਹਿੰਦਾ ਹੈ ਫੇਰ ਮੈਂ ਸਿਰ ਦੇ ਭਾਰ ਵੀ ਚੱਲ ਕੇ ਰਸਤਾ ਤੈਅ ਕਰ ਲਵਾਂ। ਲਗਨ ਹੈ ਸਾਧ ਸੰਗਤ ਜੀ! ਰਸਤਾ ਬੇਸ਼ਕ ਗਲਤ ਹੈ ਪਰ ਕੁਰਬਾਨ ਜਾਂਦੇ ਹਾਂ। ਬਲਿਹਾਰ ਜਾਂਦੇ ਹਾਂ! ਬਾਬੇ ਫਰੀਦ ਤੇ ਜਿਸ ਦੇ ਅੰਦਰ ਪਿਰ ਦੇਖਣ ਦੀ ਆਸ ਲੱਗੀ ਹੋਈ ਹੈ। ਮਹਾਰਾਜ ਕਹਿੰਦੇ ਹਨ -

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾ ਕੈ ਬਲਿ ਬਲਿ ਜਾਸਾ॥ ਪੰਨਾ - 266

ਅਸੀਂ ਬਲਿਹਾਰ ਜਾਂਦੇ ਹਾਂ ਜਿਸ ਨੂੰ ਦਰਸ਼ਨਾਂ ਦੀ ਪਿਆਸ ਲੱਗ ਗਈ, ਕੋਈ ਛੋਟੀ ਜਿਹੀ ਬਾਤ ਤਾਂ ਨਹੀਂ ਨਾ ਹੁੰਦੀ। ਇਸ ਦੀ ਕੀਰਤੀ ਬਹੁਤ ਫੈਲ ਗਈ ਸੀ ਬਾਬੇ ਫਰੀਦ ਜੀ ਦੀ, ਸ਼ਕਤੀਆਂ ਦੀ ਚਰਚਾ ਬਹੁਤ ਚੱਲ ਪਈ ਸੀ। ਉਸ ਵੇਲੇ ਵੱਡੇ ਵੱਡੇ ਮਹਾਤਮਾਵਾਂ ਨਾਲ ਮੇਲ ਹੋਇਆ ਬਾਬੇ ਫਰੀਦ ਦਾ। ਚੋਟੀ ਦੇ ਜਿਹੜੇ ਉਸ ਵੇਲੇ ਦੇ ਮਹਾਤਮਾ ਚਾਹੇ ਉਹ ਈਰਾਨ ਵਿਚ ਸੀ, ਚਾਹੇ ਬਗਦਾਦ ਵਿਚ ਸੀ, ਚਾਹੇ ਅਫਗਾਨਿਸਤਾਨ ਵਿਚ ਸੀ, ਚਾਹੇ ਗਜ਼ਨੀ ਦੇ ਵਿਚ ਸੀ, ਚਾਹੇ ਭਾਰਤ ਵਰਸ਼ ਤੇ ਇਧਰ ਜਾਵਾ-ਸੁਮਾਟ੍ਰਾ ਵਿਚ ਸਾਰੇ ਬਾਬੇ ਫਰੀਦ ਨੇ ਸਫਰ ਕਟਿਆ ਹੋਇਆ ਸੀ -

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ੍॥
ਪੰਨਾ - 1379

ਕੋਈ ਥਾਂ ਨਹੀਂ ਕਹਿੰਦੇ ਅਸੀਂ ਛਡਿਆ ਜਿਥੇ ਅਸੀਂ ਨਹੀਂ ਗਏ -

ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ ਪੰਨਾ - 1379

ਬੁਢਾਪਾ ਆ ਗਿਆ 91 ਸਾਲ ਦੀ ਉਮਰ ਹੋਈ ਹੈ ਇਨ੍ਹਾਂ ਦੀ। ਉਹ ਕੁੱਜਾ ਪਾਣੀ ਦਾ ਨਾ ਚੁਕ ਹੋਇਆ, ਲੋਟਾ ਨਾ ਚੁਕ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਬਾਬੇ ਫਰੀਦ ਦੀ ਲਗਨ ਦੀ ਜਿਹੜੀ ਖੁਸ਼ਬੂ ਸੀ ਉਹ ਸਾਰੇ ਖਿੰਡ ਗਈ। ਉਸ ਵੇਲੇ ਕੋਈ ਤੱਤ ਬੇਤੇ ਮਹਾਤਮਾ ਆਏ ਕਹਿੰਦੇ, "ਫਰੀਦਾ! ਕੁਰਬਾਨ ਜਾਂਦੇ ਹਾਂ ਤੇਰੇ ਤਪ ਤੋਂ, ਜ਼ੋਹਦ ਤੂੰ ਬਹੁਤ ਕਰਿਆ ਕਰ ਪਿਆਰਿਆ! ਤੈਨੂੰ ਅਸੀਂ ਐਡੀ ਦੂਰੋਂ ਇਕ ਗੱਲ ਦੱਸਣ ਆਏ ਹਾਂ ਧਿਆਨ ਦੇ ਨਾਲ ਉਹ ਗੱਲ ਤੂੰ ਸਰਵਣ ਕਰ -

ਧਾਰਨਾ - ਜੰਗਲਾਂ ਦੇ ਵਿਚ ਕਾਹਨੂੰ ਢੂੰਡਦੈ,
ਖੋਜ ਮਨ ਆਪਣੇ ਨੂੰ -2, 2.
ਮੇਰੇ ਪਿਆਰੇ, ਖੋਜ ਮਨ ਆਪਣੇ ਨੂੰ -2, 2.
ਜੰਗਲਾਂ ਦੇ ਵਿਚ ਕਾਹਨੂੰ ਢੂੰਡਦੈ,... -2.

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥
ਪੰਨਾ - 1379

ਫਰੀਦਾ! ਤੇਰੀ ਲਗਨ ਤੋਂ ਕੁਰਬਾਨ ਜਾਂਦੇ ਹਾਂ, ਬਲਿਹਾਰ ਹਾਂ ਦਰਸ਼ਨਾਂ ਦੀ ਤੇਰੀ ਲਗਨ ਤੋਂ ਪਰ ਪਿਆਰਿਆ ਤੇਰਾ ਰਸਤਾ ਗਲਤ ਹੈ, ਚਾਹੇ ਤੂੰ ਕਿੰਨਾ ਚਿਰ ਕਰੀਂ ਜਾਈ ਇਵੇਂ ਜਿਵੇਂ ਉਸ ਨੇ ਨਹੀਂ ਮਿਲਣਾ ਕਿਉਂਕਿ ਉਸ ਨੇ ਕਹਿ ਦਿੱਤਾ -

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥
ਪੰਨਾ - 205

ਜਿੰਨਾ ਚਿਰ ਤੂੰ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਨਹੀਂ ਜਾਂਦਾ, ਪਰਮੇਸ਼ਰ ਦਾ ਦਰ ਖੁੱਲ੍ਹਣਾ ਹੀ ਨਹੀਂ।

ਇਕ ਮਿਸਾਲ ਦੇ ਨਾਲ ਗੱਲ ਸਮਝ ਆ ਜਾਏਗੀ। ਇਕ ਕੋਈ ਰਾਜਾ ਸੀ, ਉਸ ਦੇ ਔਲਾਦ ਨਹੀਂ ਸੀ। ਉਸ ਨੇ 20 ਮੀਲ ਦੇ ਏਰੀਏ ਦੇ ਅੰਦਰ ਐਸੀ ਸੈਰ-ਗਾਹ ਬਣਾਈ ਹੋਈ ਸੀ ਜਿਸ ਦੇ ਵਿਚ ਭੁਲ ਭੁਲਾਈਆਂ ਵੀ ਸੀ। ਜਦੋਂ ਮੇਲੇ ਆਦਿ ਲਗਵਾਉਂਦਾ ਤਾਂ ਉਥੇ ਦੁਕਾਨਾਂ ਤੇ ਨਾਚ ਗਾਣੇ ਆਦਿ ਵੀ ਹੁੰਦੇ ਸੀ। ਝੀਲ ਦੇ ਵਿਚ ਵੀ ਸਫਰ ਕਰਦੇ ਰਹਿੰਦੇ, ਝੀਲ ਦੇ ਦੁਆਲੇ ਜਿਹੜੀ ਖੁਸ਼ਕੀ ਸੀ ਉਥੇ ਬਹੁਤ ਕੁਝ ਉਸਨੇ ਬਣਾਇਆ ਹੋਇਆ ਸੀ, ਜੰਗਲਾਂ ਵਿਚ ਬੜੀਆਂ ਅਜੀਬ ਸੜਕਾਂ, ਬਹੁਤ ਹੀ ਵਧੀਆ ਜਿਥੇ ਕਿਤੇ ਲੋੜ ਪਈ ਫੁਆਰੇ ਚਲਦੇ ਸੀ, ਫੁੱਲ ਲਗੇ ਹੋਏ ਸੀ। ਉਸ ਨੇ ਕਿਹਾ ਮੇਰੇ ਔਲਾਦ ਨਹੀਂ ਹੈ। ਮੈਂ ਆਪਣਾ ਰਾਜ ਉਸ ਬੰਦੇ ਨੂੰ ਦੇਣਾ ਚਾਹੁੰਦਾ ਹਾਂ ਜਿਹੜਾ ਮੇਰੀ ਸੈਰ-ਗਾਹ ਦੇ ਵਿਚ ਜਾ ਕੇ ਮੈਨੂੰ ਲੱਭ ਲਏ। ਉਸ ਨੇ ਡੌਂਡੀ ਪਿਟਵਾ ਦਿਤੀ। ਸਭ ਦੇ ਮਨ ਵਿਚ ਬਹੁਤ ਲਾਲਸਾ ਹੋ ਗਈ ਕਿ

ਚਲੋ ਦੇਖਾਂਗੇ, ਜੇ ਰਾਜਾ ਲੱਭ ਗਿਆ ਤਾਂ ਫੇਰ ਰਾਜ ਗੱਦੀ ਤੇ ਤਾਂ ਬੈਠ ਹੀ ਜਾਵਾਂਗੇ। ਉਸ ਨੇ ਸਮਾਂ ਰੱਖ ਦਿੱਤਾ ਕਿ 10 ਤੋਂ 4 ਤੱਕ ਲੱਭਣਾ ਹੈ, 6 ਘੰਟੇ, ਉਸ ਤੋਂ ਬਾਅਦ ਸਭ ਅਸਫਲ। ਉਸ ਵੇਲੇ ਇਕ ਦਮ ਦਰਵਾਜਾ ਖੁੱਲ੍ਹ ਗਿਆ। ਇਕ ਦੂਜੇ ਤੇ ਉਤੋਂ ਦੀ ਲੰਘਦੇ ਹੋਏ ਨੱਠੇ ਜਾਂਦੇ ਨੇ ਕਿ ਮੈਂ ਉਨ੍ਹਾਂ ਭੁਲ ਭਲਾਈਆਂ ਵਿਚ ਦੇਖਦਾ ਹਾਂ, ਮੈਂ ਜਾ ਕੇ ਝੀਲ ਵਿਚ ਦੇਖਦਾ ਹਾਂ। ਜਦੋਂ ਉਹ ਉਥੇ ਜਾਂਦੇ ਹਨ ਤਾਂ ਰਾਜੇ ਨੇ ਉਥੇ ਐਨੇ ਮੰਨੋਰੰਜਕ ਸਾਧਨ ਜੁਟਾਏ ਹੋਏ ਸਨ, ਇਹੋ ਜਿਹੀਆਂ ਚੀਜ਼ਾਂ ਨਾਚ ਗਾਣੇ, ਸ਼ਰਾਬਾਂ ਕਬਾਬਾਂ ਆਦਿ ਉਸ ਨੇ ਇੰਤਜਾਮ ਕਰਿਆ ਹੋਇਐ ਕਿ ਜਿਹੜੇ ਉਥੇ ਖੜ੍ਹ ਗਏ, ਉਹ ਉਥੇ ਹੀ ਪਰਚ ਗਏ, ਓਹੀ ਦੇਖੀ ਜਾਂਦੇ ਨੇ, ਨਸ਼ੇ ਪੀਣ ਵਾਲੇ ਨਸ਼ੇ ਹੀ ਪੀ ਜਾਂਦੇ ਨੇ, ਕੁਝ ਕੁ ਲੋਕਾਂ ਨੇ ਹਿੰਮਤ ਕਰੀ, ਉਨ੍ਹਾਂ ਨੇ ਝੀਲ ਵਿਚ ਕਿਸ਼ਤੀ ਵਿਚ ਬੈਠ ਕੇ ਲੱਭਣਾ ਸ਼ੁਰੂ ਕਰ ਦਿੱਤਾ, ਕੋਈ ਜੰਗਲ ਵਿਚ ਨੂੰ ਨੱਠੇ ਜਾਂਦੇ ਨੇ ਕਿ ਕਿਤੇ ਜੰਗਲ ਦੇ ਕੋਨੇ ਵਿਚ ਲੁਕਿਆ ਹੋਏਗਾ। ਸਾਰੇ ਲੱਭ ਰਹੇ ਨੇ ਹਜ਼ਾਰਾਂ ਬੰਦੇ ਕਿਉਂਕਿ ਰਾਜ ਮਿਲ ਜਾਣਾ ਸੀ ਜੇ ਲੱਭ ਜਾਂਦਾ।

ਉਸ ਵੇਲੇ ਇਕ ਬਹੁਤ ਹੀ ਸੋਝੀ ਵਾਲਾ ਬੰਦਾ ਸੀ, ਉਸ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ ਉਸ ਨੇ ਲੱਭਣਾ, ਕਿਸੇ ਭੇਤੀ ਨੂੰ ਮਿਲੀਏ ਜਿਹੜਾ ਭੇਤ ਦੇ ਦੇਵੇ। ਭੇਤੀ ਦੇ ਭੇਤ ਦਿੱਤੇ ਬਗੈਰ ਰਾਜੇ ਨੇ ਨਹੀਂ ਲੱਭਣਾ। ਜਿਹੜਾ ਉਥੋਂ ਦਾ ਵੱਡਾ ਮੈਨੇਜਰ ਸੀ, ਉਹ ਆਪਣੇ ਦਫਤਰ ਵਿਚ ਬੈਠਾ ਸੀ। ਇਹ ਪ੍ਰੇਮੀ ਉਥੇ ਜਲ ਪਾਣੀ ਦੀ ਸੇਵਾ ਕਰ ਰਿਹਾ ਹੈ, ਜਦੋਂ ਉਹ ਕੋਈ ਚੀਜ਼ ਕਹਿੰਦਾ ਹੈ ਉਹ ਉਦੋਂ ਹੀ ਲਿਆ ਕੇ ਦਿੰਦਾ ਹੈ ਕਿਉਂਕਿ ਸਾਰੇ ਬਾਕੀ ਦੇ ਤਾਂ ਨੱਠ ਗਏ ਸੀ ਲੱਭਣ ਵਾਸਤੇ। ਜਦੋਂ 3 ਵੱਜ ਗਏ ਤਾਂ ਉਹ ਕਹਿਣ ਲੱਗਿਆ, “ਓ ਪ੍ਰੇਮੀਆ! ਤੂੰ ਟੋਲ੍ਹਣ ਨਹੀਂ ਗਿਆ, ਸਾਰੀ ਦੁਨੀਆਂ ਟੋਲ੍ਹਣ ਗਈ ਹੈ?”

ਕਹਿੰਦਾ, “ਮੈਨੇਜਰ ਸਾਹਿਬ! ਰਾਜਾ ਇਹੋ ਜਿਹੀ ਥਾਂ ਨਹੀਂ ਲੁਕਿਆ ਜਿਥੇ ਸੁਖਾਲਾ ਲੱਭ ਜਾਵੇ ਤੇ ਮੇਰੇ ਉਤੇ ਤੂੰ ਕਿਰਪਾ ਕਰਦੇ ਮੈਨੂੰ ਜੇ ਦਸ ਦੇਵੇਂ ਤਾਂ ਮੈਂ ਲੱਭ ਲਵਾਂ ਤੇ ਨਾਲ ਮੇਰੀ ਮੱਦਦ ਕਰੇਂ। ਇਕੱਲਾ ਦੱਸੇ ਤੋਂ ਨਹੀਂ ਕੰਮ ਚੱਲਣਾ, ਨਾਲ ਮੇਰੀ ਮੱਦਦ ਵੀ ਕਰੀਂ।

ਉਹ ਥੋੜ੍ਹੀ ਦੇਰ ਫੇਰ ਚੁੱਪ ਰਿਹਾ ਕਿਉਂਕਿ ਸਮਾਂ ਵੀ ਨੇੜੇ ਆ ਰਿਹਾ ਸੀ। ਉਹ ਕਹਿੰਦਾ, “ਦੇਖ! ਮੈਂ ਤੈਨੂੰ ਭੇਦ ਦੀ ਗੱਲ ਦਸਦਾ ਹਾਂ। ਆਹ ਜਿਹੜਾ ਦਫਤਰ ਹੈ ਇਸ ਦੇ ਪਿਛੇ ਇਕ ਉਚੀ ਜਿਹੜੀ ਢੇਰੀ ਹੈ ਮਿੱਟੀ ਦੀ। ਉਥੇ ਬੋਰੀਆਂ ਪਈਆਂ ਨੇ, ਬੋਰੀਆਂ ਖਿੱਚ ਕੇ ਪਰ੍ਹੇ ਕਰ ਦੇਈਂ ਤੇ ਅੱਗੇ ਦਰਵਾਜਾ ਆ ਜਾਏਗਾ। ਉਹ ਦਰਵਾਜਾ ਖੋਲ੍ਹ ਲਈ। ਉਸ ਦੇ ਵਿਚ ਜਦੋਂ ਤੂੰ ਜਾਏਂਗਾ ਪਹਿਲਾਂ ਤਾਂ ਹਨ੍ਹੇਰਾ ਹੋਏਗਾ। ਉਸ ਤੋਂ ਬਾਅਦ ਜਦੋਂ ਤੂੰ ਇਕ ਦੋ ਕੋਠੜੀਆਂ ਲੰਘੇਗਾ, ਉਸ ਵੇਲੇ ਸੰਗੀਤ ਆ ਜਾਏਗਾ। ਉਹ ਸੰਗੀਤ ਸੁਣ ਕੇ ਤੂੰ ਅਗੇ ਅਗੇ ਪੈਰ ਪੁੱਟੀ ਜਾਈਂ। ਇਹ ਨਿਸ਼ਾਨੀ ਹੈ ਕਿ ਇਥੇ ਲੁਕਿਆ ਹੋਇਆ ਹੈ ਨੇੜੇ ਹੀ ਪਰ ਉਸ ਤੋਂ ਅੱਗੇ ਜਾ ਕੇ ਐਸੀਆਂ ਚੀਜ਼ਾਂ ਆਉਣਗੀਆਂ ਜੋ ਤੈਨੂੰ ਭੁਲਾਉਣ ਦਾ ਯਤਨ ਕਰਨਗੀਆਂ, ਸ਼ਕਤੀਆਂ ਆਉਣਗੀਆਂ ਕਿ ਮੁੜ ਜਾਹ ਆਹ ਲੈ ਲੈ ਸਾਡੇ ਤੋਂ। ਮੁੜੀਂ ਨਾ ਉਨ੍ਹਾਂ ਦੀ ਪਰਵਾਹ ਨਾ ਕਰੀਂ। ਉਸ ਤੋਂ ਅੱਗੇ ਰੋਸ਼ਨੀ ਆ ਜਾਏਗੀ। ਹੁਣ ਰੋਸ਼ਨੀ ਵੀ ਹੋ ਜਾਏਗੀ ਤੇ ਸੰਗੀਤ ਵੀ ਚੱਲ ਪਏਗਾ ਤੇਰਾ ਜੀਅ ਵੀ ਲੱਗ ਜਾਏਗਾ ਪਰ ਤੂੰ ਅੱਗੇ ਚਲੀਂ। ਅੱਗੇ ਜਾ ਕੇ ਜਿਸ ਵਕਤ ਦਸਵਾਂ ਦਰਵਾਜਾ ਆਇਆ ਨਾਹ, ਉਹ ਖੋਲ੍ਹ ਲਈਂ। ਅੱਗੇ ਬਾਦਸ਼ਾਹ ਬੈਠਾ ਹੈ ਤਖਤ ਦੇ ਉਤੇ, ਤੇਰੇ ਨਾਲ ਨਰਾਜ਼ ਨਹੀਂ ਹੁੰਦਾ, ਕੁਝ ਨਹੀਂ ਹੁੰਦਾ। ਤੈਨੂੰ ਪਿਆਰ ਕਰੇਗਾ ਕਿਉਂਕਿ ਉਸ ਨੇ ਰਾਜ ਦੇਣਾ ਹੈ। ਉਸੇ ਤਰ੍ਹਾਂ ਨਾਲ ਉਸ ਨੇ ਕੀਤਾ, ਸਮਝਾ ਦਿਤਾ ਸੀ ਕਿ ਅੱਗੇ ਇਕ ਰਸਤਾ ਇਹੋ ਜਿਹਾ ਆਉਣਾ ਹੈ ਜਿਹੜਾ ਬਾਹਰ ਨਿਕਲ ਜਾਏਗਾ ਅੱਗੇ ਨਹੀਂ ਤੂੰ ਜਾ ਸਕਣਾ। ਸੋ ਉਸ ਵੇਲੇ ਉਵੇਂ ਜਿਵੇਂ ਕਰਦਾ-ਕਰਦਾ ਅੰਦਰ ਦਾਖਲ ਹੋ ਗਿਆ ਤੇ ਅੱਗੇ ਜਾ ਕੇ ਰਾਜਾ ਜਿਹੜਾ ਸੀ ਉਹ ਬੈਠਾ ਹੈ। ਰਾਜਾ ਬੜਾ ਪ੍ਰਸੰਨ ਹੋਇਆ, ਕਿਉਂਕਿ ਤਾਲਾ ਲਾਇਆ ਹੋਇਆ ਹੈ ਰਾਜੇ ਨੇ ਬੋਰੀਆਂ ਰਖਾ ਦਿੱਤੀਆਂ ਅੱਗੇ। ਦ੍ਰਿਸ਼ਟਾਂਤ ਹੈ ਇਹ। ਮਹਾਰਾਜ ਕਹਿੰਦੇ -

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ....॥

ਪੰਨਾ - 205

ਹੁਣ ਤਾਲਾ ਤਾਂ ਲਾ ਦਿੱਤਾ। ਤਾਲੇ ਨੂੰ ਤਾਂ ਕੁੰਜੀ ਨੇ ਖੋਲ੍ਹਣਾ ਹੈ, ਕੁੰਜੀ ਤਲਾਸ਼ ਕਰੋ ਕਿ ਕੁੰਜੀ ਕਿਥੇ ਹੈ, ਕਹਿੰਦੇ -

.... ***ਕੁੰਜੀ ਗੁਰ ਸਉਪਾਈ॥ ਪੰਨਾ - 205***

ਗੁਰੂ ਨੂੰ ਦੇ ਦਿੱਤੀ, ਕੁੰਜੀ ਦੇ ਕੇ ਫੇਰ ਉਸ ਨੇ ਜੁਗਤ ਦੱਸ ਦਿੱਤੀ। ਅੱਗੇ ਜਾਣਾ ਹੈ ਕੁੰਜੀ ਗੁਰੂ ਦੇ ਕੋਲ ਹੈ। ਇਹ ਨਾ ਤਾਂ ਲੋਹੇ ਦੀ ਕੁੰਜੀ ਹੈ, ਨਾ ਨੰਬਰਾਂ ਦੀ ਕੁੰਜੀ ਹੈ, ਇਹ ਅੱਖਰਾਂ ਦੀ ਕੁੰਜੀ ਹੈ। ਸਾਡੇ ਗੁਰੂ ਕੋਲ 4 ਅੱਖਰਾਂ ਦੀ ਕੁੰਜੀ ਹੈ 'ਵਾਹਿਗੁਰੂ' ਦੀ। 'ਵਾਹਿਗੁਰੂ' ਦੀ ਕੁੰਜੀ ਲਾ ਕੇ ਤਾਲੇ ਖੁਲ੍ਹਣੇ ਨੇ। ਪਹਿਲਾਂ ਗੁਰੂ ਧਾਰਨ ਕਰੋ, ਗੁਰੂ ਨੇ ਰਾਹ ਦੱਸ ਦਿੱਤਾ, ਨਾਲ ਚਾਬੀ ਫੜਾ ਦਿੱਤੀ ਕਿ ਲੈ ਆਹ ਚਾਬੀ ਲੈ ਲੈ ਤੇ ਅੰਦਰ ਰਹਿੰਦਾ ਹੈ ਇਸ ਦੇ ਵਿੱਚ। ਆਹ ਸਰੀਰ ਹੈ ਜਿਹੜਾ ਇਹ ਮਿੱਟੀ ਦੀ ਢੇਰੀ ਹੈ। ਰੱਬ ਕਿਤੇ ਬਾਹਰ ਨਹੀਂ ਰਹਿੰਦਾ, ਨਾ ਜੰਗਲਾਂ ਵਿਚ, ਨਾ ਕਿਤੇ ਤੀਰਥਾਂ ਤੇ। ਅਸੀਂ ਕਹਿੰਦੇ ਹਾਂ ਕਿ ਹੇਮਕੁੰਟ ਗੁਰੂ ਸਾਹਿਬ ਰਹਿੰਦੇ ਨੇ। ਕਈ ਕਹਿਣਗੇ ਜੀ! ਉਥੇ ਦਰਸ਼ਨ ਹੋਏ, ਉਹ ਤਾਂ ਭਾਵਨਾ ਹੈ, ਭਾਵਨਾ ਬੜਾ ਕੁਝ ਕਰ ਦਿੰਦੀ ਹੈ। ਫੇਰ ਸਿਧਾਂਤ ਗਲਤ ਹੋ ਜਾਂਦੀ ਹੈ ਗੁਰੂ ਗ੍ਰੰਥ ਸਾਹਿਬ ਦੀ। ਗੁਰੂ ਗ੍ਰੰਥ ਸਾਹਿਬ ਕਹਿੰਦੇ, ਕੋਈ ਥਾਂ ਐਸਾ ਹੈ ਹੀ ਨਹੀਂ ਜਿਥੇ ਪਰਮੇਸ਼ਰ ਨਹੀਂ ਹੈ। ਜੇ ਅਸੀਂ ਉਸ ਨੂੰ ਇਕ ਪੁਰਖੀ ਬਣਾ ਦਿੰਦੇ ਹਾਂ ਤਾਂ ਸੰਸਾਰ ਵਿਚ ਕਿਵੇਂ ਹੈ ਉਹ, ਫੇਰ ਤਾਂ ਹੇਮਕੁੰਟ ਹੀ ਰਹਿ

ਗਏ ਸਾਡੇ ਗੁਰੂ ਸਾਹਿਬ। ਇਥੇ ਤਾਂ ਆਉਂਦੇ ਹੀ ਨਹੀਂ। ਸਾਨੂੰ ਤਾਂ ਭਰਮ ਪੈ ਜਾਣਾ ਹੈ ਕਿ ਗੁਰਦੁਆਰੇ ਜਾ ਕੇ ਕੀਤੀ ਅਰਦਾਸ ਨੂੰ ਕੌਣ ਸੁਣੇਗਾ, ਉਹ ਤਾਂ ਬੜੀ ਦੂਰ ਨੇ ਉਥੇ ਚੱਲ ਕੇ ਕਰੀਏ। ਮਹਾਰਾਜ ਕਹਿੰਦੇ ਜਿਥੇ ਤੂੰ ਹੈ ਉਹ ਹਰ ਥਾਂ ਤੇ ਸੁਣਦਾ ਹੈ, ਹਰ ਥਾਂ ਤੇ ਤੇਰੇ ਨਾਲ ਹੈ, ਬਾਹਰ ਨਹੀਂ ਹੈ -

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥
ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥
ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਖ ਸੁਖੁ ਭਨੀਐ॥
ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥
ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677

ਹੁਣ ਜਿਹੜਾ ਸਾਸ ਸਾਸ ਸਮ੍ਹਾਲਦਾ ਹੈ, ਜਿਧਰ ਵੀ ਅਸੀਂ ਦੇਖਦੇ ਹਾਂ ਉਧਰ ਹੀ ਹੈ। ਉਹ ਇਕ ਥਾਂ ਤੇ ਪਹਾੜਾਂ ਤੇ ਥੋੜ੍ਹਾ ਬੈਠਾ ਹੈ। ਨਿਸ਼ਚੇ ਨੇ ਆਪਣੇ-ਆਪਣੇ, ਥਾਂ ਪੈਂਦਾ ਹੈ ਨਿਸ਼ਚਾ, ਸ਼ਰਧਾ ਦੀ ਬਾਤ ਹੈ ਲੇਕਿਨ ਤੱਤ ਬਾਤ ਹੋਰ ਹੈ ਜਿਹੜੀ ਬਾਅਦ ਵਿਚ ਸਮਝ ਵਿਚ ਆਉਂਦੀ। ਸੋ ਇਸ ਤਰ੍ਹਾਂ ਇਸ ਸਰੀਰ ਵਿਚ ਮਿੱਟੀ ਦੀ ਢੇਰੀ ਦੀ ਚਾਬੀ ਗੁਰੂ ਦਿੰਦਾ ਹੈ। ਕਹਿੰਦਾ ਲੈ 'ਵਾਹਿਗੁਰੂ' ਦਾ ਅੰਮ੍ਰਿਤ ਛਕਦੇ ਹਾਂ, ਸ਼ਰਧਾ ਵਾਲੇ ਬਣਦੇ ਹਾਂ, ਗੁਰੂ ਧਾਰਦੇ ਹਾਂ। ਗੁਰੂ ਕਹਿੰਦਾ ਆਹ ਲੈ ਚਾਬੀ, 4 ਅੱਖਰਾਂ ਦੀ 'ਵਾਹਿਗੁਰੂ' ਦੀ ਇਸ ਨੂੰ ਤੂੰ ਵਾਹਿਗੁਰੂ-ਵਾਹਿਗੁਰੂ ਕਹੀ ਜਾਹ, ਹੁਣ ਤੂੰ ਇਸ ਢੇਰੀ ਦੇ ਵਿਚ ਵੜ। ਸੰਤਾਂ ਨੇ ਤੁਹਾਨੂੰ ਦਸਿਆ ਹੈ ਕਿ ਪਹਿਲਾਂ 'ਬੈਖਰੀ ਬਾਣੀ' ਨਾਲ ਨਾਮ ਜਪੋ। ਜਦੋਂ 'ਮੱਧਮਾ' ਵਿਚ ਜਾਵੋਗੇ ਉਸ ਦਾ ਫਲ ਵਧ ਜਾਣਾ ਹੈ ਸੈਂਕੜੇ ਗੁਣਾ। ਜਦੋਂ ਅਸੀਂ ਹਿਰਦੇ ਦੀ ਬਾਣੀ ਵਿਚ ਜਾਵਾਂਗੇ, ਉਥੇ ਨਾ ਬੁੱਲ੍ਹਾਂ ਨੇ ਹਿਲਣਾ ਹੈ, ਨਾ ਬੋਲ ਨੇ ਨਿਕਲਣਾ ਹੈ, ਨਾ ਕੁਝ ਹੋਣਾ ਹੈ ਉਥੇ ਆਪਣੇ ਆਪ ਹੀ ਨਾਮ ਜਪ ਹੁੰਦਾ ਹੈ, ਸਿਰਫ ਅਸੀਂ ਸੁਣਦੇ ਹਾਂ ਉਥੇ ਜੱਪਣ ਵਾਲਾ ਕੋਈ ਨਹੀਂ ਹੁੰਦਾ, ਨਾਮ ਦੀ ਧੁਨ ਸੁਣਦੀ ਹੈ। ਉਸ ਨਾਮ ਦੀ ਧੁਨ ਵਿਚ ਜਦੋਂ ਅਸੀਂ ਮਸਤ ਜਾਂਦੇ ਹਾਂ ਤਾਂ ਡੂੰਘੀ ਖਾਮੋਸ਼ੀ। ਵਿਚ ਚਲੇ ਜਾਂਦੇ ਹਾਂ ਜਿਥੇ ਨਾ ਸੰਸਾਰ ਹੈ ਨਾ ਮਾਇਆ ਹੈ, ਨਾ ਤੂੰ ਹੈ। ਸੁਰਤ ਜਿਹੜੀ ਹੈ ਉਹ ਐਸੇ ਥਾਂ ਚਲੀ ਜਾਂਦੀ ਹੈ ਜਿਥੇ ਹੋਂਦ ਹੈ। ਸੋ ਇਹ ਖੁਲ੍ਹਦੀ ਇਵੇਂ ਜਿਵੇਂ ਹੈ। ਜਦੋਂ ਆਦਮੀ ਅੰਦਰ ਜਾਂਦਾ ਹੈ ਅਨਹਦ ਵਾਜਿਆਂ ਨਾਲ ਵਾਹ ਪੈਂਦਾ ਹੈ-

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥
ਪੰਨਾ - 954

ਗੁਰੂ ਦੇ ਸ਼ਬਦ ਨਾਲ ਖੁੱਲ੍ਹਦਾ ਹੈ, ਆਏਂ ਨਹੀਂ ਬਜਰ ਕਪਾਟ ਖੁਲ੍ਹਦੇ। ਆਏਂ ਪੜ੍ਹ ਲਓ -

ਧਾਰਨਾ - ਖੁਲ੍ਹਦੇ ਨੇ ਬਜਰ ਕਪਾਟ,
ਸਤਿਨਾਮ ਜਪ ਕੇ, ਵਾਹਿਗੁਰੂ ਜਪ ਕੇ -2, 2.
ਖੁਲ੍ਹਦੇ ਨੇ ਬਜਰ ਕਪਾਟ,
ਸਤਿਨਾਮ ਜਪ ਕੇ, ਵਾਹਿਗੁਰੂ ਜਪ ਕੇ -2, 4.

ਬਜਰ ਕਪਾਟ ਨ ਖੁਲਨੀ ਗੁਰਸਬਦ ਖੁਲੀਜੈ॥
ਪੰਨਾ - 954

ਕਿਸੇ ਉਪਾਅ ਨਾਲ ਨਹੀਂ ਖੁੱਲ੍ਹਦੇ, ਕਿਉਂਕਿ ਚਾਬੀ ਨਹੀਂ ਲੱਗੀ। ਚਾਬੀ ਫੜਾ ਦਿੱਤੀ ਗੁਰੂ ਨੇ ਕਿ ਤੂੰ ਅੰਦਰ ਵੜ ਇਸ ਦੇ, ਮੰਤਰ ਲੈ ਲਿਆ ਗੁਰੂ ਤੋਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾਂਦੇ ਹਾਂ, ਬਾਣੀ ਪੜ੍ਹੀ ਜਾਂਦੇ ਹਾਂ ਉਚੀ ਗਾ ਕੇ। ਇਸ ਦੇ ਨਾਲ ਕੀ ਹੁੰਦਾ ਹੈ ਮਨ ਕੇਂਦਰ ਤੇ ਆ ਜਾਂਦਾ ਹੈ। ਹੁਣ ਮਹਾਤਮਾ ਦਸਦੇ ਨੇ ਕਿ ਤੂੰ ਅੰਦਰ ਵੜ ਤੈਨੂੰ ਜੁਗਤ ਦਸ ਦਿੰਦੇ ਹਾਂ ਅਸੀਂ। ਜੁਗਤ ਬਿਨਾ ਨਹੀਂ ਪਤਾ ਲਗਦਾ। ਹੁਣ ਸੁਆਸ ਸਾਨੂੰ ਆਉਂਦਾ ਹੈ, ਨਾਸਕਾ ਵਿਚੀਂ ਆਉਂਦਾ ਹੈ, ਇਥੇ ਖੜ੍ਹ ਜਾਓ ਪਹਿਰੇਦਾਰ ਬਣਕੇ ਕਿ ਮੈਨੂੰ ਗੁਰੂ ਨੇ ਦਿੱਤਾ ਨਾਮ ਤੇ ਮੈਂ ਕੋਈ ਸੁਆਸ ਨਾਮ ਤੋਂ ਬਗੈਰ ਅੰਦਰ ਨਹੀਂ ਜਾਣ ਦੇਣਾ, ਰੋਕ ਦੇਣਾ ਹੈ ਇਥੇ ਹੀ ਜੇ ਉਹ ਨਾ ਨਾਮ ਲੈ ਕੇ ਅੰਦਰ ਨੂੰ ਗਿਆ। ਹੁਣ ਸਾਹ ਅੰਦਰ ਨੂੰ ਆਉਂਦਾ ਹੈ ਤਾਂ 'ਵਾਹਿ' ਕਹੀ ਜਾਓ ਜਦੋਂ ਬਾਹਰ ਨੂੰ ਆਉਂਦਾ ਹੈ ਫੇਰ ਖਾਲੀ ਨਾ ਆਉਣ ਦਿਓ ਫੇਰ 'ਗੁਰੂ' ਕਹਿ ਕੇ ਬਾਹਰ ਕੱਢੋ।

ਦੂਜਾ ਇਸ ਦੇ ਵਿਚ ਇਹ ਹੁੰਦਾ ਹੈ ਹੋਰ ਸੁਰਤੀ ਨੂੰ ਇਕਾਗਰ ਕਰਨ ਵਾਸਤੇ ਜੇ ਸੱਜੀ ਨਾਸਕਾ ਤੋਂ 'ਵਾਹਿ' ਕਿਹਾ ਹੈ ਤਾਂ 'ਗੁਰੂ' ਖੱਬੀ ਨਾਸਕਾ ਰਾਹੀਂ ਕੱਢਣਾ ਹੈ ਫੇਰ 'ਗੁਰੂ' ਵਾਲੇ ਪਾਸੇ ਤੋਂ 'ਵਾਹਿ' ਕਹਿਣਾ ਹੈ ਦੂਜੇ ਪਾਸੇ ਗੁਰੂ ਕਹਿਣਾ ਹੈ। ਜਿਵੇਂ ਅਸੀਂ ਮਧਾਣੀ ਨਾਲ ਦੁਧ ਰਿੜਕਦੇ ਹਾਂ ਇਸ ਤਰ੍ਹਾਂ ਰਿੜਕਣੇ ਵਾਂਗ ਉਸ ਨੂੰ ਕਰਨਾ ਹੈ। ਜਿਹੜਾ ਵਾਹਿਗੁਰੂ ਮੰਤਰ ਹੈ ਇਸ ਦੇ ਵਿਚ ਸ਼ਕਤੀ ਹੈ, ਉਸ ਦੇ ਨਾਲ ਕੀ ਹੋਏਗਾ? 15-20 ਸੁਆਸਾਂ ਤੋਂ ਬਾਅਦ ਹੀ ਰਸ ਆ ਜਾਣਾ ਸ਼ੁਰੂ ਹੋ ਜਾਏਗਾ। 'ਵਾਹਿਗੁਰੂ' ਦੀ ਜਿਹੜੀ ਸ਼ਕਤੀ ਹੈ ਉਹ ਅੰਦਰ ਜਾਣ ਲੱਗ ਜਾਏਗੀ ਉਸੇ ਵੇਲੇ ਮਨ ਜਿਹੜਾ ਹੈ ਇਹ ਕਿਸੇ ਚੀਜ਼ ਦੇ ਨਾਲ ਪਰਚਦਾ ਹੈ, ਮਨ ਇਸ ਰਸ ਨਾਲ ਪਰਚ ਜਾਏਗਾ ਕਿਉਂਕਿ ਅਸੀਂ ਪਹਿਰਾ ਲਾ ਦਿੱਤਾ ਕਿ ਕੋਈ ਸੁਆਸ ਨਾਮ ਤੋਂ ਬਿਨਾਂ ਅੰਦਰ ਨਹੀਂ ਜਾਣ ਦੇਣਾ। ਕਰਕੇ ਦੇਖ ਲਇਓ, ਬੜਾ ਸੁਖਾਲਾ ਹੈ। ਮੈਂ ਤਾਂ ਕਹਿ ਦਿੰਦਾ ਹਾਂ ਕਿਉਂਕਿ ਇਹ ਲੱਭਣਾ ਹੀ ਨਹੀਂ ਸਮਾਂ। ਨਾ ਤੁਹਾਨੂੰ ਲੱਭੇ ਨਾ ਮੈਨੂੰ ਲੱਭੇ। ਨਾ ਮੈਂ ਗੱਲ ਕਰ ਸਕਾਂ, ਨਾ ਤੁਸੀਂ ਸੁਣ ਸਕੋ ਇਹ ਗੱਲਾਂ। ਇਹ ਗੁਪਤ ਗੱਲਾਂ ਨੇ ਕਲਜੁਗ ਆ ਗਿਆ ਬਹੁਤਾ, ਭੁਚਾਲ ਪੈ ਗਿਆ ਗੱਲਾਂ ਦਾ ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ ਉਹ ਰਸਤਾ ਹੀ ਜਾਂਦਾ ਰਿਹਾ। ਮਹਾਰਾਜ ਕਹਿੰਦੇ -

ਸਾਸਿ ਸਾਸਿ ਸਿਮਰਹੁ ਗੋਬਿੰਦ॥ ਪੰਨਾ - 295

ਕੋਈ ਸੁਆਸ ਖਾਲੀ ਨਾ ਜਾਣ ਦਿਓ। ਉਸ ਦੇ ਨਾਲ ਕੀ ਹੋਏਗਾ ਸੁਰਤ ਇਕਾਗਰ ਹੋਣ ਲੱਗ ਜਾਏਗੀ ਫੇਰ ਕੀ ਹੋਏਗਾ? ਆਵਾਜ਼ ਤਾਂ ਤੁਹਾਨੂੰ 'ਵਾਹਿਗੁਰੂ' ਓਵੇਂ ਜਿਵੇਂ

ਸੁਣੇਗੀ ਲੇਕਿਨ ਨਾਸਕਾ ਤੋਂ ਪਹਿਰਾ ਹਟ ਜਾਏਗਾ। ਹੁਣ ਪਹਿਰਾ ਕਿਥੇ ਚਲੇ ਗਿਆ? ਅੰਦਰ ਚਲਿਆ ਗਿਆ ਧੁਨ ਦੇ ਵਿਚ ਧਿਆਨ ਆ ਗਿਆ –

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥ ਪੰਨਾ – 879

ਜਦੋਂ ਇਥੇ ਗਿਆ ਤਾਂ ਗੁਰੂ ਦੇ ਸ਼ਬਦ ਨੇ ਟੱਕਰ ਮਾਰਨੀ ਹੈ ਉਸ ਨੇ ਬਜਰ ਕਪਾਟ ਖੋਲ੍ਹ ਦੇਣੇ ਨੇ। ਜਦੋਂ ਬੱਜਰ ਕਪਾਟ ਖੁੱਲ੍ਹੇ, ਉਸੇ ਵੇਲੇ –

ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥
ਪੰਨਾ – 954

ਰੂਹਾਨੀ ਸੰਗੀਤ ਜਿਹੜਾ ਹੈ ਤੁਹਾਡੇ ਅੰਦਰ ਵੱਜਣਾ ਸ਼ੁਰੂ ਹੋ ਜਾਣਾ ਹੈ ਉਸੇ ਵੇਲੇ, ਬਗੈਰ ਵਜਾਇਆ ਵਾਜੇ ਪੰਜ ਨਹੀਂ ਬੇਅੰਤ, ਪਤਾ ਨਹੀਂ ਕਿੰਨੇ ਹੁੰਦੇ ਨੇ।

ਇਥੇ ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਏ ਨੇ ਆਪਣੇ ਗੁਰਦਵਾਰੇ। ਵੱਡੇ ਬੰਦਿਆਂ ਨੂੰ ਪਤਾ ਹੋਏਗਾ ਮੈਂ ਉਦੋਂ 5ਵੀਂ 6ਵੀਂ ਵਿਚ ਪੜ੍ਹਦਾ ਸੀ। ਉਹ ਕੀਰਤਨ ਕਰਕੇ ਹਟੇ, ਮੈਂ ਝੂਲੀ ਜਾਵਾਂ ਉਸੇ ਤਰ੍ਹਾਂ। ਉਹ ਪ੍ਰਸ਼ਾਦਾ ਛਕਦੇ ਸੀ ਮੈਂ ਫੇਰ ਵੀ ਓਵੇਂ ਜਿਵੇਂ ਕਰੀ ਜਾਵਾਂ ਸਾਹਮਣੇ ਬੈਠਾ, ਪ੍ਰਸ਼ਾਦਾ ਛਕ ਕੇ ਮੈਨੂੰ ਕਹਿਣ ਲਗੇ, "ਨਿੱਕਿਆ! ਮੇਰੇ ਕੋਲ ਆ।"

ਮੈਂ ਗਿਆ, ਉਨ੍ਹਾਂ ਨੇ ਗੋਦੀ ਵਿਚ ਬਿਠਾ ਲਿਆ।

ਕਹਿੰਦੇ, "ਕੀ ਗੱਲ ਐਨਾ ਝੂਮਦਾ ਸੀ?"

ਮੈਂ ਕਿਹਾ, "ਮੈਂ ਵਾਜੇ ਸੁਣਦਾ ਸੀ ਅੰਦਰ।" ਨਿਆਣੇ ਨੂੰ ਕੀ ਪਤਾ ਹੁੰਦਾ ਹੈ ਕਿ ਗੱਲ ਕਹਿਣੀ ਹੈ ਜਾਂ ਨਹੀਂ ਕਹਿਣੀ, 10–11 ਸਾਲ ਦਾ ਸੀ।

ਕਹਿੰਦੇ, "ਕੋਈ ਸ਼ਬਦ ਵੀ ਸੁਣਦਾ ਸੀ?"

ਮੈਂ ਕਿਹਾ, "ਹਾਂ! ਮਨ ਬੈਰਾਗ ਭਇਆ ਦਰਸ਼ਨ ਦੇਖਣੇ ਕਾ ਚਾਓ। ਇਹ ਵੀ ਸ਼ਬਦ ਸੁਣਦਾ ਸੀ।" ਮੈਨੂੰ ਘੁੱਟ ਕੇ ਫੜ ਲਿਆ।

ਕਹਿੰਦੇ, "ਜਾਓ! ਸਾਰੇ ਸਿੰਘਾਂ ਨੂੰ ਬੁਲਾਓ।' ਸਾਰੇ ਇਕੱਠੇ ਕਰ ਲਏ ਮੁੜ ਕੇ ਫੇਰ ਮੈਨੂੰ ਪੁਛਿਆ।

ਕਹਿੰਦੇ, "ਆਹ ਜਿਹੜੀ ਚੀਜ਼ ਹੈ ਨਾਂਹ! ਇਸ ਨੂੰ ਪੁਛੋ ਕਿ ਕਿਹੜੇ ਕਿਹੜੇ ਸੀ?"

ਮੈਂ ਕਿਹਾ, "ਮੈਨੂੰ ਇਉਂ ਕੋਈ ਪਤਾ ਨਹੀਂ ਹੈ ਕਿਹੜੇ-ਕਿਹੜੇ ਸੀ ਧੁਮਕਾਰ ਪਈ ਹੋਈ ਸੀ।"

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥
ਪੰਨਾ – 1291

ਇਹ ਵਾਸਤਵਿਕ ਬਾਤਾਂ ਨੇ ਇਹ ਕੋਈ ਖਿਆਲੀ ਨਹੀਂ ਹਨ ਐਵੇਂ ਗੱਲਾਂ ਬਾਤਾਂ ਦੀਆਂ। ਨਾਮ ਦੇ ਨਾਲ ਜਿਸ ਵਕਤ ਚਾਬੀ ਲੱਗ ਜਾਂਦੀ ਹੈ ਫੇਰ ਅਨਹਦ ਵਾਜੇ ਸੁਣਦੇ ਹਨ, ਫੇਰ ਕੀ ਹੁੰਦਾ ਹੈ –

ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥
ਪੰਨਾ – 954

ਪ੍ਰਕਾਸ ਹੋ ਜਾਂਦਾ ਹੈ ਜੋਤ ਜਗ ਜਾਂਦੀ ਹੈ। ਉਥੋਂ ਹੁਣ ਰੱਬ ਦੇ ਦਰ ਤੇ ਕਿਵੇਂ ਪਹੁੰਚਣਾ ਹੈ ਰੱਬ ਦਿਸ ਤਾਂ ਗਿਆ ਕਿ ਸਾਰੇ ਹੈ, ਮੇਰੇ ਅੰਦਰ ਵੀ ਹੈ ਕਹਿੰਦੇ –

ਹੁਣ divotion (ਸ਼ਰਧਾ-ਭਗਤੀ) ਦੇ ਨਾਲ ਚੱਲ ਇਥੇ, ਭਗਤੀ ਦੇ ਨਾਲ, ਪਿਆਰ ਦੇ ਨਾਲ ਚਲ, ਪਿਆਰ ਤੋਂ ਬਿਨਾਂ ਨਹੀਂ ਤੂੰ ਉਥੇ ਪਹੁੰਚ ਸਕਦਾ। ਜਦੋਂ ਤੂੰ ਆਪਾ ਵੇਚ ਦਏਂਗਾ, ਪਿਆਰ ਦੇ ਨਾਲ –

ਨਾਨਕ ਨਦਰੀ ਨਦਰਿ ਨਿਹਾਲ॥ ਪੰਨਾ – 8

ਨਦਰ ਹੋ ਜਾਏਗੀ। ਸੋ ਇਹ ਰਸਤਾ ਹੈ, ਬੜੇ ਹੀ ਸੰਖੇਪ ਦੇ ਵਿਚ ਮੈਂ ਬੇਨਤੀ ਕਰੀ ਹੈ ਜਿਨ੍ਹਾਂ ਨੇ ਚਲਣਾ ਹੈ ਚੱਲ ਲਓ ਐਨਾ ਹੀ ਬਹੁਤ ਹੈ ਜੇ ਐਥੇ ਤੱਕ ਵੀ ਪਹੁੰਚ ਜਾਓ, ਅੱਗੇ ਦੀਆਂ ਗੱਲਾਂ ਤਾਂ ਬਹੁਤੀਆਂ ਗੂੜ੍ਹੀਆਂ ਹੁੰਦੀਆਂ ਹਨ ਕਈ ਜਨਮਾਂ ਤੋਂ ਬਾਅਦ ਮਹਾਂਪੁਰਸ਼ ਦਸਦੇ ਨੇ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਤੂੰ ਅੰਦਰ ਲੱਭ –

ਕਾਇਆ ਨਗਰੁ ਨਗਰ ਗੜ ਅੰਦਰਿ॥
ਸਾਚਾ ਵਾਸਾ ਪੁਰਿ ਗਗਨੰਦਰਿ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥
ਪੰਨਾ – 1033

ਆਹ ਜਿਹੜਾ ਸਰੀਰ ਹੈ ਨਾਹ, ਦੱਸ ਦਿੱਤਾ ਕਿ ਗਗਨੰਦਰ ਪਹੁੰਚ, ਗਗਨ ਵਿਚ। ਗਗਨ ਹੈ ਦਸਵਾਂ ਦੁਆਰ ਜਿਥੇ ਸ਼ਾਂਤ ਹੈ deep silence (ਪੂਰਨ ਸ਼ਾਤੀ) ਹੈ। ਉਥੇ ਪਹੁੰਚ ਉਥੇ ਵਾਹਿਗੁਰੂ ਤੇਰੇ ਅੰਦਰ ਬੈਠਾ ਤੇਰਾ ਇੰਤਜਾਰ ਕਰ ਰਿਹਾ ਹੈ ਕਿ ਕਦੋਂ ਆਏਗਾ, ਖਰਬਾਂ-ਖਰਬਾਂ ਸਾਲ ਤਾਂ ਹੋ ਗਏ ਤੈਨੂੰ ਵਿਛੜੇ ਨੂੰ ਦਰਵਾਜ਼ਾ ਉਸ ਨੇ ਬੰਦ ਕਰ ਦਿਤਾ, ਹਨ੍ਹੇਰਾ ਹੋ ਗਿਆ –

ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੇ ਭਾਗਿ ਮਿਲਾਵਣਿਆ॥ ਪੰਨਾ – 124

ਪੂਰੇ ਭਾਗ ਹੋਣ ਤਾਂ ਗੁਰੂ ਮਿਲਦਾ ਹੈ, ਉਹ ਕੁੰਜੀ ਦੇ ਦਿੰਦਾ ਹੈ। ਜਦੋਂ ਕੁੰਜੀ ਮਿਲ ਜਾਵੇ ਫੇਰ ਚੜ੍ਹਾਈ ਕਰਨੀ ਹੈ, ਇੰਜ ਥੋੜ੍ਹਾ ਹੈ ਕਿ ਕੁੰਜੀ ਲੈ ਕੇ ਰਖ ਦਿੱਤੀ। ਅਸੀਂ ਕੀ ਕਰਦੇ ਹਾਂ, ਪੰਜ ਪਿਆਰੇ ਦੱਸ ਦਿੰਦੇ ਨੇ ਕਿ ਆਹ ਭਾਈ ਵਾਹਿਗੁਰੂ ਮੰਤਰ ਹੈ, ਆਹ ਮੂਲ ਮੰਤਰ ਹੈ, ਉਹ ਲੈ ਲੈਂਦੇ ਹਾਂ, ਘਰ ਵਿਚ ਲਿਜਾ ਕੇ ਰੱਖ ਦਿੰਦੇ ਹਾਂ। ਤਰੱਕੀ ਤਾਂ ਹੋਣੀ ਨਹੀਂ ਜੇ ਵਰਤੋਂਗੇ ਨਹੀਂ। ਪੰਜ ਪਿਆਰੇ ਪੂਰੀ ਤਰ੍ਹਾਂ ਨਹੀਂ

ਸਮਝਾਉਂਦੇ, ਆਹ ਗੁਰਮੰਤਰ ਹੈ ਆਹ ਮੂਲ ਮੰਤਰ ਹੈ। ਹੁਣ ਅਗੇ ਜੇ ਵਿਚਾਰਿਆਂ ਨੂੰ ਆਪ ਪਤਾ ਹੋਵੇ ਤਾਂ ਗੱਲ ਕਰਨ। ਇਸ ਕਰਕੇ ਬਹੁਤ ਕੰਮ ਖਰਾਬ ਹੋ ਰਿਹਾ ਹੈ, ਅੰਮ੍ਰਿਤ ਤਾਂ ਅਸੀਂ ਛਕਾਈ ਜਾਂਦੇ ਹਾਂ ਪਰ ਜੇ ਪੁਛੋ ਕਿ ਮੰਤਰ ਕੀ ਹੈ? ਕਹਿੰਦੇ ਜੀ ਮੈਂ ਤਾਂ ਫਲਾਣੇ ਥਾਂ ਤੋਂ ਲਿਆ ਹੈ ਜਾ ਕੇ! ਮੰਤਰ ਤਾਂ ਤੈਨੂੰ ਗੁਰੂ ਨੇ ਦੇ ਦਿੱਤਾ, ਹੋਰ ਕਿਥੋਂ ਤੈਨੂੰ ਲੋੜ ਹੈ ਮੰਤਰ ਦੀ ਤੇ ਸਭ ਤੋਂ ਸ੍ਰੇਸ਼ਟ ਮੰਤਰ ਹੈ, ਸੁਖਾਲਾ। ਇਸ ਦੀ ਧੁਨ ਬਣਦੀ ਹੈ, ਹੋਰ ਮੰਤਰ ਦੀ ਧੁਨ ਨਹੀਂ ਬਣਦੀ 'ਅਲ੍ਹਾ ਹੂ' ਦੀ ਧੁਨ ਨਹੀਂ ਬਣਦੀ, 'ਨਾਰਾਇਣ' ਦੀ ਧੁਨ ਨਹੀਂ ਬਣਦੀ, ਰਾਮ-ਰਾਮ ਦੀ ਧੁਨ ਨਹੀਂ ਬਣਦੀ। ਇਹ 'ਵਾਹਿਗੁਰੂ' ਦੀ ਬਣਦੀ ਹੈ ਬਹੁਤ ਹੀ ਵਧੀਆ ਧੁਨ। ਉਸ ਧੁਨ ਵਿਚ ਜਦੋਂ ਧਿਆਨ ਹੈ -

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥ ਪੰਨਾ - 879

ਸੋ ਇਸ ਤਰ੍ਹਾਂ ਦੇ ਨਾਲ ਉਸ ਮਹਾਤਮਾ ਨੇ ਕਿਹਾ ਓ ਬਾਬਾ ਫਰੀਦ! ਤੇਰਾ ਤਪ ਬਹੁਤ ਹੈ ਪਰ ਤੂੰ ਦੇਖ ਭੀਤਰ -

ਅੰਦਰਿ ਕੋਟ ਛਜੇ ਹਟਨਾਲੇ॥
ਆਪੇ ਲੇਵੈ ਵਸਤੁ ਸਮਾਲੇ॥
ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥
ਪੰਨਾ - 1033

ਜਾਹ ਮੁਰਸ਼ਦ-ਏ-ਕਾਮਲ ਤੋਂ ਸ਼ਬਦ ਲੈ। ਉਹ ਤੈਨੂੰ ਮੰਤਰ ਦੇਏਗਾ। ਉਸ ਮੰਤਰ ਦੇ ਨਾਲ ਤੇਰੇ ਬਜਰ ਕਪਾਟ ਖੁੱਲ੍ਹਣੇ ਨੇ -

ਭੀਤਰਿ ਕੋਟ ਗੁਫਾ ਘਰ ਜਾਈ॥
ਨਉ ਘਰ ਥਾਪੇ ਹੁਕਮਿ ਰਜਾਈ॥ ਪੰਨਾ - 1033

ਜਦੋਂ ਨੌਂਏਂ ਦਰਵਾਜਿਆਂ ਨੂੰ ਤੂੰ ਬੰਦ ਕਰ ਲਏਂਗਾ, ਆਪਣੀ ਮਰਜ਼ੀ ਦੇ ਮੁਤਾਬਕ ਕਰ ਲਏਂਗਾ, ਅੱਖਾਂ ਪਰਾਇਆ ਰੂਪ ਨਹੀਂ ਦੇਖਣਗੀਆਂ, ਜੁਬਾਨ ਝੂਠ ਨਹੀਂ ਬੋਲੇਗੀ, ਕੰਨ ਗੰਦੇ ਗੀਤ ਨਹੀਂ ਸੁਣਨਗੇ, ਤੇ ਜੀਭ ਜਿਹੜੀ ਹੈ ਉਹ ਨਾਮ ਰਸ ਤੋਂ ਬਿਨਾਂ ਹੋਰ ਰਸਾਂ ਵਿਚ ਨਹੀਂ ਪਰਚੇਗੀ, ਜਿਹੜਾ ਸਪਰਸ਼ ਹੈ ਇਸ ਨੂੰ ਲੋੜ ਨਹੀਂ ਕਿਸੇ ਦੀ, ਅੰਦਰ ਹੀ ਤੇਰੇ ਐਨਾ ਅਨੰਦ ਆ ਜਾਣਾ ਹੈ ਤੈਨੂੰ ਲੋੜ ਹੀ ਨਹੀਂ ਕਿਸੇ ਚੀਜ਼ ਦੀ ਰਹਿਣੀ। ਉਹ ਨੌਂਏਂ ਘਰ ਥਾਪ ਦਿੱਤੇ, ਠਾਕ ਦਿੱਤੇ ਜਿਵੇਂ ਮੰਤਰ ਪੜ੍ਹ ਕੇ ਠਾਕਦੇ ਹਾਂ, ਮੰਤਰ ਠਾਕਦਾ ਹੀ ਹੈ। ਫੇਰ ਕਹਿੰਦੇ -

ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥
ਪੰਨਾ - 1033

ਜਿਸ ਨੂੰ ਟੋਲ੍ਹਦਾ ਫਿਰਦਾ ਹੈਂ ਉਹ ਤੇਰੇ ਅੰਦਰ ਹੀ ਲੱਭ ਜਾਣਾ ਹੈ, ਜਾਹ ਮੁਰਸ਼ਦ-ਏ-ਕਾਮਲ ਕੋਲ। ਅੱਖਾਂ ਖੁੱਲ੍ਹ ਗਈਆਂ ਬਾਬੇ ਫਰੀਦ ਦੀਆਂ ਕਿ 36 ਸਾਲ ਗੁਆ ਲਏ, ਮੈਂ ਤਾਂ 12 ਸਾਲ ਦਾ ਇਕ ਤਪ, 12 ਸਾਲ ਦਾ ਇਕ, 12 ਸਾਲ ਦਾ ਇਕ ਹੋਰ। ਮੁਰਸ਼ਦ-ਏ-ਕਾਮਲ ਦੀ ਖੋਜ ਵਿਚ ਚਲਿਆ ਗਿਆ। ਕਹਿੰਦਾ, "ਮੈਨੂੰ ਦੱਸ ਤਾਂ ਦਿਓ ਕਿਰਪਾ ਕਰਕੇ।"

ਕਹਿੰਦੇ, "ਤੇਰਾ ਜਿਹੜਾ ਭੰਡਾਰਾ ਹੈ ਨਾਂਹ ਉਹ ਬਖਤਿਆਰ ਕਾਕੀ ਕੋਲ ਹੈ। ਮਅਯੂਦੀਨ ਦਾ ਜੋ ਸੇਵਕ ਹੈ ਬਖਤਿਆਰ ਕਾਕੀ ਉਸ ਦੀ ਉਮਰ ਵੱਡੀ ਹੋ ਗਈ। ਤੇਰਾ ਭੰਡਾਰਾ ਉਥੇ ਪਿਆ ਹੈ ਜਾਹ ਲੈ ਲੈ ਜਾਕੇ।"

ਅਜਮੇਰ ਸ਼ਰੀਫ ਪਹੁੰਚ ਗਿਆ। ਉਥੇ ਬਖਤਿਆਰ ਕਾਕੀ ਮੁਰਸ਼ਦ ਜੋ ਹੈ ਉਹ ਬੱਚਿਆਂ ਨਾਲ ਖੇਡ ਰਿਹਾ ਹੈ। ਕਹਿੰਦਾ ਇਹ ਬੱਚਿਆਂ ਨਾਲ ਖੇਡ ਰਿਹਾ ਹੈ। ਮੌਜ ਹੈ ਉਸਦੀ, ਪਹੁੰਚਿਆ ਹੋਇਆ ਪੁਰਸ਼ ਇਉਂ ਨਹੀਂ ਹੈ ਕਿ ਉਹ ਸਮਾਧੀਆਂ ਲਾਈ ਬੈਠਾ ਹੈ। ਉਸਨੂੰ ਹਰ ਥਾਂ ਤੇ ਵਾਹਿਗੁਰੂ ਨਜ਼ਰ ਆਉਂਦਾ ਹੈ, ਉਹ ਤਾਂ ਰਹਿੰਦਾ ਹੀ ਪ੍ਰਮੇਸ਼ਰ ਵਿਚ ਹੈ। ਸ਼ਬਦ ਉਥੇ ਆਪੇ ਹੀ ਚਲਦਾ ਹੈ, ਚਲਾਉਣ ਦੀ ਲੋੜ ਨਹੀਂ ਹੈ। ਆਪਣੇ ਆਪ ਹੀ ਚਲਦਾ ਹੈ। ਉਥੇ ਗਿਆ ਤਾਂ ਉਹ ਗੇਂਦ ਮਾਰਦਾ ਹੈ ਬੱਚੇ ਨੱਠ ਕੇ ਚੁਕ ਲਿਆਉਂਦੇ ਨੇ। ਜਦੋਂ ਇਸ ਦੇ ਗਏ ਤੋਂ ਗੇਂਦ ਉਪਰ ਮਾਰੀ ਤਾਂ ਬਾਬੇ ਫਰੀਦ ਨੇ ਗੇਂਦ ਉਤੇ ਹੀ ਰੋਕ ਦਿੱਤੀ। ਉਸਨੇ ਦੇਖਿਆ ਕਿ ਗੇਂਦ ਥੱਲੇ ਨਹੀ ਆਈ, ਆਲਾ ਦੁਆਲਾ ਦੇਖਿਆ, ਕਹਿੰਦੇ ਆਹ ਨਵਾਂ ਆਇਆ ਹੈ, ਇਸ ਨੇ ਰੋਕੀ ਹੈ। ਖੇਲ੍ਹ ਸਮਾਪਤ ਕਰ ਦਿੱਤੀ, ਗੇਂਦ ਥੱਲੇ ਲਾਹ ਲਈ।

ਕਹਿਣ ਲੱਗੇ, "ਕਿਵੇਂ ਆਇਆ ਹੈ? ਕੌਣ ਹੈ ਤੂੰ?"

ਕਹਿਣ ਲੱਗਿਆ, "ਮੈਂ ਤੁਹਾਨੂੰ ਮੁਰਸ਼ਦ ਬਣਾਉਣ ਆਇਆ ਹਾਂ।"

ਕਹਿੰਦੇ, "ਮੇਰਾ ਮੁਰਸ਼ਦ ਬਣਨ ਆਇਆ ਹੈ ਜਾਂ ਮੁਰਸ਼ਦ ਬਣਾਉਣ ਆਇਆ ਹੈਂ? ਜਾਹ ਫੇਰ ਆਈਂ।"

ਵਿਚਾਰਾ ਬੜਾ ਪਛਤਾਇਆ, ਫੇਰ ਆ ਗਿਆ। ਉਸ ਦਿਨ ਇਸਦਾ ਮੁਰਸ਼ਦ ਬਖਤਿਆਰ ਕਾਕੀ ਇਕ ਦਰਖਤ ਦੇ ਥੱਲ੍ਹੇ ਬੈਠਾ ਸੀ। ਜਿਸ ਤੇ ਪੱਤਾ ਨਹੀਂ ਸੀ ਕੋਈ, ਉਹ ਡੁੰਡ ਬਣਿਆ ਹੋਇਆ ਸੀ। ਜੇਠ ਦਾ ਮਹੀਨਾ ਸੀ। ਇਸ ਨੇ ਕਿਹਾ ਕਿ ਸਵੇਰੇ ਬੈਠਾ ਹੋਏਗਾ ਆ ਕੇ ਤੇ ਹੁਣ ਧੁੱਪ ਦੇਖੋ ਕਿੰਨੀ ਲੱਗ ਰਹੀ ਹੈ, ਮੈਂ ਸੇਵਾ ਕਰਾਂ। ਇਕ ਨਿਗ੍ਹਾ ਕਰੀ, ਦਰਖਤ ਹਰਾ-ਭਰਾ ਕਰ ਦਿੱਤਾ। ਜਦੋਂ ਉਸਨੇ ਦੇਖਿਆ ਕਿ ਇਹ ਦਰਖਤ ਕਿਉਂ ਹਰਾ ਹੋ ਗਿਆ। ਉਤੇ ਨੂੰ ਦੇਖਿਆ ਸਭ ਪੱਤੇ ਹੀ ਪੱਤੇ ਆ ਗਏ, ਨਾਲ ਦੇਖਿਆ ਕਿ ਉਸ ਦਿਨ ਵਾਲਾ ਹੀ ਫੇਰ ਗਿਆ। ਇਕ ਨਿਗ੍ਹਾ ਕਰੀ ਦਰਖਤ ਮੁੜ ਕੇ ਡੁੰਡ ਫੇਰ ਬਣਾ ਦਿੱਤਾ। ਬੁਲਾਇਆ ਕੋਲ।

ਕਹਿੰਦੇ, "ਕਿਵੇਂ ਆਇਆ ਹੈਂ?"

ਕਹਿੰਦਾ, "ਮੈਂ ਤਾਂ ਮਹਾਰਾਜ! ਤੁਹਾਨੂੰ ਮੁਰਸ਼ਦ ਧਾਰਨਾ ਹੀ ਧਾਰਨਾ ਹੈ, ਮੈਨੂੰ ਕੋਈ ਲੱਭਿਆ ਨਹੀਂ ਤੁਹਾਡੇ ਵਰਗਾ।"

ਕਹਿੰਦੇ, "ਫੇਰ! ਨਾਉਂ ਕੀ ਹੈ?"

ਕਹਿੰਦਾ, "ਫਰੀਦ।"

ਕਹਿੰਦੇ, "ਤੇਰੇ ਬਾਰੇ ਸੁਣਿਆ ਸੀ, ਤੇਰੇ ਯਾਦ ਹੋਏਗਾ ਮੈਂ ਤੈਨੂੰ ਮਿਲਿਆ ਵੀ ਸੀ, ਉਸ ਵੇਲੇ ਤੂੰ ਤਪ ਕਰ ਰਿਹਾ ਸੀ।" ਕਹਿਣ ਲੱਗੇ, "ਫਰੀਦਾ! ਜੇ ਮੁਰੀਦ ਬਣਨਾ ਹੈ ਤਾਂ ਉਸ ਦੀ ਰਹਿਤ ਸਿੱਖ।"

ਕਹਿਣ ਲੱਗਿਆ, "ਮਹਾਰਾਜ! ਮੈਂ ਅਣਜਾਣ ਹਾਂ, ਜੰਗਲਾਂ ਵਿਚ ਤਪ ਕਰਿਆ ਹੈ। ਮੈਨੂੰ ਨਹੀਂ ਪਤਾ ਕਿ ਮੁਰਸ਼ਦ ਤੇ ਮੁਰੀਦ ਦਾ ਕੀ ਰਿਸ਼ਤਾ ਹੁੰਦਾ ਹੈ।"

ਕਹਿੰਦੇ, "ਜੇ ਫੇਰ ਤੂੰ ਮੁਰੀਦ ਬਣਨਾ ਹੈ ਸਚਮੁਚ, ਤਾਂ ਸੁਣ ਧਿਆਨ ਦੇ ਨਾਲ"

ਪੜ੍ਹੋ ਪਿਆਰ ਨਾਲ –

ਧਾਰਨਾ – ਮੁਰਦਾ ਹੋਇ ਕੈ ਮੁਰੀਦ ਬਣ ਜਾਵਣਾ –2, 2.
ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ –2, 4.

ਕਹਿਣ ਲੱਗੇ, "ਫਰੀਦਾ! ਮੁਰਸ਼ਦ ਦਾ ਜਿਹੜਾ ਰਿਸ਼ਤਾ ਹੈ ਨਾਹ। ਇਸ ਦੇ ਵਿਚ ਦੋ ਦਾ ਥਾਂ ਨਹੀਂ ਹੁੰਦਾ, ਇਹ ਤਾਂ ਉਸ ਦੀ ਗੋਰ ਵਿਚ ਸਮਾਉਣਾ ਪੈਂਦਾ ਹੈ।"

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।
ਸਾਬਰ ਸਿਦਕਿ ਸਹੀਦੁ ਭਰਮ ਭਉ ਖੋਵਣਾ॥
ਭਾਈ ਗੁਰਦਾਸ ਜੀ ਦੀ ਵਾਰ 3/18

ਸ਼ਕਤੀਆਂ ਆਉਣੀਆਂ ਨੇ ਸਬਰ ਕਰਨਾ ਹੈ, ਲੋਕਾਂ ਨੇ ਇੱਟਾ ਵੱਟੇ ਮਾਰਨੇ ਨੇ, ਪਰ ਸਰਾਪ ਨਹੀਂ ਦੇਣੇ। ਸੇਵਾ ਕਰਨ ਵਾਲੇ ਨੂੰ ਆਪੇ ਉਸਦੀ ਭਾਵਨਾ ਵਰ ਲਏਗੀ, ਉਸ ਦੀ ਦੁਸ਼ਟਤਾਈ ਆਪਣੇ ਆਪ ਸ਼ਰਾਪ ਲਏਗੀ। ਦਰਵੇਸ਼ ਨੇ ਨਹੀਂ ਕਿਸੇ ਨੂੰ ਵੀ ਬੁਰਾ ਕਹਿਣਾ। ਤਾਂ ਹੀ ਬਾਬੇ ਫਰੀਦ ਨੇ ਕਿਹਾ ਹੈ –

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥
ਪੰਨਾ – 1383

ਕਹਿੰਦੇ, "ਇਸ ਤਰ੍ਹਾਂ ਨਹੀਂ ਬਣੀਦਾ ਹੁੰਦਾ, ਮੁਰਦਾ ਹੋ ਕੇ ਆਉਣਾ ਪੈਂਦਾ ਹੈ, ਆਪਣਾ ਆਪ ਗੁਆ ਕੇ ਆਉਣਾ ਪੈਂਦਾ ਹੈ।"

ਬੜੀਆਂ ਮਿਸਾਲਾਂ ਨੇ। ਸੋ ਹੁਣ ਸਮਾਂ ਨਹੀਂ ਹੈ ਮੈਂ ਜਿਆਦਾ ਮਿਸਾਲਾਂ ਵਿਚ ਨਹੀਂ ਜਾਂਦਾ। ਸੋ ਤੱਤ ਦੀ ਬਾਤ ਇਹ ਹੈ ਕਿ –

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥ ਪੰਨਾ – 286

ਮਨ ਨਹੀਂ ਜਿਸ ਨੇ ਵੇਚਿਆ, ਮਨ ਤਾਂ ਆਪਣੇ ਕੋਲ ਰੱਖਿਆ ਹੋਇਆ ਹੈ। ਜਿਵੇਂ ਇਸਤੇ ਸਾਡਾ ਰਾਖਵਾਂ ਹੱਕ ਹੈ। ਜਿਹੜੀ ਗੱਲ ਚੰਗੀ ਲਗਦੀ ਹੈ ਠੀਕ ਹੈ, ਦੂਜੀ ਵਿਚ ਰੋਣ ਲੱਗ ਜਾਂਦਾ ਹੈ। ਮਨ ਤਾਂ ਵੇਚਿਆ ਨਹੀਂ। ਅਜੇ ਤਾਂ ਪਹਿਲੀ ਦੂਜੀ ਦਾ ਵਿਦਿਆਰਥੀ ਹੈ, ਮੰਗੀ ਜਾਂਦਾ ਹੈ, ਮੰਗੀ ਜਾਂਦਾ ਹੈ। ਜਦੋਂ ਤੱਕ ਮੰਗਾਂ ਕਾਇਮ ਨੇ ਮੁਰਸ਼ਦ ਨਾਲ ਨਹੀਂ ਬਣਿਆ ਕਰਦੀ, ਮੁਰਸ਼ਦ ਦੇ ਤਾਂ ਹੁਕਮ ਵਿਚ ਚਲਣਾ ਪੈਂਦਾ ਹੈ, ਰਜ਼ਾ ਵਿਚ –

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥
ਪੰਨਾ – 756

ਆਪਣਾ ਆਪਾ ਜੋ ਹੈ ਇਸ ਨੂੰ ਅੱਗ ਵਿਚ ਜਾਲ ਦੇਵੋ, ਮੈਂ ਨਹੀਂ ਉਥੇ ਰਹਿੰਦੀ, ਮਿਟ ਜਾਂਦਾ ਹੈ ਬੰਦਾ। ਕਹਿੰਦੇ, "ਫਰੀਦਾ! ਜੇ ਮੁਰੀਦ ਬਣਨਾ ਹੈ ਤਾਂ ਇਹ ਰਹਿਤ ਧਾਰਨ ਕਰ।"

ਹੋਰ ਜਿਹੜੀਆਂ ਰਹਿਤਾਂ ਨੇ ਉਹ ਬਹੁਤ ਨੇ ਇਕ ਤਾਂ ਨਹੀਂ ਹੈ। ਆਹ ਜਿਹੜੀਆਂ ਬੀਬੀਆਂ ਦੇ ਕੋਲ ਪੁਸਤਕਾਂ ਨੇ ਨਾਹ ਜਿਹੜੀਆਂ 'ਬਾਤ ਅਗੰਮ ਕੀ' ਉਹ ਲੈ ਕੇ ਪੜ੍ਹ ਲਿਓ, ਉਸ ਦੇ ਵਿਚ ਰਹਿਤਾਂ ਸਾਰੀਆਂ ਲਿਖੀਆਂ ਹੋਈਆਂ ਨੇ, ਕਿ ਆਹ ਰਹਿਤਾਂ ਹੋਣ ਤਾਂ ਅੱਗੇ ਤਰੱਕੀ ਹੋਏਗੀ, ਨਹੀਂ ਹੋਇਆ ਨਹੀਂ ਕਰਦੀ। ਵਿਚੇ ਰਹਿ ਜਾਂਦੇ ਨੇ ਆ ਕੇ, ਭਜਨ ਕਰਦੇ ਨੇ ਨਾਮ ਲੈ ਲਿਆ, ਅੱਗੇ ਕਿਸੇ ਕਿਨਾਰੇ ਹੀ ਨਹੀਂ ਪਹੁੰਚਦੇ ਕਿਉਂਕਿ ਪੂਰੀ ਤਰ੍ਹਾਂ ਸਤਰਕ ਨਹੀਂ ਹਨ, ਚੇਤਨ ਨਹੀਂ ਹਨ।

ਸੋ ਉਸ ਵੇਲੇ ਬਾਬਾ ਫਰੀਦ ਚਰਨਾਂ ਤੇ ਢਹਿ ਪਿਆ, "ਮੁਰਸ਼ਦ! ਮੇਰੀਆਂ ਗਲਤੀਆਂ ਮਾਫ ਕਰ।"

ਕਹਿੰਦੇ, "ਚੰਗਾ ਜਾਹ!" ਮੰਤਰ ਦੇ ਦਿੱਤਾ। ਜਾਪ ਕਰੀ ਜਾਇਆ ਕਰ ਅੱਲ੍ਹਾ ਹੂ ਦਾ। ਸੇਵਾ ਕਰੀ ਜਾਹ। ਹੁਣ ਸੇਵਾ ਤੇ ਸਿਮਰਨ ਦੋ ਹਲਟ ਚਲਾ ਦਿੱਤਾ ਜ਼ਮੀਨ ਦੇ ਵਿਚ। ਧਾਨ ਆਪਣੇ ਬੀਜੇ ਹੋਏ ਨੇ, ਨਹਿਰ ਦਾ ਪਾਣੀ ਵੀ ਹੈ ਟਿਊਬਵੈਲ ਦਾ ਜਾਂ ਦੋ ਟਿਊਬਵੈਲ ਨੇ। ਜ਼ਮੀਨ ਵਿਚ ਤੇੜਾਂ ਪੈ ਗਈਆਂ, ਇਕ ਟਿਊਬਵੈਲ ਤਾਂ ਭਰਦਾ ਹੀ ਨਹੀਂ ਹੈ। ਸਾਡੇ ਖੇਤ ਹੁੰਦੇ ਸੀ ਸਖਤ, ਮੈਂ ਟਿਊਬਵੈਲ ਚਲਾ ਦਿੱਤਾ ਉਹ ਇਕੋ ਹੀ ਕਿਆਰਾ ਨਾ ਭਰੇ, ਤੇੜਾਂ ਹੀ ਵਿਚੇ ਖਾਈ ਜਾਣ। ਨਾਲ ਦੀ ਨਾਲ ਦੂਜਾ ਚਲਾਇਆ ਤਾਂ ਜੋਰ ਨਾਲ ਇਕ ਦਮ ਕਿਆਰੇ ਭਰਨੇ ਸ਼ੁਰੂ ਹੋ ਗਏ। ਇਹ ਵੀ ਜਿਹੜਾ ਸਾਡੇ ਕੋਲ ਸਮਾਂ ਹੈ ਉਹ ਬਹੁਤ ਥੋੜ੍ਹਾ ਹੈ। ਸੇਵਾ ਤੇ ਸਿਮਰਨ ਦੋ ਅੰਗ ਜਦੋਂ ਅਸੀਂ ਅਪਣਾਉਂਦੇ ਹਾਂ ਕਿਉਂਕਿ ਜਿਹੜੀ ਸੇਵਾ ਹੈ ਇਹ ਵੀ ਆਦਮੀ ਮੁਰਦਾ ਹੋ ਕੇ ਹੀ ਕਰਦਾ ਹੈ–

ਸੇਵਾ ਕਰਤ ਹੋਇ ਨਿਹਕਾਮੀ॥ ਪੰਨਾ – 286

ਫੇਰ ਮਿਲਦਾ ਕੀ ਹੈ?

ਤਿਸ ਕਉ ਹੋਤ ਪਰਾਪਤਿ ਸੁਆਮੀ॥   ਪੰਨਾ - 286

ਵਾਹਿਗੁਰੂ ਮਿਲਦਾ ਹੈ ਸੇਵਾ ਕਰਨ ਵਾਲੇ ਨੂੰ -

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥   ਪੰਨਾ - 26

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥
ਪੰਨਾ - 314

ਗੁਰੂ ਨੂੰ ਮਨਾਉਣਾ ਪੈਂਦਾ ਹੈ, ਆਏ ਪੜ੍ਹ ਲਓ -

ਧਾਰਨਾ - ਗੁਰਾਂ ਨੂੰ ਮਨਾ ਲਈਏ ਤਨ ਮਨ ਧਨ ਦੇ ਕੇ-2, 2.

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ॥   ਪੰਨਾ - 918

ਵਾਹਿਗੁਰੂ ਮਿਲ ਜਾਏਗਾ। ਸੋ ਇਸ ਤਰ੍ਹਾਂ ਮੁਰਸ਼ਦ ਨੇ ਸਿਖਿਆ ਦਿੱਤੀ ਕਹਿੰਦੇ ਅੱਛਾ! ਸੇਵਾ ਕਰੀਂ, ਸਿਮਰਨ ਕਰੀ ਛੇਤੀ ਤੇਰਾ ਕੰਮ ਰਾਸ ਆ ਜਾਏਗਾ। ਉਸ ਵੇਲੇ ਬਾਬਾ ਫਰੀਦ ਦਿਨ ਭਰ ਸੇਵਾ ਕਰਦਾ ਹੈ, ਬਰਤਨ ਮਾਂਜਦਾ ਹੈ, ਬਾਲਣ ਲੈ ਕੇ ਆਉਂਦਾ ਹੈ ਪ੍ਰਸ਼ਾਦਿਆਂ ਵਾਸਤੇ, ਝਾੜੂ ਦਿੰਦਾ ਹੈ। ਇਕ ਸੇਵਾ ਉਸਨੇ ਹੋਰ ਲੈ ਲਈ ਕਿ ਮੁਰਸ਼ਦ ਦੀ ਉਮਰ ਵੱਡੀ ਸੀ ਉਨ੍ਹਾਂ ਨੂੰ ਗਰਮ ਪਾਣੀ ਕਰਕੇ ਇਸ਼ਨਾਨ ਕਰਾਉਂਦਾ ਹੈ। ਸੋ ਇਸ ਤਰ੍ਹਾਂ ਸੇਵਾ ਨਿਭਦੀ ਜਾਂਦੀ ਹੈ, 12 ਸਾਲ ਲੰਘ ਗਏ। ਮੁਰਸ਼ਦ ਨੇ ਨਹੀਂ ਮੁੜ ਕੇ ਬਲਾਇਆ। ਗੁਰੂ ਅਮਰਦਾਸ ਮਹਾਰਾਜ ਜੀ ਨੂੰ ਉਸ ਦਿਨ ਹੀ ਗੁਰੂ ਅੰਗਦ ਸਾਹਿਬ ਮਹਾਰਾਜ ਨੇ ਬਲਾਇਆ ਸੀ ਜਿਸ ਦਿਨ ਸਭ ਕੁਝ ਦੇਣਾ ਸੀ। ਗੁਰੂ ਨਿਗਰਾਨੀ ਕਰਦਾ ਹੈ, ਬੁਲਾਇਆ ਨਹੀਂ ਕਰਦਾ ਬਹੁਤਾ। ਜਿਸ ਦਾ ਭਲਾ ਕਰਨਾ ਹੈ ਉਸ ਨੂੰ ਦੂਰ ਰਖਦਾ ਹੈ, ਥੋੜ੍ਹਾ ਜਿਹਾ ਭੇਤ ਨਹੀਂ ਦਿੰਦਾ, ਉਸ ਦੇ ਨਾਲ ਖੁਲ੍ਹਦਾ ਨਹੀਂ ਹੁੰਦਾ ਗੁਰੂ ਕਦੇ ਕਿਉਂਕਿ ਫੇਰ ਸ਼ਰਧਾ ਘਟ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ 12 ਸਾਲ ਲੰਘ ਗਏ। ਗੁਰੂ ਦੇ ਮਨ ਵਿਚ ਆਇਆ ਕਿ ਹੁਣ ਕਸਵੱਟੀ ਲਾ ਕੇ ਦੇਖੀਏ ਖਰਾ ਹੈ ਜਾਂ ਖੋਟਾ ਹੈ। ਭਾਈ ਮੰਝ ਤੇ ਕਸਵੱਟੀ ਲਾ ਕੇ ਦੇਖੀ ਸੀ ਮਹਾਰਾਜ ਨੇ।

ਭਾਈ ਮੰਝ ਨੇ ਕਿਹਾ, "ਸੱਚੇ ਪਾਤਸ਼ਾਹ! ਜੇ ਮੈਨੂੰ ਦੇਣਾ ਹੈ ਤਾਂ ਇਹ ਦਿਓ ਕਿ ਕਲਜੁਗ ਦਾ ਸਮਾਂ ਹੈ ਕਸਵੱਟੀ ਨਾ ਲਾਇਓ ਸਿੱਖਾਂ ਤੇ, ਲੰਘ ਨਹੀਂ ਹੋਣਾ ਕਿਸੇ ਤੋਂ।"

ਮਹਾਰਾਜ ਕਹਿੰਦੇ, "ਭਾਈ ਮੰਝ! ਖਰਾ ਸੋਨਾ ਤਾਂ ਬਣਦਾ ਹੈ ਜੇ ਬਾਰ-ਬਾਰ ਤਓ ਦਿਓ ਉਸ ਨੂੰ। ਉਸ ਦੀ ਮੈਲ ਲਾਹੋ ਤਾਂ ਖਰਾ ਸੋਨਾ ਹੁੰਦਾ ਹੈ› ਫੇਰ ਪਹੁੰਚਦਾ ਕਿਥੇ ਹੈ ਸਿੱਖ? ਰੱਬ ਦਾ ਰੂਪ ਬਣਾ ਦਿੰਦਾ ਹੈ ਗੁਰੂ।"

ਸੋ ਇਸ ਤਰ੍ਹਾਂ ਦੇ ਨਾਲ ਬੁਲਾਇਆ ਨਹੀਂ 12 ਸਾਲ ਲੰਘ ਗਏ, ਖਾਮੋਸ਼ੀ ਵਿਚ ਰਹਿੰਦਾ ਹੈ ਬੋਲਦਾ ਨਹੀਂ ਹੈ ਕਿਉਂਕਿ ਪਹਿਲਾਂ ਸਮਾਂ ਬਹੁਤ ਬਰਬਾਦ ਕਰ ਲਿਆ। ਐਸੀ ਗੱਲ ਨਹੀਂ ਕਰਦਾ ਗੁਰੂ ਨਾਲ ਕਿ ਕਿਤੇ ਮੈਥੋਂ ਇਹੋ ਜਿਹੀ ਗਲਤੀ ਹੋ ਜਾਵੇ ਕਿ ਗੁਰੂ ਨਰਾਜ਼ ਹੋ ਜਾਵੇ। ਅੱਜ ਕਸਵੱਟੀ ਲਾ ਦਿੱਤੀ। ਸਮਰੱਥ ਗੁਰੂ ਸੀ, ਕਸਵੱਟੀ ਲਾਈ ਐਨੇ ਜ਼ੋਰ ਦੀ ਬਾਰਸ਼ ਕਰਾਈ। ਸਰਦੀ ਦਾ ਮਹੀਨਾ ਹੈ ਪੋਹ ਦਾ ਤੇ ਜਿਥੋਂ ਲਕੜੀਆਂ ਲਿਆਉਂਦਾ ਸੀ, ਰੱਖਦਾ ਸੀ ਉਹ ਵੀ ਭਿੱਜ ਗਈਆਂ, ਜਿਥੇ ਅੱਗ ਦੱਬੀ ਹੋਈ ਸੀ ਉਹ ਵੀ ਟੋਆ ਭਰ ਗਿਆ ਪਾਣੀ ਨਾਲ ਤੇ ਜਦੋਂ ਆਪ ਉਠਿਆ ਹੈਰਾਨ ਹੋ ਗਿਆ ਕਿ ਅੱਜ ਕੀ ਬਣੇਗਾ? ਮੁਰਸ਼ਦ ਦੇ ਇਸ਼ਨਾਨ ਦਾ ਤਾਂ ਵੇਲਾ ਹੋਣ ਵਾਲਾ ਹੈ। ਲਕੜਾਂ ਵੀ ਭਿੱਜੀਆਂ ਪਈਆਂ ਨੇ, ਅੱਗ ਹੈ ਹੀ ਨਹੀਂ। ਹੁਣ ਅੱਗ ਲਿਆਵਾਂ ਕਿਥੋਂ? ਜੇ ਮੇਰਾ ਨੇਮ ਟੁਟਦਾ ਹੈ ਤਾਂ ਫੇਰ ਬੜੀ ਬੁਰੀ, ਬਾਤ ਹੁੰਦੀ ਹੈ ਕਿਉਂਕਿ ਨੇਮ ਤੋੜਨਾ ਸਭ ਤੋਂ ਵੱਡੀ ਬਾਤ ਹੋਇਆ ਕਰਦੀ ਹੈ। ਇਕ ਮਹਾਤਮਾ ਸੀ, ਇਕ ਰਜਾਈ ਲਿਆ ਦਿੱਤੀ ਉਨ੍ਹਾਂ ਨੂੰ ਕਿਸੇ ਨੇ। ਰਜਾਈ ਦਾ ਨਿੱਘ ਆ ਗਿਆ, ਸਵੇਰੇ ਉਠਣ ਨੂੰ ਜੀਅ ਨਾ ਕਰਿਆ, ਦਿਨ ਚੜ੍ਹ ਗਿਆ। ਉਹ ਕਹਿੰਦੇ, "ਮੈਨੂੰ ਦੱਸ ਭਾਈ, ਇਸ਼ਨਾਨ ਕਿਥੇ ਕਰਾਂ?"

ਕਹਿੰਦੇ, "ਜੀ ਆਹ ਅੰਦਰ ਟੂਟੀਆਂ ਲੱਗੀਆਂ ਹੋਈਆਂ ਹਨ ਇਸ਼ਨਾਨ ਘਰ ਹੈ ਇਥੇ ਕਰ ਲਓ।" ਰਜਾਈ ਸਣੇ ਅੰਦਰ ਨੂੰ ਜਾਵੇ।

ਕਹਿੰਦੇ, "ਬਾਬਾ ਜੀ! ਰਜਾਈ ਤਾਂ ਬਾਹਰ ਰੱਖ ਦਿਓ।"

ਕਹਿੰਦੇ, "ਨਹੀਂ ਕੋਈ ਗੱਲ ਨਹੀਂ, ਤੁਸੀਂ ਫਿਕਰ ਨਾ ਕਰੋ।" ਜਿਉ ਟੂਟੀ ਖੋਲ੍ਹੀ, ਰਜਾਈ ਸਣੇ ਥੱਲੇ ਬੈਠੇ ਰਹੇ। ਉਹ ਉਠੇ ਤਾਂ ਰਜਾਈ ਚੋਂਦੀ ਹੈ। ਸੇਵਾਦਾਰ ਨੇ ਉਸ ਦੇ ਵਿਚੋਂ ਪਾਣੀ ਵਗੈਰਾ ਕੱਢਿਆ।

ਕਹਿੰਦੇ, "ਪਾਣੀ ਕਢਦਾ ਹੈ, ਸਾਡੇ ਉਤੇ ਹੀ ਦੇ ਦੇ।" ਪੋਹ ਦਾ ਮਹੀਨਾ ਹੈ।

ਕਹਿੰਦਾ, "ਮਹਾਰਾਜ! ਠੰਢ ਬਹੁਤ ਹੈ।"

ਕਹਿੰਦੇ, "ਅੱਜ ਮੈਂ ਸੁਆਦ ਦਿਖਾਉਣਾ ਹੈ ਇਸ ਰਜਾਈ ਨੂੰ। ਇਹ ਨੇਮ ਕਿਉਂ ਤੋੜਿਆ ਹੈ ਇਸਨੇ, ਰਜਾਈ ਦੇ ਨਿੱਘ ਵਿਚ ਆ ਕੇ।"

ਸਾਰਾ ਮਹੀਨਾ ਪੋਹ ਦਾ ਗਿਲੀ ਰਜਾਈ ਨਾਲੇ ਲੈਣ ਨਾਲੇ ਦੰਦ ਵਜਿਆ ਕਰਨ। ਕਹਿੰਦੇ ਤੈਨੂੰ ਸੁਆਦ ਦਿਖਾਉਂ ਤੂੰ ਨੇਮ ਤੋੜਿਆ ਸੀ, ਨੇਮ ਕਿਉਂ ਤੋੜਿਆ? ਮਹਾਂਪੁਰਸ਼ ਨੇਮ ਨਹੀਂ ਤੋੜਦੇ। ਇਉਂ ਪੜ੍ਹ ਲਓ -

ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,
ਭਿੱਜ ਭਾਵੇਂ ਜਾਵੇ ਕੰਬਲੀ -2, 2.
ਮੇਰੇ ਪਿਆਰੇ, ਭਿੱਜ ਭਾਵੇਂ ਜਾਵੇ ਕੰਬਲੀ -2, 2.
ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,...... -2.

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥
ਪੰਨਾ - 1380

ਨੇਮ ਨਾ ਟੁੱਟ ਜਾਵੇ ਜੇ ਅੱਜ ਟੁੱਟ ਗਿਆ, ਮੁਰਸ਼ਦ ਨਰਾਜ਼ ਹੋ ਗਿਆ। 12 ਸਾਲ ਦੀ ਕੀਤੀ ਹੋਈ ਸੇਵਾ ਕਿਸੇ ਲੇਖੇ ਵਿਚ ਨਹੀਂ ਪੈਣੀ। ਉਸ ਵੇਲੇ ਕਸਵੱਟੀ ਲੱਗੀ ਹੋਈ ਹੈ, ਛਾਛੜੇ ਦਾ ਮੀਂਹ ਪੈ ਰਿਹਾ ਹੈ, ਠੰਡ ਬੇਅੰਤ ਹੈ, ਪੋਹ ਦਾ ਮਹੀਨਾ ਹੈ, ਚਿੱਕੜ ਵੀ ਬਹੁਤ ਹੈ -

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥
ਪੰਨਾ - 1380

ਤਕੜਾ ਹੋਇਆ ਕਿ ਮੈਂ ਸ਼ਹਿਰ ਦੇ ਵਿਚੋਂ ਕੋਸ਼ਿਸ਼ ਕਰਦਾ ਹਾਂ, ਦੇਖਾਂ ਜੇ ਕਿਤੋਂ ਅੱਗ ਲੱਭ ਜਾਂਦੀ ਹੈ। ਸ਼ਹਿਰ ਦੇ ਵਿਚ ਗਿਆ ਤਾਂ ਹਨ੍ਹੇਰ-ਗੁਬਾਰ ਪਿਆ ਹੋਇਆ ਸੀ। ਉਦੋਂ ਕਿਹੜਾ ਬੱਤੀਆਂ ਜਗਦੀਆਂ ਹੁੰਦੀਆਂ ਬਾਹਰ ਬਿਜਲੀ ਦੀਆਂ, ਸੁੰਨ ਸਾਨ ਪਈ ਹੈ, ਕੁੱਤੇ ਭੌਂਕ ਰਹੇ ਨੇ। ਬਾਬਾ ਫਰੀਦ ਇਕ ਥਾਂ ਗਿਆ, ਦੇਖਿਆ ਰੋਸ਼ਨੀ ਆਉਂਦੀ ਹੈ ਝੀਥਾਂ ਥਾਈਂ, ਜਾਨ ਪੈ ਗਈ ਕਿ ਇਥੇ ਮੈਂ ਆਵਾਜ਼ ਦੇਵਾਂ। ਉਥੇ ਚੌਤਰੇ ਤੇ ਚੜ੍ਹਿਆ, ਦਰਵਾਜਾ ਖੜਕਾਇਆ। ਅੰਦਰੋਂ ਆਵਾਜ਼ ਆਈ, "ਤੂੰ ਕੌਣ ਹੈਂ ਇਸ ਵੇਲੇ ਇਥੇ?" ਆਵਾਜ਼ ਸਮਝ ਲਈ ਕਿ ਕਿਸੇ ਨੌਜਵਾਨ ਬੀਬੀ ਦੀ ਹੈ। ਕਹਿਣ ਲੱਗੇ, "ਬੀਬਾ! ਬੇਟਾ!! ਮੈਨੂੰ ਕੰਮ ਹੈ ਤੇਰੇ ਤਾਈਂ।"

"ਕੌਣ ਹੈ ਤੂੰ?"

ਕਹਿੰਦੇ, "ਮੈਂ ਫਰੀਦ ਹਾਂ, ਮੁਰਸ਼ਦ ਦਾ ਮੁਰੀਦ।"

ਸਮਝ ਗਈ ਕਿ ਅਜਮੇਰ ਸ਼ਰੀਫ ਵਾਲੇ ਜਿਹੜੇ ਪੀਰ ਹਨ ਉਨ੍ਹਾਂ ਦਾ ਕੋਈ ਚੇਲਾ ਹੈ। ਇਸ ਵੇਲੇ ਇਸ ਦਾ ਕੰਮ ਕੀ?

ਕਹਿੰਦੀ, "ਫਰੀਦਾ! ਤੂੰ ਜਿਸ ਦਰਵਾਜੇ ਤੇ ਆ ਕੇ ਖੜ੍ਹਾ ਹੋਇਆਂ ਹੈ ਇਥੋਂ ਤਾਂ ਨਰਕਾਂ ਦਾ ਟਿਕਟ ਮਿਲਦਾ ਹੈ, ਪੀਰਾਂ ਫਕੀਰਾਂ ਦਾ ਕੰਮ ਨਹੀਂ, ਇਥੇ ਮੇਰੇ ਕੋਲ ਤਾਂ ਬਦਮਾਸ਼ ਬੰਦੇ ਆਉਂਦੇ ਨੇ ਤੇ ਤੂੰ ਕਿਥੇ ਆ ਗਿਆ ਇਸ ਵੇਲੇ?"

ਕਹਿਣ ਲੱਗਿਆ, "ਬੀਬਾ! ਬੇਟਾ!! ਮੈਨੂੰ ਤੇਰੇ ਤੱਕ ਕੰਮ ਹੈ, ਤੂੰ ਮੇਰੀ ਗੱਲ ਸੁਣ ਲੈ।"

ਮੁਰਸ਼ਦ ਨੇ ਉਸ ਨੂੰ ਵੀ ਬੜਾ ਸਖਤ ਬਣਾ ਦਿੱਤਾ। ਦਰਵਾਜ਼ਾ ਖੋਲ੍ਹਿਆ, ਬੜੀ ਘੂਰ ਕੇ ਦੇਖਦੀ ਹੈ।

ਕਹਿੰਦੀ, "ਆ ਕੇ ਬੇਅਰਾਮ ਕਰਦੇ ਹੋ ਤੁਸੀਂ ਪੀਰ ਫਕੀਰ ਲੋਕ, ਸਾਡਾ ਕੀ ਕੰਮ ਹੈ ਪੀਰਾਂ ਫਕੀਰਾਂ ਨਾਲ। ਸਾਡੀ ਰੋਜ਼ੀ ਸਰੀਰ ਵੇਚਣਾ ਤੇ ਬੇਵਕੂਫ ਬੰਦੇ ਸਾਡੇ ਕੋਲ ਆਉਂਦੇ ਨੇ, ਤੂੰ ਤਾਂ ਸਮਝਦਾਰ ਬੰਦਾ ਹੈ, ਅੱਧੀ ਰਾਤ ਕਿਉਂ ਆਇਆ ਹੈ?"

ਕਹਿੰਦੇ, "ਬੀਬਾ! ਮੇਰੇ ਮੁਰਸ਼ਦ ਦੇ ਇਸ਼ਨਾਨ ਦਾ ਸਮਾਂ ਹੋ ਗਿਆ, ਅੱਗ ਬੁਝ ਚੁਕੀ ਹੈ ਕਿਤੋਂ ਨਹੀਂ ਮਿਲ ਰਹੀ। ਕਿਰਪਾ ਕਰ ਮੈਨੂੰ ਅੱਗ ਦੇ ਦੇ।"

ਕਹਿਣ ਲੱਗੀ, "ਬੜਾ ਪ੍ਰੇਮ ਹੈ ਤੈਨੂੰ ਫਰੀਦਾ ਮੁਰਸ਼ਦ ਨਾਲ ਪਰ ਮੈਂ ਵੀ ਦੇਖਦੀਂ ਹਾਂ ਕਿ ਤੇਰਾ ਪ੍ਰੇਮ ਸੱਚਾ ਹੈ ਜਾਂ ਝੂਠਾ ਹੈ।"

ਕਹਿੰਦੇ, "ਨਾ ਬੀਬੀ! ਮੈਨੂੰ ਅੱਗ ਦੇ ਦੇ, ਕਿਸੇ ਇਮਤਿਹਾਨ ਵਿਚ ਨਾ ਪਾ। ਮੈਂ ਇਸ ਵੇਲੇ ਅੱਗ ਭਾਲਦਾ ਫਿਰਦਾ ਹਾਂ, ਕਿਰਪਾ ਕਰ ਮੇਰੇ ਤੇ।"

ਉਹ ਕਹਿੰਦੀ, "ਜੇ ਅੱਗ ਲੈਣੀ ਹੈ ਤਾਂ ਸਰੀਰ ਦਾ ਕੋਈ ਅੰਗ ਦੇਣਾ ਪੈਣਾ ਹੈ ਤੈਨੂੰ।"

ਖੁਸ਼ ਹੋ ਗਿਆ, ਹੱਸ ਰਿਹਾ ਹੈ। ਕਹਿੰਦਾ, "ਤੁਸੀਂ ਤਾਂ ਮੰਗਿਆ ਹੀ ਕੁਝ ਨਹੀਂ।

ਤਨ ਗੰਦਗੀ ਦੀ ਕੋਠੜੀ ਹਰਿ ਹੀਰਿਆਂ ਦੀ ਖਾਣ।
ਸਿਰ ਦਿਤਿਆ ਜੇ ਹਰਿ ਮਿਲੇ ਤਉ ਭੀ ਸਸਤਾ ਜਾਣ।

ਤੇ ਜੇ ਤੂੰ ਮੇਰਾ ਸਿਰ ਮੰਗ ਲਵੇਂ ਤਾਂ ਵੀ ਸਸਤਾ ਹੀ ਸੌਦਾ ਹੈ, ਮੇਰਾ ਮੁਰਸ਼ਦ ਖੁਸ਼ ਹੋਣਾ ਚਾਹੀਦਾ ਹੈ।"

ਕਹਿੰਦੀ, "ਅੱਖ ਦਾ ਡੇਲਾ ਦੇ ਦੇ, ਡੇਲੇ ਜਿੱਡਾ ਕੋਲਾ ਮੈਂ ਤੈਨੂੰ ਦੇਵਾਂਗੀ।"

ਇਹ ਮੌਕਾ ਹੁੰਦਾ ਹੈ ਜਿਸ ਵਕਤ ਆਦਮੀ ਗਿਰਦਾ ਹੈ ਜਾਂ ਚੜ੍ਹਦਾ ਹੈ ਇਉਂ ਪੜ੍ਹ ਲਓ -

ਧਾਰਨਾ - ਡੇਰਾ ਨੀ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ-2, 2.
ਪਰ੍ਹੇ ਹੈ ਪ੍ਰੇਮ ਦਾ ਡੇਰਾ, ਪਰ੍ਹੇ ਹੈ ਪ੍ਰੇਮ ਦਾ -2, 2.
ਡੇਰਾ ਨਹੀ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ,.... -2.

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਪੰਨਾ - 1413

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥
ਪੰਨਾ - 1102

ਪਿਆਰ ਦਾ ਜਿਹੜਾ ਡੇਰਾ ਹੈ, ਆਪਾ ਕੁਰਬਾਨ ਉਥੇ ਹੁੰਦਾ ਹੈ ਸਰੀਰ ਦੀ ਉਥੇ ਪ੍ਰਵਾਹ ਨਹੀਂ। ਕਹਿਣ ਲੱਗੇ -

ਸਿਰ ਦਿਤਿਆ ਜੇ ਹਰਿ ਮਿਲੇ ਤਉ ਭੀ ਸਸਤਾ ਜਾਣੁ॥

ਕਹਿੰਦੀ, "ਸਿਰ ਨਹੀਂ ਮੰਗਦੀ, ਮੈਂ ਡੇਲ੍ਹਾ ਮੰਗਦੀ ਹਾਂ ਤੇਰਾ।"

ਕਹਿੰਦੇ, "ਲੈ! ਕੱਢ ਲੈ।"

ਕਹਿੰਦੀ, "ਮੈਂ ਕਿਉਂ ਕੱਢਾ, ਆਪ ਕੱਢ ਕੇ ਦੇਹ।"

ਡੇਲ੍ਹਾ ਕੱਢ ਕੇ ਦੇ ਦਿੱਤਾ। ਬੜੀ ਮੁਸ਼ਕਲ ਦੇ ਨਾਲ ਅੱਗ ਲਿਆ ਕੇ ਮੁਰਸ਼ਦ ਦਾ ਇਸ਼ਨਾਨ ਕਰਾਇਆ। ਪੱਟੀ ਬੰਨ੍ਹੀ ਹੋਈ ਹੈ। ਸਾਫਾ ਪਾੜ ਕੇ ਅੱਖ ਤੇ ਬੰਨ੍ਹ ਲਿਆ।

ਮੁਰਸ਼ਦ ਨੇ ਫੇਰ ਵੀ ਨਹੀਂ ਪੁਛਿਆ। ਜਾਣਦਾ ਸਭ ਕੁਝ ਸੀ, ਕਿਉਂ ਆਪ ਹੀ ਵਰਤਾਇਆ ਹੋਇਆ ਸੀ ਕੌਤਕ ਸਾਰਾ। ਪੂਰੀ ਤਰ੍ਹਾਂ ਪਕਾਉਣਾ ਚਾਹੁੰਦੇ ਸੀ ਇਸ ਨੂੰ, ਕੱਚਾ ਨਹੀਂ ਸੀ ਬਾਬੇ ਫਰੀਦ ਨੂੰ ਰੱਖਣਾ ਚਾਹੁੰਦੇ। ਮੁਰਸ਼ਦ ਦਾ ਹੀ ਐਨਾ ਉੱਚਾ ਕੀਤਾ ਹੋਇਆ ਹੈ ਕਿ ਸਤਿਗੁਰੂ ਰੂਪ ਹੋ ਕੇ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਨੇ। ਮੱਥੇ ਟੇਕਦੇ ਹਾਂ, ਅਸੀਂ ਉਨ੍ਹਾਂ ਦੀ ਬਾਣੀ ਪੜ੍ਹ ਕੇ ਰਸ ਲੈਂਦੇ ਹਾਂ। ਕਿਉਂ? ਪਹੁੰਚਾ ਦਿੱਤਾ ਸੀ ਗੁਰੂ ਸਮਰੱਥ ਸੀ ਉਸ ਦਾ। ਸੋ ਉਸ ਵੇਲੇ ਬਾਬਾ ਫਰੀਦ ਆਪਣਾ ਇਸ਼ਨਾਨ ਕਰਕੇ ਕੋਨੇ ਵਿਚ ਚਲਿਆ ਗਿਆ ਜਿਸ ਨੂੰ ਗੋਸ਼ਾ ਕਹਿੰਦੇ ਨੇ, ਇਹ ਆਮ ਕਰਕੇ ਗੋਸ਼ਿਆਂ ਵਿਚ ਭਗਤੀ ਕਰਦੇ ਹੁੰਦੇ ਸੀ ਇਸਲਾਮ ਵਾਲੇ। ਕੋਨੇ ਵੱਲ ਮੂੰਹ ਕਰ ਲੈਣਾ, ਚੌਂਕੜਾ ਮਾਰ ਲੈਣਾ ਤਾਂ ਕਿ ਕੋਈ ਅੱਗੇ ਦੀ ਨਾ ਲੰਘੇ ਤੇ ਨਾ ਕੋਈ ਬੁਲਾਵੇ। ਦਿਨ ਚੜ੍ਹ ਗਿਆ।

ਉਸ ਵੇਲੇ ਮੁਰਸ਼ਦ ਨੇ ਕਿਹਾ, "ਫਰੀਦ ਨਹੀਂ ਨਜ਼ਰ ਆ ਰਿਹਾ, ਕਿਥੇ ਹੈ ਉਹ?"

ਕਹਿੰਦੇ, "ਜੀ! ਉਹ ਗੋਸ਼ੇ ਵਿਚ ਬੰਦਗੀ ਕਰ ਰਿਹਾ ਹੈ।"

ਕਹਿੰਦੇ, "ਲਿਆਓ ਬੁਲਾ ਕੇ।"

ਬੁਲਾ ਕੇ ਲਿਆਂਦਾ ਤੇ ਸਾਹਮਣੇ ਖੜ੍ਹਾ ਹੋ ਗਿਆ, ਸਿਜਦਾ ਕੀਤਾ। ਹੁਣ ਜੇ ਤਾਂ ਸਾਡੇ ਵਰਗਾ ਹੁੰਦਾ ਤਾਂ ਦੱਸ ਦਿੰਦਾ। ਪਹਿਲਾਂ ਜਦੋਂ ਹੀ ਦੱਸ ਦਿੰਦਾ ਜੀ ਅੱਜ ਤਾਂ ਅੱਖ ਦੇ ਕੇ ਮੈਂ ਲਿਆਇਆ ਹਾਂ ਅੱਗ। ਉਹ ਸਬਰ ਹੁੰਦਾ ਹੈ ਹੱਦ ਤੋਂ ਜਿਆਦਾ ਤੇ ਇਉਂ ਨਹੀਂ ਆਪਣੀਆਂ ਬਾਤਾਂ ਕਰਦੇ।

ਉਸ ਵੇਲੇ ਮੁਰਸ਼ਦ ਨੇ ਕਿਹਾ, "ਫਰੀਦਾ! ਇਹ ਤੂੰ ਅੱਖ ਕਿਉਂ ਬੰਨ੍ਹੀ ਹੋਈ ਹੈ?"

ਕਹਿੰਦਾ, "ਮੁਰਸ਼ਦ! ਤੁਸੀਂ ਘਟ ਘਟ ਦੇ ਜਾਨਣਹਾਰ ਹੋ, ਸਭ ਕੁਝ ਜਾਣਦੇ ਹੋ।"

ਕਹਿੰਦੇ, "ਨਾਂਹ, ਸਾਨੂੰ ਹੀ ਦੱਸ, ਅਸੀਂ ਪੁਛਦੇ ਹਾਂ ਕਿ ਅੱਖ ਕਿਉਂ ਬੰਨ੍ਹੀ ਹੈ?"

ਕਹਿੰਦਾ, "ਮਹਾਰਾਜ! ਆਈ ਹੋਈ ਹੈ।"

ਕਹਿੰਦੇ, "ਫਰੀਦਾ! ਗਈਆਂ ਹੋਈਆਂ ਅੱਖਾਂ ਬੰਨ੍ਹੀਦੀਆਂ ਨੇ, ਆਈਆਂ ਹੋਈਆਂ ਨਹੀਂ ਬੰਨੀਦੀਆਂ, ਖੋਲ੍ਹ ਦੇ ਪੱਟੀ।"

ਪੱਟੀ ਖੋਲ੍ਹ ਦਿੱਤੀ, ਅੱਖ ਦਾ ਡੇਲ੍ਹਾ ਸਾਬਤ ਪਰ ਥੋੜ੍ਹਾ ਜਿਹਾ ਛੋਟਾ। ਅੱਜ ਵੀ ਉਨ੍ਹਾਂ ਦੇ ਖਾਨਦਾਨ ਵਿਚ ਇਕ ਅੱਖ ਛੋਟੀ ਹੈ। ਸਾਡੇ ਉਥੇ ਯੂ.ਪੀ. ਵਿਚ ਹੁੰਦਾ ਸੀ ਇਕ, ਬੁਲਾਉਂਦੇ ਸਾਂ ਕਦੇ-ਕਦੇ ਉਸਨੂੰ ਸਤਿਸੰਗ ਵਿਚ। ਉਸ ਵੇਲੇ ਉਠ ਕੇ ਬੁਕੱਲ ਵਿਚ ਲੈ ਲਿਆ। ਦੋ ਅੱਖਰ ਬੋਲੇ ਨੇ ਉਸ ਵੇਲੇ ਉਸ ਨੇ।

ਉਸ ਨੇ ਕਿਹਾ, "ਫਰੀਦਾ! ਹਮਾ ਊਸਤ, ਹਮਾ ਅਜ਼ ਊਸਤ।"

ਹੁਣ ਇਸ ਦਾ ਮਤਲਬ ਸਾਨੂੰ ਤਾਂ ਸਮਝ ਵਿਚ ਨਹੀਂ ਆਉਂਦਾ, ਪੜ੍ਹੇ ਹੋਏ ਅਸੀਂ ਬਥੇਰੇ ਹਾਂ। ਉਸਨੇ ਕਿਹਾ, ਫਰੀਦਾ! ਇਥੇ ਪ੍ਰਮੇਸ਼ਰ ਬਿਨਾ ਹੈ ਹੀ ਕੋਈ ਨਹੀਂ। 'ਅਹੰ ਬ੍ਰਹਮੰ ਅਸਮੀ।' ਜਿਹੜਾ ਕੁਝ ਤੂੰ ਦੇਖ ਰਿਹਾ ਹੈ ਉਹ ਪਰਮੇਸ਼ਰ ਹੀ ਹੈ। ਦੋ ਅੱਖਰ ਕਹੇ ਨੇ ਤੜਕ ਦੇ ਕੇ, ਜਿਹੜਾ ਅਗਿਆਨ ਦਾ ਪੜਦਾ ਸੀ ਖੁੱਲ੍ਹ ਗਿਆ ਤੇ ਨਾਲ ਇਹ ਕਿਰਪਾ ਹੋਈ ਕਿ ਉਹ ਬੁੱਧੀ ਮੰਡਲ ਵਿਚ ਨਹੀਂ, ਉਹ ਉਸ ਮੰਡਲ ਵਿਚ ਪਹੁੰਚ ਗਿਆ ਸੀ ਜਿਥੇ ਪ੍ਰਤੱਖ ਰੂਪ ਵਿਚ ਆਤਮਾ ਸਾਖਸ਼ਾਤਕਾਰ ਹੁੰਦਾ ਹੈ। ਆਤਮਾ ਪਰਮਾਤਮਾ ਸਾਖਸ਼ਾਤਕਾਰ ਕਰਾ ਦਿੱਤਾ। ਉਸ ਵੇਲੇ ਬਾਬੇ ਫਰੀਦ ਦੇ ਜੋ ਭਾਵ ਨੇ ਸਾਰੇ ਪੜ੍ਹਿਓ ਧਿਆਨ ਨਾਲ -

ਧਾਰਨਾ - ਅੱਖਾਂ ਨਾਲ ਓ ਦੇਖ ਲਿਆ -2, 2.
ਜਿਹੜਾ ਰੱਬ ਨਾ ਕਿਸੇ ਨੂੰ ਦਿਸਿਆ -2, 2.
ਜਿਹੜਾ ਰੱਬ ਨਾ ਕਿਸੇ ਨੂੰ ਦਿੱਸਿਆ ਪਿਆਰਿਓ!
ਦੇਖ ਲਿਆ -2, 2.
ਅੱਖਾਂ ਨਾਲ ਓ ਦੇਖ ਲਿਆ,............... -2.
ਇਨ੍ਹਾਂ ਅੱਖਾਂ ਨਾਲ, ਖਾਕੀ ਅੱਖਾਂ ਨਾਲ (ਖਾਕ ਦੀਆਂ)।

ਕਹਿੰਦੇ -

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ॥
ਪੰਨਾ - 87

ਕਹਿੰਦੇ ਗਵਾਹੀ ਦਿੰਦੇ ਹਾਂ ਗੁਰੂ ਦੀ -

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ
ਤਿਨਿ ਜਨਿ ਲੈ ਹਿਰਦੈ ਰਾਖੀ॥ ਪੰਨਾ - 87

ਭਾਗਾਂ ਵਾਲੇ ਇਸ ਗੱਲ ਨੂੰ ਹਿਰਦੇ ਵਿਚ ਧਾਰਨ ਕਰ ਲੈਣ।

ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ॥
ਪੰਨਾ - 87

ਜਦੋਂ ਗੁਰੂ ਨੇ ਕਿਹਾ ਪ੍ਰਕਾਸ਼ ਹੋ ਗਿਆ, ਆਤਮਾ ਸਾਖਸ਼ਾਤਕਾਰ ਹੋ ਗਿਆ -

ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥ ਪੰਨਾ - 661

ਅਭੇਦ ਅਵਸਥਾ ਵਿਚ ਪਹੁੰਚਾ ਦਿੱਤਾ। ਫਰੀਦ ਨਾਮ ਦੀ ਕੋਈ ਚੀਜ਼ ਜੀਉਂਦੀ ਨਾ ਰਹੀ, ਜੇ ਰਹਿ ਗਿਆ ਤਾਂ ਰੱਬ ਹੀ ਰਹਿ ਗਿਆ। ਰੱਬ ਰਹਿਣ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਨਾਹ ਬਾਬਾ ਫਰੀਦ, ਜੇ ਫਰੀਦ ਰਹਿੰਦਾ ਫੇਰ ਨਹੀਂ ਸੀ ਆਉਂਦਾ -

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ
ਜਿਉ ਸੂਰਜ ਰੈਣਿ ਕਿਰਾਖੀ॥ ਪੰਨਾ - 87

ਰਾਤ ਹਨ੍ਹੇਰੀ ਤੋਂ ਬਾਅਦ ਜਿਵੇਂ ਸੂਰਜ ਚੜ੍ਹਦਾ ਹੈ, ਇਉਂ ਪ੍ਰਕਾਸ਼ ਹੋ ਗਿਆ।

ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥
ਪੰਨਾ - 87

ਜਿਹੜਾ ਰੱਬ ਨਹੀਂ ਦਿਸਦਾ ਉਹ ਗੁਰਮੁਖ ਨੇ ਮੈਨੂੰ ਦਿਖਾ ਦਿੱਤਾ।

ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ॥
ਪੰਨਾ - 1318

ਸੋ ਇਸ ਤਰ੍ਹਾਂ ਦੇ ਨਾਲ ਬਾਬਾ ਫਰੀਦ ਨੇ ਤਪ ਵੀ ਕਰੇ, ਮਨ ਹਠ ਕਰਿਆ ਪਰ ਜਦੋਂ ਤੱਕ ਗੁਰੂ ਦੀ ਸ਼ਰਨ ਵਿਚ ਨਾ ਆਇਆ ਉਨੀ ਦੇਰ ਤੱਕ, 36 ਸਾਲ ਵੀ ਕਹਿੰਦੇ ਨੇ ਘੋਰ ਤਪਸਿਆ ਕਰੀ, ਨੇੜੇ ਤੇੜੇ ਵੀ ਨਾ ਰੱਬ ਦੇ ਪਹੁੰਚਿਆ ਪਰ ਜਦੋਂ ਗੁਰੂ ਮਿਲ ਗਿਆ, ਸੇਵਾ ਕੀਤੀ ਸਿਮਰਨ ਕਰਕੇ ਆਪਣੇ ਆਪ ਨੂੰ ਪੂਰਨ ਕਰ ਲਿਆ। ਦੋਏਂ ਚੀਜ਼ਾਂ ਨੇ ਗੁਰੂ ਘਰ ਦੇ ਅੰਦਰ ਸੇਵਾ ਤੇ ਸਿਮਰਨ। ਉਸ ਵੇਲੇ ਪਰਮੇਸ਼ਰ ਨੂੰ ਜਿਸ ਨੂੰ ਤਲਾਸ਼ ਕਰਦਾ ਸੀ, ਕੀ ਦੇਖਦਾ ਹੈ ਜਿਧਰ ਦੇਖਦਾ ਹੈ ਪਰਮੇਸ਼ਰ, ਜਿਧਰ ਦੇਖਦਾ ਹੈ ਪਰਮੇਸ਼ਰ, ਕੋਈ ਪਾਸਾ ਰੱਬ ਤੋਂ ਖਾਲੀ ਹੀ ਨਾ ਰਿਹਾ -

ਗੁਰਹਿ ਦਿਖਾਇਓ ਲੋਇਨਾ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥
ਪੰਨਾ - 407

ਹਰ ਪਾਸੇ ਦੇਖਦਾ ਹੈ ਕਿ ਇਹ ਤਾਂ ਪਰਮੇਸ਼ਰ ਹੀ ਹੈ ਪ੍ਰਤੱਖ ਰੂਪ ਦੇ ਅੰਦਰ ਪਰਮੇਸ਼ਰ ਨਜ਼ਰ ਆ ਗਿਆ। ਪਰਮੇਸ਼ਰ ਕਿਤੇ ਗਿਆ ਹੀ ਨਹੀਂ, ਪਰਮੇਸ਼ਰ ਸਾਡੇ ਨਾਲ ਹੈ ਪਰ ਸਾਡੇ ਕੋਲ ਅੱਖ ਨਹੀਂ ਹੈ ਦੇਖਣ ਵਾਲੀ -

ਬੁਲ੍ਹਿਆ ਰੱਬ ਤੈਥੋਂ ਵੱਖ ਨਹੀਂ।
ਪਰ ਦੇਖਣ ਵਾਲੀ ਅੱਖ ਨਹੀਂ।

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੂੰ ਸ਼ੌਂਕ ਹੈ ਜਦੋਂ ਤੱਕ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਨਹੀਂ ਆਉਂਦੇ, ਉਨੀ ਦੇਰ ਤੱਕ ਮੰਤਰ ਨਹੀਂ ਮਿਲਦਾ। ਹੁਣ ਜਿਹੜਾ ਕੰਮ ਉਸ ਦੇ ਮੁਰਸ਼ਦ ਨੇ ਕੀਤਾ ਉਹ ਗੁਰ ਦੇ ਜਿਹੜੇ ਸਿਖ ਨੇ, ਸੰਤ ਨੇ, ਗੁਰਮੁਖ ਨੇ ਉਹ ਕਰਦੇ ਨੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜਗਿਆਸੂ ਨੇ ਭਟਕ ਜਾਣਾ ਹੈ। ਇਸ ਦਾ ਪਾਰ ਉਤਾਰਾ ਨਹੀਂ ਹੋਣਾ। ਸਾਡੇ ਕੀ ਹੋ ਗਿਆ, ਕਲਜੁਗ ਵੜ ਗਿਆ? ਉਹ ਕਹਿੰਦਾ ਸੰਤਾਂ ਕੋਲ ਜਾਓ ਹੀ ਨਾ, ਸੰਤਾਂ ਦੀ ਗੱਲ ਹੀ ਨਾ ਸੁਣੋ। ਫੇਰ ਭਾਈ! ਮਰਜੀ ਹੈ ਸੰਤ ਕਿਹੜਾ ਰੌਲਾ ਪਾਉਂਦੇ ਨੇ ਕਿ ਤੂੰ ਜਰੂਰ ਮੇਰੇ ਕੋਲ ਆ। ਉਹ ਸੱਚ ਦੀ ਗੱਲ, ਸੱਚ ਦਾ ਹੋਕਾ ਦਿੰਦੇ ਫਿਰਦੇ ਨੇ ਕਿ ਤੇਰੇ ਭਾਗ ਨੇ, ਮਹਾਰਾਜ ਨੇ ਤਾਂ ਲਿਖ ਹੀ ਦਿੱਤਾ -

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ
ਤਿਨਿ ਜਨਿ ਲੈ ਹਿਰਦੈ ਰਾਖੀ॥ ਪੰਨਾ - 87

ਹਿਰਦੇ ਵਿਚ ਓਹੀ ਸਮਝਣਗੇ ਜਿਨ੍ਹਾਂ ਦੇ ਭਾਗ ਜਾਗ ਪਏ ਨੇ ਦੂਜੇ ਨੂੰ ਨਹੀਂ ਪਤਾ ਤੇ ਭਾਗ ਵੀ -

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥
ਪੰਨਾ - 204

ਸਾਰੇ ਪੜ੍ਹ ਲਓ -

ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,
ਸੇਵਾ ਕਰਕੇ ਮਾਣ ਪਾਈਦੈ -2, 2.
ਪਿਆਰੇ ਜੀ, ਸੇਵਾ ਕਰਕੇ ਮਾਣ ਪਾਈਦੈ-2
ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,.... -2.

ਸੋ ਇਸ ਤਰ੍ਹਾਂ ਸੇਵਾ ਤੇ ਸਿਮਰਨ। ਗੁਰੂ ਧਾਰ ਕੇ ਮੰਤਰ ਦਾ ਜਾਪ ਕਰਨਾ। ਦੋ ਦਿਨ ਤੋਂ ਆਪਾਂ ਇਹੀ ਵਿਚਾਰ ਕਰ ਰਹੇ ਹਾਂ ਕਿ -

ਮਨਹਠਿ ਕਿਨੈ ਨ ਪਾਇਓ............॥ ਪੰਨਾ - 86

ਬੇਅੰਤ ਦੁਨੀਆਂ ਕੁਰਲਾ-ਕੁਰਲਾ ਕੇ ਚਲੀ ਗਈ, ਮਨ ਦੇ ਹਠ ਨਾਲ ਵਾਹਿਗੁਰੂ ਨਹੀਂ ਮਿਲਦਾ, ਮੁਰਸ਼ਦ-ਏ-ਕਾਮਲ ਤੋਂ ਬਗੈਰ ਪਰਮੇਸ਼ਰ ਨਹੀਂ ਮਿਲਿਆ ਕਰਦਾ।

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈ ਧੰਨਾ ਵਡਭਾਗਾ॥ ਪੰਨਾ - 488

ਸੋ ਇਸ ਤਰ੍ਹਾਂ ਦੇ ਨਾਲ ਜੋ ਆਪਾਂ ਵਿਚਾਰਾਂ ਕਰੀਆਂ ਹਨ ਇਸ ਦਾ ਅੰਤਰੰਗ ਸਤਿਸੰਗ ਕਰਿਆ ਕਰੋ।

.... ***ਨਿਗੁਰੇ ਕਾ ਹੈ ਨਾਉ ਬੁਰਾ॥***
ਪੰਨਾ - 435

ਨਿਗੁਰਾ ਰਹਿਣ ਨਾਲ ਤਾਂ ਨਾਉ ਵੀ ਬੁਰਾ ਹੈ। ਜਿਥੇ ਨਿਗੁਰਾ ਪੁਰਸ਼ ਬੈਠ ਜਾਂਦਾ ਹੈ ਸਵਾ ਗਜ ਗਹਿਰੀ, ਸਵਾ ਗਜ ਚੌੜੀ ਧਰਤੀ ਭਰਿਸ਼ਟ ਹੋ ਜਾਂਦੀ ਹੈ। ਜਿਥੇ ਗੁਰੂ ਵਾਲਾ ਬੈਠ ਜਾਂਦਾ ਹੈ, ਨਾਮ ਜਪਣ ਵਾਲਾ ਬੈਠ ਜਾਂਦਾ ਹੈ, ਸਾਰੀ ਧਰਤੀ ਨੂੰ ਪਵਿੱਤਰ ਕਰ ਦਿੰਦਾ ਹੈ ਤੇ ਮੇਰੇ ਕੋਲ ਬਿਮਾਰ ਆਉਂਦੇ ਨੇ। ਮੈਂ ਕਿਹਾ ਤੁਸੀਂ ਸੰਗਤਾਂ ਦੀ ਚਰਨਧੂੜ ਲਾ ਲਓ ਮੱਥੇ ਨੂੰ ਠੀਕ ਹੋ ਜਾਓਂਗੇ। ਬਰਕਤਾਂ ਨੇ ਚਰਨਧੂੜ ਦੇ ਅੰਦਰ। ਕਿਉਂ? ਉਥੇ ਵਾਹਿਗੁਰੂ ਦੀ ਸ਼ਕਤੀ ਕੇਂਦਰਤ ਹੋਈ ਹੁੰਦੀ ਹੈ, ਉਸ ਵੇਲੇ ਪ੍ਰਤੱਖ ਰੂਪ ਵਿਚ ਪ੍ਰਗਟ ਹੋਈ ਹੁੰਦੀ ਹੈ। ਅੱਗ ਤਾਂ ਹੁੰਦੀ ਹੈ ਲਕੜਾਂ ਵਿਚ ਪਰ ਉਹ ਵਿਧੀ ਤੋਂ ਬਗੈਰ ਬਾਹਰ ਨਹੀਂ ਆਉਂਦੀ। ਜਦੋਂ ਇਥੇ ਸੰਗਤ ਬੈਠ ਕੇ ਹਰੀ ਨਾਲ ਜੁੜਦੀ ਹੈ, ਉਸ ਵੇਲੇ ਉਹ ਜਿਹੜੀ ਸ਼ਕਤੀ ਵਾਹਿਗੁਰੂ ਦੀ ਸ਼ਕਤੀ ਹੈ, ਉਹ ਥਾਂ ਪਵਿੱਤਰ ਕਰ ਜਾਂਦੀ ਹੈ। ਸੋ ਇਹ ਬੜਾ ਭਾਰੀ ਉਪਕਾਰ ਹੈ ਕਿ ਇਥੇ ਬੈਠ ਕੇ ਤੁਸੀਂ ਸਤਿਸੰਗ ਕਰਦੇ ਹੋ ਤੇ ਉਨ੍ਹਾਂ ਅਵਿਅਕਤ ਰੂਹਾਂ ਦਾ ਤੇ ਆਪਣਾ ਵੀ ਉਧਾਰ ਹੁੰਦਾ ਹੈ। ਹੁਣ ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ ਭਾਈ!

-ਗੁਰ ਸਤੋਤਰ-

- ਅਰਦਾਸ -

ਸੰਤ ਕਾ ਮਾਰਗ

ਸੰਤ ਵਰਿਆਮ ਸਿੰਘ ਜੀ
ਵਿ. ਗੁ. ਰੂ. ਮਿਸ਼ਨ

ਪ੍ਰਸ਼ਨ - ਅਗਿਆਨਤਾ ਦਾ ਭ੍ਰਮ ਦੁਖ ਕਿਸ ਸਾਧਨ ਨਾਲ ਦੂਰ ਹੋਇਆ ਕਰਦਾ ਹੈ ?

ਉਤਰ - ਅਗਿਆਨਤਾ, ਅਵਿਦਿਆ ਅਤੇ ਮਾਇਆ - ਇਹ ਸਾਰੇ ਹੀ ਭ੍ਰਮ ਦੁੱਖਾਂ ਦਾ ਮੂਲ ਹਨ। ਇਨ੍ਹਾਂ ਨੂੰ ਦੂਰ ਕਰਨ ਲਈ ਪੂਰੇ ਸਤਿਗੁਰੂ ਦੀ ਸੰਗਤ, ਬ੍ਰਹਮਗਿਆਨੀ ਦੀ ਸੰਗਤ ਦਾ ਮਿਲਾਪ, ਹਿਰਦੇ ਵਿਚ ਮਹਾਂਪੁਰਸ਼ਾਂ ਲਈ ਪੂਰਾ ਪਿਆਰ, ਸ਼ਰਧਾ ਅਤੇ ਗੁਰੂ ਸ਼ਬਦ ਉਤੇ ਪੂਰਾ ਭਰੋਸਾ ਹੋਣਾ ਬਹੁਤ ਜ਼ਰੂਰੀ ਹੈ।

ਅੰਤਸ਼ਕਰਣ ਵਿਚ ਜਨਮਾਂ-ਜਨਮਾਂਤਰਾਂ ਦੇ ਸੰਸਕਾਰ ਭਰੇ ਪਏ ਹਨ। ਚਾਰ ਕਿਸਮ ਦੀਆਂ ਮੁਖ ਹਾਲਤਾਂ ਅੰਤਸ਼ਕਰਣ ਵਿਚ ਪਿਛਲੀਆਂ ਜੂਨਾਂ ਹੰਢਾਉਣ ਕਰਕੇ ਜਮ੍ਹਾਂ ਪਈਆਂ ਹਨ। ਇਹ ਮੁੱਖ ਰੂਪ ਵਿਚ ਚਾਰ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ -

1. ਪਸ਼ੂ ਬਿਰਤੀ।

2. ਭੂਤ-ਪ੍ਰੇਤ ਬਿਰਤੀ।

3. ਮਾਰ-ਧਾੜ ਖਾਣ ਵਾਲੇ ਬਘਿਆੜ, ਸ਼ੇਰ ਆਦਿ ਜਾਨਵਰਾਂ ਦੀ ਬਿਰਤੀ।

4. ਵੱਲ-ਛੱਲ, ਕਪਟ, ਝੂਠ, ਠੱਗੀ-ਠੋਰੀ ਕਰਨ ਵਾਲੀ ਭੂਤ ਬਿਰਤੀ ਧਾਰਨ ਕਰਨੀ।

ਇਨ੍ਹਾਂ ਸਾਰੀਆਂ ਬਿਰਤੀਆਂ ਦੀ ਤਹਿ ਵਿਚ ਅੰਤਸ਼ਕਰਣ ਵਿਚ ਨਿਰਮਲ ਬਿਰਤੀ ਦਾ ਭੀ ਅਕਸ਼ (ਪ੍ਰਤੀਬਿੰਬ) ਰਹਿੰਦਾ ਹੈ। ਇਨ੍ਹਾਂ ਵਿਚੋਂ ਚਾਰ ਮੰਦ ਬਿਰਤੀਆਂ ਨਾਸਤਿਕਤਾ, ਮਨਮੁਖਤਾਈ ਦਾ ਕਾਰਨ ਹਨ ਜਿਨ੍ਹਾਂ ਕਰਕੇ ਜੀਵਨ ਵਿਚ ਇਨਸਾਨ ਨੂੰ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੂਸਰਾ ਇਸ ਤੋਂ ਬਿਨਾਂ ਇਨ੍ਹਾਂ ਮੈਲਾਂ ਦੇ ਉਤਪੰਨ ਕੀਤੇ ਹੋਏ ਤਿੰਨ ਦੋਖ ਆਦਮੀ ਨੂੰ ਪ੍ਰਮੇਸ਼ਰ ਨਾਲ ਮਿਲਣ ਵਿਚ ਬਹੁਤ ਹੀ ਵੱਡੀ ਰੁਕਾਵਟ ਹਨ। ਇਨ੍ਹਾਂ ਦੇ ਕ੍ਰਮਵਾਰ ਨਾਮ - ਮਲ, ਵਿਖਸ਼ੇਪ ਅਤੇ ਆਵਰਨ ਹਨ। ਇਨ੍ਹਾਂ ਦੋਖਾਂ ਨੂੰ ਦੂਰ ਕਰਨ ਲਈ ਨਾ ਤਾਂ ਦੁਨਿਆਵੀ ਵਿਦਿਆ ਅਤੇ ਨਾ ਹੀ ਦੁਨਿਆਵੀ ਮਾਇਕ ਪਦਾਰਥ, ਸਮਰੱਥ ਹਨ।

ਮਲ ਦੋਸ਼ - ਮਲ ਰੂਪ ਮੈਲ ਹੋਣ ਕਰਕੇ ਆਦਮੀ ਦੇ ਮਨ ਵਿਚ ਅਨੇਕ ਕਿਸਮ ਦੇ ਵਿਸ਼ਿਆਂ ਦੀ ਤ੍ਰਿਸ਼ਨਾ ਬਣੀ ਰਹਿੰਦੀ ਹੈ। ਉਸਦੀ ਬਿਰਤੀ ਸਤਿਸੰਗ, ਨਾਮ-ਸਿਮਰਨ, ਸਤਿ ਸ਼ਾਸ਼ਤਰਾਂ ਦੀ ਵਿਚਾਰ ਕਰਨ ਵਲੋਂ ਪੂਰੀ ਤਰ੍ਹਾਂ ਅਸਮਰੱਥ ਰਹਿੰਦੀ ਹੈ।

ਵਿਖਸ਼ੇਪ ਦੋਸ਼ - ਦੂਜਾ ਦੋਸ਼ ਵਿਖਸ਼ੇਪ ਦਾ ਸਦਾ ਹੀ ਵਿਸ਼ਿਆਂ ਦੀ ਚਿਤਵਨਾ ਵਿਚ ਅਤੇ ਜਗਤ ਦੇ ਵਿਵਹਾਰ ਸਿੱਧ ਕਰਨ ਦੀ ਚਿੰਤਾ ਵਿਚ, ਮਾਇਕ ਪਦਾਰਥ ਤੇ ਮਾਇਕ ਭੋਗ ਪ੍ਰਾਪਤ ਕਰਨ ਦੀ ਲਾਲਸਾ ਵਿਚ ਲੱਗਿਆ ਰਹਿਣ ਕਰਕੇ ਨਾ ਹੀ ਬਾਣੀ ਦਾ ਰਸ ਲੈ ਸਕਦਾ ਹੈ ਤੇ ਨਾ ਹੀ ਬਾਣੀ ਵਿਚ ਸੁਰਤਿ ਲਗਦੀ ਹੈ।

ਆਵਰਨ ਦੋਸ਼ - ਤੀਸਰਾ ਦੋਸ਼ ਆਵਰਨ ਦਾ ਹੈ। ਆਵਰਨ ਦੋਸ਼ ਹੋਣ ਕਰਕੇ ਜਗਤ ਦੀ ਅਸਲੀਅਤ ਨੂੰ ਨਹੀਂ ਤਕ ਸਕਦਾ ਜਿਵੇਂ ਕਿ ਅੱਖਾਂ ਦੇ ਹੁੰਦਿਆਂ ਹੋਇਆਂ, ਮੋਤੀਆ ਬਿੰਦ ਵਾਲਾ ਕੋਲ ਪਈਆਂ ਚੀਜ਼ਾਂ ਨੂੰ ਵੀ ਨਹੀਂ ਤਕ ਸਕਦਾ। ਸੋ ਆਵਰਨ ਦੇ ਹੁੰਦਿਆਂ ਜੀਵ ਅਗਿਆਨ ਵਿਚ ਗ੍ਰਸਤ ਰਹਿੰਦਾ ਹੈ। ਜਦੋਂ ਤਕ ਇਹ ਦੋਸ਼ ਨਵਿਰਤ ਨਹੀਂ ਹੁੰਦੇ, ਉਸ ਵੇਲੇ ਤਕ ਗਿਆਨ ਦਾ ਪ੍ਰਕਾਸ਼ ਪੂਰੀ ਤਰ੍ਹਾਂ ਅੰਤਸ਼ਕਰਣ ਵਿਚ ਲਿਸ਼ਕਾਰੇ ਨਹੀਂ ਮਾਰ ਸਕਦਾ ਅਤੇ ਜੀਵ ਜਨਮਾਂ-ਜਨਮਾਂਤਰਾਂ ਦੇ ਦੁਖਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਅੰਤਸ਼ਕਰਣ ਦੇ ਜੋ ਤਿੰਨੇ ਦੋਖ ਹਨ ਉਨ੍ਹਾਂ ਦੀ ਨਵਿਰਤੀ ਕ੍ਰਮਵਾਰ - ਕਰਮ, ਉਪਾਸ਼ਨਾ ਅਤੇ ਗਿਆਨ ਤੋਂ ਹੀ ਹੋਇਆ ਕਰਦੀ ਹੈ। ਸ਼ੁਭ ਕਰਮ ਅਤੇ ਨਿਸ਼ਕਾਮ ਕਰਮ ਅੰਤਸ਼ਕਰਣ ਦੇ ਮਲ ਦੋਖ ਨੂੰ ਦੂਰ ਕਰਦੇ ਹਨ। ਇਹ ਕਰਮ ਬਹੁਤ ਪ੍ਰਕਾਰ ਦੇ ਹਨ ਪਰ ਇਥੇ ਤਿੰਨ ਪ੍ਰਕਾਰ ਦੇ ਕਰਮਾਂ ਦੀ ਵਿਸ਼ੇਸ਼ ਜ਼ਰੂਰਤ ਹੈ। ਇਨ੍ਹਾਂ ਦੇ ਵਿਚ ਪਹਿਲਾ ਨਿਤਨੇਮ ਕਰਮ ਹੈ, ਦੂਸਰਾ ਵਾਚ ਕਰਮ ਹੈ ਤੇ ਤੀਸਰਾ ਮਾਨਸ ਕਰਮ ਹੋਇਆ ਕਰਦਾ ਹੈ।

ਨਿਤਨੇਮ ਕਰਮ - ਇਸ ਕਰਮ ਵਿਚ ਗੁਰੂ ਮਹਾਰਾਜ ਦਾ ਜੋ ਫੁਰਮਾਨ ਹੈ ਕਿ -

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥ ਪੰਨਾ - ੬੧੧

ਬਹੁਤ ਜ਼ਰੂਰੀ ਹੈ। ਸਰੀਰ ਦੀ ਸਫਾਈ, ਮੰਜਨ ਵਗੈਰਾ ਕਰਨਾ, ਚੰਗੀ ਤਰ੍ਹਾਂ ਨਾਲ ਮਲ ਕੇ ਇਸ਼ਨਾਨ ਕਰਨਾ, ਪੰਜ ਬਾਣੀਆਂ ਦਾ ਨਿਤਨੇਮ ਕਰਨਾ, ਗੁਰ ਧਾਮਾਂ ਦੀ ਸ਼ਰਧਾ ਨਾਲ ਯਾਤਰਾ ਕਰਨਾ, ਸਤਿਗੁਰੂ, ਸੰਤ ਸੇਵਾ, ਸੰਗਤਾਂ ਦੀ ਸੇਵਾ ਨਿਸ਼ਕਾਮ ਹਿਰਦੇ ਨਾਲ ਕਰਨੀ ਬਹੁਤ ਜ਼ਰੂਰੀ ਹੈ।

ਵਾਚਕ ਕਰਮ - ਬਾਣੀ ਦਾ ਪਾਠ ਕਰਨਾ, ਮੂਲਮੰਤ੍ਰ, ਗੁਰਮੰਤ੍ਰ ਦਾ ਵਿਧੀਪੂਰਵਕ ਜਾਪ ਕਰਨਾ, ਮੁੱਖ ਤੋਂ ਸਤਿ ਬਚਨ ਬੋਲਣੇ, ਕੀਰਤਨ ਕਰਨਾ, ਮਿੱਠੇ ਬਚਨ ਬੋਲਣੇ, ਵਾਚਕ ਕਰਮ ਹੋਇਆ ਕਰਦੇ ਹਨ।

ਮਾਨਸ ਕਰਮ - ਸਾਰੇ ਜੀਵਾਂ ਦੇ ਉਤੇ ਦਇਆ ਕਰਨੀ ਅਤੇ ਤਨ, ਮਨ, ਧਨ ਕਰਕੇ ਦੁਖੀ ਜੀਵਾਂ ਨੂੰ ਸੁਖ ਪਹੁੰਚਾਉਣ ਦਾ ਯਥਾਸ਼ਕਤ ਜਤਨ ਕਰਦੇ ਰਹਿਣਾ।

ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਪਛਾਣੈ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਪੰਨਾ - 274

ਮਨ ਨੂੰ ਪਰ-ਇਸਤਰੀ ਸੰਗਿ ਦੀ ਮਲੀਨਤਾ ਤੋਂ ਦੂਰ ਰੱਖਣ ਲਈ ਨਾ ਹੀ ਕਾਮਕ ਬਚਨ ਸੁਣਨੇ ਤੇ ਨਾ ਹੀ ਪਰ-ਇਸਤਰੀ ਨੂੰ ਦਿਲ ਵਿਚ ਯਾਦ ਕਰਨਾ, ਨਾ ਕਾਮਾਂਤਰ ਗੀਤ ਗਾਉਣੇ, ਨਾ ਹੀ ਚਿਤਵਨਾ ਕਰਨੀ ਅਤੇ ਨਾ ਹੀ ਇਕਾਂਤ ਹੋ ਕੇ ਪਰ-ਇਸਤਰੀ ਨੂੰ ਮਿਲਣ ਦਾ ਸਕੰਲਪ ਕਰਨਾ ਅਤੇ ਨਾ ਹੀ ਗੰਦੀਆਂ ਫਿਲਮਾਂ ਦੇਖਣੀਆਂ। ਇਨ੍ਹਾਂ ਕਰਮਾਂ ਨਾਲ ਆਦਮੀ ਦੇ ਮਨ ਵਿਚ ਕਾਮ ਸੰਕਲਪ, ਮਨ ਨੂੰ ਮਲੀਨ ਕਰ ਦਿੰਦੇ ਹਨ ਅਤੇ ਨਾਮ, ਬਾਣੀ ਵਲ ਮਨ ਦੀ ਰੁਚੀ ਬਿਲਕੁਲ ਹੀ ਨਹੀਂ ਰਹਿੰਦੀ। ਇਸ ਤੋਂ ਇਲਾਵਾ ਸੁਭਾਅ ਦੇ ਵਿਚ ਕਾਹਲਾ-ਪਣ ਨਾ ਹੋਣਾ, ਉਸ ਦੀ ਥਾਂ ਤੇ ਧੀਰਜੀ ਹੋਣਾ, ਜੀਵਾਂ ਤੇ ਖਿਮਾ ਕਰਨੀ, ਦਇਆ ਕਰਨੀ।

ਦੱਸਦੇ ਹਨ ਕਿ ਜੋ ਪ੍ਰਸਿੱਧ ਸਾਇੰਸਦਾਨ ਨਿਊਟਨ ਹੋਇਆ ਹੈ, ਉਸ ਨੇ ਕਈ ਸਾਲ ਖੋਜ ਕਰਨ ਉਪਰੰਤ ਆਪਣਾ ਰਿਕਾਰਡ ਆਪਣੀ ਮੇਜ਼ ਉਪਰ ਰੱਖਿਆ ਹੋਇਆ ਸੀ। ਮੋਮਬੱਤੀ ਦੇ ਚਾਨਣੇ ਵਿਚ ਲਿਖ ਰਿਹਾ ਸੀ। ਕਿਸੇ ਕੰਮ ਵਾਸਤੇ ਉਹ ਆਪਣੀ ਸੀਟ ਤੋਂ ਉਠ ਕੇ ਦੂਸਰੇ ਕਮਰੇ ਵਿਚ ਚਲਿਆ ਗਿਆ। ਉਸ ਦੀ ਬਿੱਲੀ ਨੇ ਮੇਜ਼ ਉਤੇ ਛਾਲ ਮਾਰੀ ਅਤੇ ਮੇਜ਼ ਤੇ ਪਈ ਮੋਮਬੱਤੀ ਗਿਰ ਗਈ, ਉਸ ਨੇ ਕਈ ਸਾਲਾਂ ਦੀ ਕੀਤੀ ਹੋਈ ਮਿਹਨਤ ਵਾਲੇ ਕਾਗਜ਼ਾਂ ਨੂੰ ਅੱਗ ਲਾ ਦਿਤੀ। ਜਦੋਂ ਨਿਊਟਨ ਆਇਆ ਤਾਂ ਸਾਰੇ ਕਾਗਜ਼ਾਤ ਜਲ ਚੁਕੇ ਸਨ ਅਤੇ ਬਿੱਲੀ ਡਰਦੀ ਮਾਰੀ ਸਹਿਮ ਕੇ ਬੈਠੀ ਹੋਈ ਸੀ। ਉਸ ਨੇ ਆਪਣੀ ਬਿੱਲੀ ਨੂੰ ਗੋਦ ਵਿਚ ਲੈ ਕੇ ਪਿਆਰ ਦੇਣਾ ਸ਼ੁਰੂ ਕੀਤਾ ਤੇ ਕਿਹਾ ਕਿ ਤੈਨੂੰ ਨਹੀਂ ਸੀ ਪਤਾ ਕਿ ਤੇਰੇ ਮਾਲਕ ਨੇ ਕਿੰਨੀ ਮਿਹਨਤ ਕਰਕੇ ਵਿਗਿਆਨਕ (Scientific) ਤੱਥ ਇਕੱਤਰ ਕੀਤੇ ਸਨ ਅਤੇ ਨਾ ਹੀ ਤੂੰ ਜਾਣਦੀ ਸੀ ਕਿ ਤੇਰੇ ਮਾਲਕ ਨੂੰ ਇਨ੍ਹਾਂ ਕਾਗਜ਼ਾਂ ਦੇ ਜਲਣ ਉਪਰੰਤ ਕਿੰਨਾਂ ਖੇਦ ਹੋਵੇਗਾ। ਤੂੰ ਫਿਕਰ ਨਾ ਕਰ ਅਤੇ ਨਾ ਹੀ ਡਰ ਕੇ ਸਹਿਮ; ਮੈਂ ਫੇਰ ਮਿਹਨਤ ਕਰਕੇ ਸਾਰੇ ਤੱਥ ਇਕੱਠੇ ਕਰ ਲਵਾਂਗਾ। ਬਿੱਲੀ ਨੂੰ ਪਲੋਸਦਾ ਰਿਹਾ ਤੇ ਪਿਆਰ ਦਿੰਦਾ ਰਿਹਾ ਅਤੇ ਆਪਣੇ ਧੀਰਜ ਨੂੰ ਨਹੀਂ ਗਵਾਇਆ।

ਸੰਤੋਖ ਵੀ ਮਾਨਸਿਕ ਕਰਮ ਹੈ ਜਿਸ ਨਾਲ ਹਿਰਦੇ ਦੀਆਂ ਵਾਸ਼ਨਾਵਾਂ ਦਾ ਜਵਾਰਭਾਟਾ ਸਦਾ ਹੀ ਸੰਤੁਲਨ ਵਿਚ ਰਹਿੰਦਾ ਹੈ ਅਤੇ ਤ੍ਰਿਸ਼ਨਾ ਦੀ ਅਗਨ ਭੜਕ ਕੇ ਸ਼ਾਂਤੀ ਦਾ ਨਾਸ਼ ਨਹੀਂ ਕਰਦੀ। ਇਸੇ ਤਰ੍ਹਾਂ ਦੇ ਨਾਲ ਸੰਸਾਰ ਵਿਚ ਹਰ ਘਟਿ ਵਿਚ ਵਸਦੇ ਵਾਹਿਗੁਰੂ ਨੂੰ ਪਛਾਣ ਕੇ ਸਭ ਨਾਲ ਪਿਆਰ-ਪ੍ਰੇਮ ਦਾ ਵਰਤਾਰਾ ਰੱਖਣਾ, ਕਿਸੇ ਨਾਲ ਨਫ਼ਰਤ ਨਾ ਕਰਨੀ, ਕਿਸੇ ਲਈ ਵੈਰ ਭਾਵਨਾ ਨਾ ਰੱਖਣੀ, ਕਿਸੇ ਨਾਲ ਕ੍ਰੋਧ ਕਰਕੇ ਉਸਨੂੰ ਨੁਕਸਾਨ ਪਹੁੰਚਾਉਣ ਦਾ ਜਤਨ ਨਾ ਕਰਨਾ, ਦੋਖ ਦ੍ਰਿਸ਼ਟੀ ਕਿਸੇ ਨਾਲ ਭੀ ਧਾਰਨ ਨਾ ਕਰਨੀ, ਸਭਨਾਂ ਜੀਵਾਂ ਨਾਲ ਪਿਆਰ ਕਰਨਾ, ਇਹ ਤਿੰਨ ਕਰਮਾਂ ਦੇ ਨਾਲ ਮਲ ਦੋਖ ਦੂਰ ਹੋ ਜਾਇਆ ਕਰਦਾ ਹੈ।

ਵਿਖਸ਼ੇਪ ਦੋਖ ਕਰਕੇ ਮਨ ਇਕ ਸੈਕਿੰਡ ਵਾਸਤੇ ਵੀ ਨਹੀਂ ਟਿਕਦਾ। ਇਸਨੂੰ ਦੂਰ ਕਰਨ ਲਈ ਉਪਾਸ਼ਨਾ ਦਾ ਸਾਧਨ ਅਤਿਅੰਤ ਜ਼ਰੂਰੀ ਹੈ। ਇਸ ਦੇ ਵਿਚ ਗੁਰੂ ਰੂਪ ਦਾ ਸਾਕਾਰ ਧਿਆਨ ਜਾਂ ਗੁਰੂ ਸ਼ਬਦ ਦੀ ਧੁਨ ਦਾ ਅਖੰਡ ਧਿਆਨ ਜਾਂ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਪ੍ਰਭੂ ਦਾ ਧਿਆਨ ਕਰਨਾ ਬਹੁਤ ਹੀ ਜ਼ਰੂਰੀ ਹੈ। ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਪੰਨਾ - 864

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥ ਪੰਨਾ - 879

ਸੋ ਉਸ ਧੁਨ ਦੇ ਧਿਆਨ ਦੀ ਪਰਪੱਕਤਾ ਨਾਲ ਅੰਤਸ਼ਕਰਣ ਦੀ ਮਲ ਹਟਕੇ ਬਿਰਤੀ ਸ਼ਰਧਾਕਾਰ ਹੋ ਜਾਇਆ ਕਰਦੀ ਹੈ ਅਤੇ ਅੰਤਸ਼ਕਰਣ ਵਿਚ ਰਸ ਦੀ, ਅੰਮ੍ਰਿਤ ਧਾਰ ਦੀ ਨਿਝਰ ਧਾਰ ਝਰਦੀ ਹੈ। ਇਸ ਨਾਲ ਵਿਖਸ਼ੇਪਤਾ ਦੋਖ ਦੂਰ ਹੋ ਜਾਂਦਾ ਹੈ।

ਤੀਸਰਾ ਆਵਰਨ ਦੀ ਨਵਿਰਤੀ ਵਾਸਤੇ ਤੱਤ ਬੇਤੇ ਮਹਾਪੁਰਸ਼ ਦੀ ਸੰਗਤ ਰਾਹੀਂ, ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਅਤੇ ਇਸਦੀ ਪਰਪੱਕਤਾ ਦੇ ਜਤਨ ਕਰਨੇ। ਇਸ ਨਾਲ ਗਿਆਨ ਦਾ ਝਲਕਾਰਾ ਵਜਦਾ ਹੈ। ਜਦੋਂ ਗਿਆਨ ਦਾ ਪ੍ਰਕਾਸ਼ ਅੰਤਸ਼ਕਰਣ ਵਿਚ ਪ੍ਰਗਟ ਹੋ ਜਾਵੇ ਤਾਂ ਤੀਸਰਾ ਦੋਸ਼ 'ਆਵਰਨ' ਨਵਿਰਤ ਹੋ ਜਾਇਆ ਕਰਦਾ ਹੈ।

ਪ੍ਰਸ਼ਨ - ਉਤਪਤ ਹੋਏ ਗਿਆਨ ਦੀ ਰਖਸ਼ਾ ਕਿਹੜੇ ਸਾਧਨਾਂ ਦੇ ਨਾਲ ਹੁੰਦੀ ਹੈ?

ਉਤਰ - ਇਸ ਬਾਰੇ ਮਹਾਂਪੁਰਸ਼ਾਂ ਦੇ ਮੱਤ ਹਨ ਕਿ ਸਤਿ ਦੀ ਪ੍ਰਾਪਤੀ ਵਾਸਤੇ ਗਿਆਨ ਦੀ ਬਹੁਤ ਅਵੱਸ਼ਕਤਾ ਹੈ। ਗਿਆਨ ਗੁਰੂ ਤੋਂ ਬਗੈਰ ਨਹੀਂ ਹੋਇਆ ਕਰਦਾ। ਜਿਸ ਤਰ੍ਹਾਂ ਗੁਰਬਾਣੀ ਵਿਚ ਫੁਰਮਾਨ ਹੈ -

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥

ਪੰਨਾ - 59

ਪੂਰਨ ਗੁਰੂ ਦੇ ਲੱਛਣ ਜੋ ਗੁਰਬਾਣੀ ਵਿਚ ਆਉਂਦੇ ਹਨ, ਉਨ੍ਹਾਂ ਬਾਰੇ ਫੁਰਮਾਨ ਹੈ -

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ॥ ਪੰਨਾ - 1291

ਉਹ ਘਰ ਜਿਸਦਾ ਜ਼ਿਕਰ ਗੁਰੂ ਮਹਾਰਾਜ ਜੀ ਨੇ ਇਸ ਮਹਾਂਵਾਕ ਰਾਹੀਂ ਫੁਰਮਾਇਆ ਹੈ ਕਿ ਉਹ ਆਦਮੀ ਦੇ ਸਰੀਰ ਦੇ ਅੰਦਰ ਹੀ ਹੈ, ਜਿਥੇ ਅਗਿਆਨ ਦੀ ਮੈਲ ਛੋਹ ਨਹੀਂ ਸਕਦੀ। ਪਰ ਉਥੇ ਤੱਕ ਪੁੱਜਣ ਲਈ ਬਹੁਤ ਕਰੜਾ ਸੰਘਰਸ਼ ਗੁਰੂ ਦੀ ਕ੍ਰਿਪਾ ਨਾਲ, ਬਹੁਤ ਹੀ ਸ਼ਕਤੀਸ਼ਾਲੀ ਅੰਤਰੀਵੀ ਫੌਜ ਨਾਲ ਜਿਸਦੇ ਸਮੂੰਹ ਨੂੰ ਆਸਰੀ ਸੰਪਰਦਾ ਕਹਿੰਦੇ ਹਨ, ਨਾਲ ਕਰਨਾ ਪੈਂਦਾ ਹੈ। ਇਸਦੇ ਅਜਿੱਤ ਸੂਰਮੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਆਸਾ, ਅੰਦੇਸ਼ਾ, ਤ੍ਰਿਸ਼ਨਾ, ਪਾਖੰਡ, ਕਪਟ ਆਦਿ ਹਨ। ਜਿਨ੍ਹਾਂ ਦੇ ਅੱਗੇ ਇਕੱਲੇ ਜੀਵ ਦੀ ਕੋਈ ਪੇਸ਼ ਨਹੀਂ ਜਾਂਦੀ। ਗੁਰੂ ਦੀ ਕ੍ਰਿਪਾ ਅਤੇ ਸਾਧੂ ਦੀ ਸੰਗਤ ਨਾਲ ਸਤਿ, ਸੰਤੋਖ, ਸ਼ਾਂਤੀ, ਧੀਰਜ, ਦਇਆ, ਖਿਮਾ, ਵਿਵੇਕ ਆਦਿ ਸੂਰਮਿਆਂ ਨੂੰ ਨਾਲ ਲੈ ਕੇ ਇਕ ਮਹਾਂਯੁੱਧ, ਮਹਾਂਭਾਰਤ ਤੋਂ ਕਿਤੇ ਵਧੀਕ ਕਰੜਾ, ਕਰਨਾ ਪੈਂਦਾ ਹੈ ਕਿਉਂਕਿ ਇਸ ਸਰੀਰ ਦਾ ਮਾਲਕ ਜੀਵ ਆਤਮਾ, ਗਲਤੀ ਕਰਕੇ ਵੈਰੀਆਂ ਦੇ ਦਾਵ-ਪੇਚ, ਚਾਲਾਂ ਵਿਚ ਬੁਰੀ ਤਰ੍ਹਾਂ ਉਲਝ ਗਿਆ ਹੈ ਅਤੇ ਉਨ੍ਹਾਂ ਨੂੰ ਮਿੱਤਰ ਅਤੇ ਸਹਾਇਕ ਜਾਣ ਕੇ ਅਪਣੱਤ ਦਿਖਾਉਂਦਾ, ਸਨੇਹ ਨਾਲ ਵਰਤ ਰਿਹਾ ਹੈ। ਜੋ ਸਦਾ ਸੰਗ ਰਹਿਣ ਵਾਲਾ ਵਾਹਿਗੁਰੂ, ਗੁਰ ਉਪਦੇਸ਼, ਗੁਰੂ ਮਿਹਰ, ਸਾਧੂ ਦੀ ਕ੍ਰਿਪਾ ਹੈ - ਇਸ ਤੋਂ ਸਦਾ ਹੀ ਮੂੰਹ ਮੋੜ ਕੇ ਰੱਖਦਾ ਹੈ ਅਤੇ ਵੈਰੀ ਇਸਦੇ ਨਾਮ ਧਨ ਨੂੰ ਲੁੱਟ ਕੇ ਇਸਨੂੰ ਕੰਗਾਲ, ਦਲਿੱਦਰੀ ਅਤੇ ਬੇ-ਵਸ ਬਣਾ ਦਿੰਦੇ ਹਨ। ਜਿਵੇਂ ਕਿ ਫੁਰਮਾਨ ਹੈ-

ਸੰਗਿ ਸਹਾਈ ਸੁ ਆਵੈ ਨ ਚੀਤਿ॥
ਜੋ ਬੈਰਾਈ ਤਾ ਸਿਉ ਪ੍ਰੀਤਿ॥
ਬਲੂਆ ਕੇ ਗ੍ਰਿਹ ਭੀਤਰਿ ਬਸੈ॥
ਅਨਦ ਕੇਲ ਮਾਇਆ ਰੰਗਿ ਰਸੈ॥
ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥
ਕਾਲੁ ਨ ਆਵੈ ਮੂੜੇ ਚੀਤਿ॥
ਬੈਰ ਬਿਰੋਧ ਕਾਮ ਕ੍ਰੋਧ ਮੋਹ॥
ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 267

ਸੋ ਇਸ ਤਰ੍ਹਾਂ ਏਸ ਭੁੱਲੇ ਹੋਏ ਜੀਵ ਨੂੰ ਇਨ੍ਹਾਂ ਮਹਾਂ ਭਿਆਨਕ ਸ਼ਤਰੂਆਂ ਤੋਂ ਛੁਡਾਉਣ ਲਈ ਬਹੁਤ ਕਰੜੇ ਸੰਘਰਸ਼ ਦੀ ਲੋੜ ਹੈ ਅਤੇ ਗੁਰੂ ਉਪਰ ਪੂਰਨ ਸ਼ਰਧਾ ਦੀ ਜ਼ਰੂਰਤ ਹੈ। ਇਸੇ ਲਈ ਕਿਹਾ ਹੈ -

ਖ਼ਾਲਸਾ ਸੋ ਜੋ ਕਰੈ ਨਿਤ ਜੰਗ॥

ਤੇ ਇਸੇ ਸਬੰਧ ਵਿਚ ਦਸ਼ਮੇਸ਼ ਪਿਤਾ ਨੇ -

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌਂ,
ਇਹ ਲਾਲਚ ਹਉ ਗੁਨ ਤਉ ਉਚਰੌਂ॥
ਜਬ ਆਵ ਕੀ ਅਉਧ ਨਿਧਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ॥

ਦੀ ਕਾਮਨਾ ਕੀਤੀ ਹੈ।

ਸੋ ਇਸ ਤਰ੍ਹਾਂ ਗਿਆਨ; ਗੁਰੂ ਪ੍ਰਤੀਤੀ, ਮਹਾਂਵਾਕਾਂ ਦੀ ਕਮਾਈ ਕੀਤੇ ਬਗੈਰ ਹਿਰਦੇ ਵਿਚ ਆਪਣੇ-ਆਪ ਪ੍ਰਗਟ ਨਹੀਂ ਹੋਇਆ ਕਰਦਾ। ਮਹਾਂਪੁਰਸ਼ਾਂ ਦੇ ਬਚਨਾਂ ਰਾਹੀਂ ਅੰਤਲਾ ਭਰਮ ਦਾ ਪਰਦਾ ਟੁਟਦਾ ਹੈ ਅਤੇ ਜੀਵ ਦਾ ਭ੍ਰਮਕ ਹਸਤੀ ਜੋ ਤਿੰਨ ਕਾਲ ਮਿਥਿਆ ਹੈ, ਤੋਂ ਛੁਟਕਾਰਾ ਮਿਲ ਕੇ ਆਪਣੇ ਆਤਮ ਸਰੂਪ ਨੂੰ ਲੱਖਦਾ ਹੈ।

ਸੋ ਇਸ ਅਵਸਥਾ ਨੂੰ ਪਹੁੰਚਣ ਲਈ ਮਹਾਂਪੁਰਸ਼ਾਂ ਨੇ ਕੁਝ ਸਾਧਨਾਂ ਦੀ ਵਿਆਖਿਆ ਕੀਤੀ ਹੈ।

੧. ਵਿਵੇਕ - ਵਿਵੇਕ ਬਿਰਤੀ ਨੂੰ ਹੰਸ ਦੇ ਨਾਲ ਤਰਜੀਹ ਦਿੰਦੇ ਹਨ ਜਿਵੇਂ ਹੰਸ ਸਾਹਮਣੇ ਪਏ ਦੁੱਧ ਵਿਚੋਂ ਪਾਣੀ ਛੱਡ ਕੇ ਦੁੱਧ ਦੀਆਂ ਫੁੱਟੀਆਂ ਖਾ ਲੈਂਦਾ ਹੈ। ਏਸੇ ਤਰ੍ਹਾਂ ਨਾਲ ਵਿਵੇਕੀ ਨਿਰੰਤਰ ਸਤਿ ਅਤੇ ਅਸੱਤਿ ਦੀ ਵਿਚਾਰ ਵਿਚ ਸਦੀਵ ਕਾਲ ਪ੍ਰਵੇਸ਼ ਰੱਖਦਾ ਹੈ। ਇਸ ਸੰਸਾਰ ਦੇ ਅੰਦਰ ਸਤਿ ਵਸਤੂ ਕੇਵਲ ਆਤਮਾ ਹੀ ਹੈ ਅਤੇ ਆਤਮਾ ਤੋਂ ਉਤਪਤ ਹੋਇਆ ਜਗਤ ਇਕ ਭਰਮ ਮਾਤਰ ਸੁਪਨੇ ਦੀ ਮਨੋਮਈ ਸੰਪਤ ਹੈ। ਨਿਤ ਅਤੇ ਅਨਿਤ ਦੀ ਵਿਚਾਰ ਕਰਦੇ ਰਹਿਣਾ ਕਿ ਨਿਤ ਆਤਮਾ ਹੈ ਅਤੇ ਅਨਿਤ ਸਾਰਾ ਦ੍ਰਿਸ਼ਟਮਾਨ ਹੈ। ਦ੍ਰਿਸ਼ਟਮਾਨ ਪਰਿਵਰਤਨਸ਼ੀਲ ਹੋਣ ਕਰਕੇ ਮਿਥਿਆ ਹੈ ਜਿਵੇਂ ਕਿ ਫੁਰਮਾਨ ਹੈ -

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ ਪੰਨਾ - 1083

ਸੋ ਸਤਿ ਕੇਵਲ ਪ੍ਰਮੇਸ਼ਰ ਆਪ ਹੀ ਸਭਨਾਂ ਘਟਾਂ ਵਿਚ ਵਰਤ ਕੇ ਆਪਣੇ ਆਪ ਤੋਂ ਆਪ ਹੀ ਅਨੇਕ ਰੂਪ ਧਾਰ ਕੇ ਆਪਣੀ ਮਹਿਮਾ ਵਿਚ ਸਥਿਤ ਹੈ। ਜਿਵੇਂ ਕਿ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ-

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥

ਜਾਪੁ ਸਾਹਿਬ

ਸੋ ਐਸੇ ਵਿਚਾਰਾਂ ਨੂੰ ਹਿਰਦੇ ਵਿਚ ਸਦਾ ਹੀ ਚਿਤਵਦੇ ਰਹਿਣ ਦਾ ਨਾਂ **ਵਿਵੇਕ** ਹੈ।

2. ਵੈਰਾਗ - ਜੋ ਕੁਛ ਵੀ ਦਿਸ ਰਿਹਾ ਹੈ, ਇਹ ਸਾਰਾ ਹੀ ਨਾਸ਼ਵਾਨ ਅਤੇ ਪਰਿਵਰਤਨਸ਼ੀਲ ਛਿੰਨ-ਛਿੰਨ ਵਿਚ ਬਦਲਣ ਵਾਲਾ, ਸੰਸਾਰ ਰੂਪ ਹੋ ਕੇ ਭਾਸ ਰਿਹਾ ਹੈ। ਇਸਦਾ ਅਧਾਰ, ਵਾਹਿਗੁਰੂ ਜੀ, ਆਪ ਸਦਾ ਇਕ ਰਸ ਰਹਿਣ ਵਾਲਾ, ਨਿਤ ਅਤੇ ਅ-ਬਦਲ, ਘਟਿ-ਘਟਿ ਵਿਚ ਵਿਆਪਕ ਜਿਸਦੇ ਅਧਾਰ ਤੇ ਸਾਰੇ ਦ੍ਰਿਸ਼ਟਮਾਨ ਦਾ ਰੂਪ,

ਰੰਗ, ਨਾਮ-ਠਾਮ, ਜਾਤ-ਜਿਨਸ ਨਜ਼ਰੀ ਪੈ ਰਿਹਾ ਹੈ। ਉਸ ਪ੍ਰਭੂ ਨੂੰ ਨਿਤ ਜਾਣ ਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਸਾਰੇ ਅਨਰਥ ਰੂਪ ਅਨਿਤ ਦਾ ਤਿਆਗ ਕਰਦੇ ਰਹਿਣਾ ਵੈਰਾਗ ਕਹਾਉਂਦਾ ਹੈ।

3. **ਖਟਸਮਤੀ** – ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ।।

ਛਠੀ ਤਿਤੀਕਸ਼ਾ ਜਾਨਿਏਂ ਭਿੱਨ ਭਿੱਨ ਯਹ ਨਾਮ।।
ਮਨ ਵਿਸ਼ਯਨ ਤੇ ਰੋਕ ਨੌਂ ਸ਼ਮ ਤਿਹਿੰ ਕਹਤ ਸੁਧੀਰ।।
ਇੰਦ੍ਰਯਗਣ ਕੌ ਰੋਕਨੌਂ ਦਮ ਭਾਖਤ ਬੁਧ ਵੀਰ।।
ਵਿਚਾਰ ਸਾਗਰ ਪੰਨਾ ੫

(i) **ਸਮ** – ਇਹ ਦਸ ਪ੍ਰਕਾਰ ਦਾ ਹੁੰਦਾ ਹੈ –

(ੳ) ਹਿੰਸਾ ਦਾ ਤਿਆਗ :– ਅਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ – ਮਾਨਸਿਕ ਅਹਿੰਸਾ, ਵਾਕ ਅਹਿੰਸਾ, ਦੇਹ ਅਹਿੰਸਾ। ਮਨ ਕਰਕੇ ਕਿਸੇ ਦਾ ਬੁਰਾ ਨਾ ਚਿਤਵਨਾ, ਸਰਬੱਤ ਦੇ ਭਲੇ ਦੀ ਕਾਮਨਾ ਮਨ ਵਿਚ ਰੱਖਣਾ। ਇਹ **'ਮਾਨਸਿਕ ਅਹਿੰਸਾ'** ਹੈ।

ਗੁਰੂ ਦੇ ਸਿਧਾਂਤ ਮੁਤਾਬਿਕ ਫਿਕਾ ਬੋਲ ਕੇ ਦਿਲ ਨਾ ਤੋੜਨਾ, ਕ੍ਰੋਧ ਨਾਲ ਕਿਸੇ ਨੂੰ ਕੁ-ਬਚਨ ਨਾ ਬੋਲਣਾ, ਝੂਠ ਨਾ ਬੋਲਣਾ, ਕਪਟ ਦੇ, ਛਲ ਦੇ ਬਚਨ ਨਾ ਕਰਨਾ **'ਵਾਕ ਅਹਿੰਸਾ'** ਹੈ।

ਸਰੀਰ ਕਰਕੇ ਜਾਂ ਸ਼ਸ਼ਤਰਾਂ ਦੀ ਮਦਦ ਨਾਲ ਜੀਵਾਂ ਨੂੰ ਨਾ ਦੁਖ ਦੇਣਾ, ਨਾ ਜਾਨ ਤੋਂ ਮਾਰਨਾ, ਦੂਸਰੇ ਦਾ ਨੁਕਸਾਨ ਨਾ ਕਰਨਾ; ਇਹ **'ਸਰੀਰਕ ਅਹਿੰਸਾ'** ਹੈ। ਇਸ ਉਪਰ ਪਾਬੰਦ ਰਹਿਣਾ ਅਹਿੰਸਾ ਕਹਾਉਂਦੀ ਹੈ।

(ਅ) ਝੂਠ ਬਿਲਕੁਲ ਨਾ ਬੋਲੇ; ਜਿਥੇ ਕਿਸੇ ਦਾ ਸੱਚ ਬੋਲਣ ਨਾਲ ਘਾਤ ਹੁੰਦਾ ਹੋਵੇ, ਗਰੀਬਮਾਰ ਹੁੰਦੀ ਹੋਵੇ, ਉਥੇ ਮੋਨ ਹੀ ਧਾਰਨ ਕਰੇ।

(ੲ) ਅਚੋਰੀ – ਕਿਸੇ ਦਾ ਧਨ ਪਦਾਰਥ ਸੰਨ੍ਹ ਲਾ ਕੇ, ਧੱਕੇ ਨਾਲ ਜ਼ੋਰ-ਜ਼ਬਰ ਨਾਲ ਖੋਹ ਕੇ ਜਾਂ ਰਿਸ਼ਵਤ ਲੈ ਕੇ ਆਪਣਾ ਨਾ ਬਣਾਵੇ ਅਤੇ ਕਿਸੇ ਦੀ ਕਵਿਤਾ, ਕਿਸੇ ਦੇ ਲੇਖ, ਕਿਸੇ ਦੇ ਪੁਸਤਕ ਵਿਚ ਆਏ ਬਚਨਾਂ ਨੂੰ ਨਿਰਲੱਜਤਾ ਨਾਲ ਆਪਣਾ ਬਣਾ ਕੇ ਨਾ ਦੱਸੇ। ਇਸਨੂੰ ਖਿਆਲਾਂ ਦੀ ਚੋਰੀ ਆਖਦੇ ਹਨ। ਕਿਸੇ ਦੀ ਗੁਪਤ ਗੱਲ ਸੁਣਨ ਦਾ ਜਤਨ ਨਾ ਕਰੇ ਅਤੇ ਨਾ ਹੀ ਕਿਸੇ ਵਲ ਬੁਰੀ ਨਜ਼ਰ ਨਾਲ ਵੇਖੇ।

(ਸ) ***'ਏਕਾ ਨਾਰੀ ਸਦਾ ਜਤੀ'*** ਗ੍ਰਿਹਸਤੀ ਲਈ ਬਹੁਤ ਜ਼ਰੂਰੀ ਹੈ ਅਤੇ ਬਿਹੰਗਮ ਲਈ ਪੂਰਨ 'ਬ੍ਰਹਮਚਰੀਯ' ਧਾਰਨ ਕਰਨਾ, ਅੱਠ ਰਹਿਤਾਂ ਦਾ ਧਾਰਨੀ ਹੋਣਾ ਬਹੁਤ ਹੀ ਜ਼ਰੂਰੀ ਹੈ। ਉਹ ਰਹਿਤਾਂ ਹਨ– ਇਕਾਂਤ ਵਿਚ ਨਾ ਮਿਲਣਾ, ਇਕਾਂਤ ਵਿਚ ਬੁਰੇ ਇਰਾਦੇ ਦੇ ਨਾਲ ਨਾ ਗੱਲ ਕਰਨੀ, ਇਸਤਰੀ ਦੇ ਅੰਗਾਂ, ਪ੍ਰ-ਅੰਗਾਂ ਦੀਆਂ ਗੱਲਾਂ ਨਾ ਕਰਨੀਆਂ, ਅੰਗ ਨਾ ਪਰਸਨੇ, ਹਿਤ ਨਾਲ ਨਾ ਦੇਖਣਾ, ਮਨ ਵਿਚ ਮੰਦ ਵਾਸ਼ਨਾ ਦੀ ਚਿਤਵਨੀ ਨਾ ਕਰਨੀ ਆਦਿ ਹੋਰ ਰਹਿਤਾਂ ਦਾ ਧਾਰਨੀ ਹੋਣਾ ਜੱਤ ਕਹਾਉਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਨੇ – ***'ਰੇ ਮਨ ਐਸੋ ਕਰਿ ਸੰਨਿਆਸਾ।।'*** ਵਿਚ ਜੱਤ ਦੀਆਂ ਜਟਾਂ ਧਾਰਨ ਕਰਨੀਆਂ ਫੁਰਮਾਇਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਵੀ – ***'ਜਤੁ ਪਾਹਾਰਾ ਧੀਰਜੁ ਸੁਨਿਆਰੁ।।'*** ਵਿਚ ਫੁਰਮਾਨ ਕੀਤਾ ਹੈ। ਮਨ ਦੀਆਂ ਵਾਸ਼ਨਾਵਾਂ ਇਸ ਕੁਕਰਮ ਵਲੋਂ ਰੋਕਣੀਆਂ ਜੱਤ ਕਹਾਉਂਦੀਆਂ ਹਨ।

(ਹ) ਧੀਰਜ – ਦੁੱਖ-ਸੁੱਖ, ਹਾਣ-ਲਾਭ, ਆਦਰ-ਨਿਰਾਦਰ ਵਿਚ ਸਮਬਿਰਤੀ ਦਾ ਧਾਰਨੀ ਹੋਣਾ ਧੀਰਜ ਕਹਾਉਂਦੀ ਹੈ।

(ਕ) ਖਿਮਾ – ਕਿਸੇ ਦੇ ਔਗੁਣ ਵੇਖ ਕੇ ਉਸਨੂੰ ਮੁਆਫ ਕਰ ਦੇਣਾ, ਸਿੱਧੇ ਰਸਤੇ ਪਾ ਦੇਣਾ ਅਤੇ ਉਸਦਾ ਕਿਸੇ ਤਰ੍ਹਾਂ ਵੀ ਨੁਕਸਾਨ ਨਾ ਕਰਨਾ, ਖਿਮਾ ਕਹਾਉਂਦੀ ਹੈ। ਖਿਮਾਵੰਤ ਪੁਰਸ਼ ਉਦਾਰ ਵੀ ਹੁੰਦਾ ਹੈ ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਇੱਟ ਮਾਰਨ ਵਾਲੇ ਬੱਚੇ ਨੂੰ ਉਸਦੀ ਬੇਰ ਝਾੜਨ ਵਾਲੀ ਕ੍ਰਿਆ ਨੂੰ ਆਪਣੇ ਨਾਲ ਤੁਲਨਾ ਦਿੰਦਿਆਂ ਹੋਇਆਂ ਦੋ ਪਿੰਡ ਬਖਸ਼ ਦਿੱਤੇ। ਇਹ ਖਿਮਾ ਦੀ ਬਹੁਤ ਉਚੀ ਮਿਸਾਲ ਹੈ।

(ਖ) ਦਇਆ – ਕਿਸੇ ਜੀਵ ਨੂੰ ਦੁਖੀ ਦੇਖ ਕੇ ਉਸਦੀ ਸਹਾਇਤਾ ਅੰਨ, ਵਸਤਰ, ਪੈਸੇ ਆਦਿ ਨਾਲ ਕਰਨੀ ਅਤੇ ਉਸ ਦੀਆਂ ਲੋੜਾਂ ਯਥਾਸ਼ਕਤ ਪੂਰੀਆਂ ਕਰਨੀਆਂ। ਸੰਕਟ ਵਿਚ ਆਏ ਨੂੰ ਦੁਖ ਦੂਰ ਕਰਨ ਲਈ ਕੋਈ ਹੱਲ ਦੱਸਣਾ, ਦਇਆ ਕਹਾਉਂਦੀ ਹੈ। ਨਿਰਦਈ ਪੁਰਸ਼ ਦੇ ਹਿਰਦੇ ਵਿਚ ਧਰਮ ਕਿਸੇ ਹਾਲਤ ਵਿਚ ਵੀ ਜਨਮ ਨਹੀਂ ਲੈ ਸਕਦਾ। ਜਿਵੇਂ ਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ –

ਧੌਲੁ ਧਰਮੁ ਦਇਆ ਕਾ ਪੂਤੁ।। ਪੰਨਾ – 3

ਇਨ੍ਹਾਂ ਗੁਰਵਾਕਾਂ ਦੇ ਪ੍ਰਕਾਸ਼ ਵਿਚ ਬਹੁਤ ਹੀ ਅਸੰਭਵ ਲਗਦਾ ਹੈ ਕਿ ਜੀਵਾਂ ਨੂੰ ਮਾਰ ਕੇ ਖਾਣ ਵਾਲੇ ਆਪਣੇ-ਆਪ ਨੂੰ ਕਿਵੇਂ ਧਰਮੀ ਅਖਵਾਉਂਦੇ ਹਨ – ਜਿਵੇਂ ਕਿ ਫੁਰਮਾਨ ਹੈ –

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ
ਅਧਰਮੁ ਕਹਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰਿ ਥਾਪਹੁ
ਕਾ ਕਉ ਕਹਹੁ ਕਸਾਈ।। ਪੰਨਾ – 1103

ਗੁਰੂ ਧਰਮ ਅਤੇ ਆਮ ਧਰਮਾਂ ਵਿਚ ਦਇਆ ਦੇ ਕਈ ਪ੍ਰਮਾਣ ਆਉਂਦੇ ਹਨ ਜਿਵੇਂ ਕਿ ਰਾਵੀਆ ਜੀ ਨੇ ਹੱਜ ਕਰਦਿਆਂ ਮੱਕੇ ਤੋਂ ੬੦ ਕੋਹ ਉਰੇ ਇਕ ਕੁੱਤੀ ਨੂੰ ਆਪਣੇ ਸਿਰ ਦੇ ਵਾਲ ਅਤੇ ਸਾਰੇ ਕੱਪੜੇ ਪਾੜ ਕੇ ਪਾਣੀ ਕੱਢ ਕੇ, ਕੁੱਤੀ ਅਤੇ ਕਤੂਰਿਆਂ ਨੂੰ ਪਿਲਾਇਆ ਸੀ ਅਤੇ ਆਪ ਧਰਤੀ ਖੋਦ ਕੇ ਮਿੱਟੀ ਵਿਚ ਬੈਠ ਕੇ ਆਪਣੇ ਸਰੀਰ

ਨੂੰ ਢੱਕਿਆ। ਐਸਾ ਮਹਾਂਪੁਰਸ਼ ਦੱਸਦੇ ਹਨ ਕਿ ਉਸਨੂੰ ਦਰਸ਼ਨ ਦੇਣ ਵਾਸਤੇ ਕਾਹਬਾ ਸ਼ਰੀਫ ੬੦ ਮੀਲ ਤੋਂ ਉਸਦੇ ਸਾਹਮਣੇ ਆਇਆ। ਇਸੇ ਤਰ੍ਹਾਂ ਨਾਲ ਗੁਰੂ ਦਰਸ਼ਨਾਂ ਨੂੰ ਆਉਂਦੀ ਸੰਗਤ ਪ੍ਰੇਮੇ ਕੋਹੜੀ ਨੂੰ ਵਾਰੀ-ਵਾਰੀ ਆਪਣੀ ਪਿੱਠ ਤੇ ਚੁੱਕ ਕੇ ਗੁਰੂ ਤੀਸਰੇ ਪਾਤਸ਼ਾਹ ਕੋਲ ਲੈ ਆਏ ਤੇ ਪਾਤਸ਼ਾਹ ਨੇ ਉਸਦਾ ਕੁਸ਼ਟ ਰੋਗ ਦੂਰ ਕਰਕੇ ਆਪਣੀ ਅਤਿਅੰਤ ਪ੍ਰਸੰਨਤਾ ਸੰਗਤ ਉਤੇ ਕੀਤੀ।

(ਗ) ਕੋਮਲ ਹਿਰਦਾ - ਸਰਬੱਤ ਦਾ ਭਲਾ ਲੋਚਦਿਆਂ, ਸ਼ੁਭ ਉਪਦੇਸ਼, ਬਗੈਰ ਵਿਤਕਰੇ ਤੋਂ ਦੇਣੇ ਅਤੇ ਕਿਸੇ ਪ੍ਰਤੀ ਰਾਗ ਦ੍ਵੈਸ਼ ਦੇ ਧਾਰਨੀ ਨਾ ਹੋਣਾ।

(ਘ) ਮਰਿਆਦਾ -

ਅਲਪ ਅਹਾਰ ਸੁਲਪ ਸੀ ਨਿੰਦ੍ਾ
ਦਯਾ ਛਿਮਾ ਤਨ ਪ੍ਰੀਤਿ।। ਪਾਤਸ਼ਾਹੀ 10

ਦੇ ਮਹਾਂਵਾਕ ਅਨੁਸਾਰ ਭੁੱਖ ਤੋਂ ਚਉਥਾ ਹਿੱਸਾ ਘੱਟ ਖਾਣਾ ਅਤੇ ਸਵਾਦੂ ਭੋਜਨ ਨਾ ਖਾਣਾ ਕਿਉਂਕਿ ਸਵਾਦਾਂ ਤੋਂ ਹੀ ਹਮੇਸ਼ਾਂ ਰੋਗਾਂ ਦੀ ਉਤਪਤੀ ਹੁੰਦੀ ਹੈ। ਅੰਮ੍ਰਿਤ ਵੇਲੇ ਜਾਗ ਕੇ ਭਜਨ ਕਰਨ ਲਈ ਪਸ਼ੂਆਂ ਵਾਂਗੂੰ ਪੇਟ ਭਰ ਕੇ ਨਹੀਂ ਖਾਣਾ ਚਾਹੀਦਾ। ਪੌਸ਼ਟਿਕ ਅਹਾਰ ਜਿਨ੍ਹਾਂ ਤੋਂ ਬਗੈਰ ਸਰੀਰ ਵਿਚ ਸਾਂਤਵਿਕ, ਨਰੋਆ-ਪਣ ਆਵੇ, ਅਜਿਹੇ ਸਤੋਗੁਣੀ ਭੋਜਨ ਖਾਣੇ ਸਿਹਤ ਅਤੇ ਨਾਮ ਜਪਣ ਲਈ ਬਹੁਤ ਹੀ ਸਹਿਯੋਗੀ ਹੋਇਆ ਕਰਦੇ ਹਨ।

(ਵ) ਇਸ਼ਨਾਨ - ਸਰੀਰ ਦੀ ਸ਼ੁਧਤਾ ਵਾਸਤੇ ਸਰੀਰਕ ਇਸ਼ਨਾਨ ਜ਼ਰੂਰੀ ਹੈ ਜਿਵੇਂ ਕਿ -

ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।। ਪੰਨਾ - 305

ਅੰਮ੍ਰਿਤ ਸਰੂਪ ਰੂਪੀ ਗੁਰਬਾਣੀ ਦੇ ਅੰਮ੍ਰਿਤ ਕੁੰਡ ਵਿਚ ਮਨ ਦਾ ਇਸ਼ਨਾਨ ਕਰਾ ਕੇ ਮਨ ਵਿਚੋਂ ਰਾਗ, ਦ੍ਵੈਸ਼, ਈਰਖਾ, ਵੈਰ, ਵਿਰੋਧ, ਕ੍ਰੋਧ, ਛਲ, ਕਪਟ, ਧੋਖਾ ਚੋਰੀ, ਬੇ-ਵਿਸ਼ਵਾਸ਼ੀ, ਰਿਣ ਹੱਤਿਆ ਆਦਿ ਮੈਲ ਤੋਂ, ਅੰਤਸ਼ਕਰਣ ਨੂੰ ਪਵਿੱਤਰ ਰੱਖਣਾ। ਚਿਤ ਦੇ ਇਸ਼ਨਾਨ ਲਈ ਗੁਰਮੰਤ੍ਰ, ਮੂਲਮੰਤ੍ਰ ਦਾ ਇਕਾਗਰ ਚਿਤ ਨਾਲ ਜਾਪ ਕਰਨਾ ਅਤੇ ਜੀਵ ਆਤਮਾ ਦੇ ਇਸ਼ਨਾਨ ਲਈ ਬ੍ਰਹਮ ਵਿਚਾਰ ਦਾ ਚਿੰਤਨ ਕਰਨਾ।

ਇਨ੍ਹਾਂ ਸਾਰੇ ਗੁਣਾਂ ਨੂੰ ਧਾਰਨ ਕਰਨਾ ਸਤਿ ਦੇ ਪ੍ਰਕਾਸ਼ ਲਈ ਅਤਿਅੰਤ ਜ਼ਰੂਰੀ ਹੈ।

(ii) ਦਮ - ਅਰਥਾਤ **(ਓ) ਤਪ** - ਤਿੰਨ ਪ੍ਰਕਾਰ ਦਾ ਹੁੰਦਾ ਹੈ।

***ਤਾਮਸੀ ਤਪ** - ਜਲ ਧਾਰੇ ਕਰਨੇ, ਅਗਨੀ ਤਾਪਣੀ, ਭੁੱਖੇ ਰਹਿਣਾ, ਰੋੜਾਂ ਤੇ ਸੌਣਾ, ਸਰੀਰ ਨੂੰ ਦੁੱਖੀ ਕਰਨਾ ਤਾਮਸੀ ਤਪ ਕਹਾਉਂਦਾ ਹੈ।

***ਰਾਜਸੀ ਤਪ** - ਬੁਰੇ ਕਰਮਾਂ ਤੋਂ ਆਪਣੇ ਮਨ ਨੂੰ ਰੋਕਣਾ। ਬਾਰ-ਬਾਰ ਗੁਰੂ ਸ਼ਬਦ ਦੀ ਵਿਚਾਰ ਰਾਹੀਂ ਮਨ ਨੂੰ ਸਮਝਾਉਣਾ, ਸੇਵਾ ਕਰਨੀ - ਰਾਜਸੀ ਤਪ ਕਹਾਉਂਦਾ ਹੈ।

***ਸਾਂਤਕੀ ਤਪ** - ਬਿਰਤੀ ਨੂੰ ਸੰਕਲਪ ਅਤੇ ਵਿਕਲਪ ਦੀਆਂ ਲਹਿਰਾਂ ਤੋਂ ਅਛੋਹ ਕਰਕੇ ਨਾਮ ਧੁਨ, ਕੀਰਤਨ ਵਿਚ ਟਿਕਾਉਣਾ। ਇਸਨੂੰ ਸਾਂਤਕੀ ਤਪ ਕਿਹਾ ਕਰਦੇ ਹਨ। ਗੁਰੂ ਘਰ ਵਿਚ ਗੁਰਬਾਣੀ ਪੜ੍ਹਨਾ, ਵਿਚਾਰਨਾ, ਸਤਿ ਸ਼ਾਸ਼ਤਰ ਪੜ੍ਹਨਾ-ਸੁਣਨਾ ਸਾਂਤਕੀ ਤਪ ਹੋਇਆ ਕਰਦਾ ਹੈ। ਸਾਂਤਕੀ ਤਪ ਨਾਲ ਆਪਣਾ ਰੂਹਾਨੀ ਸਫਰ ਬਹੁਤ ਛੇਤੀ ਹੀ ਤਹਿ ਹੋ ਜਾਇਆ ਕਰਦਾ ਹੈ।

(ਅ) ਸੰਤੋਖ - ਜੀਅ ਭਰਕੇ ਮਿਹਨਤ ਕਰਨੀ, ਜੋ ਕੁਛ ਆਪਣੀ ਪਰਾਲਬਧ ਅਨੁਸਾਰ ਹੱਥ ਵਿਚ ਆਵੇ, ਉਸ ਉਤੇ ਮਨ ਵਿਚ ਸੰਤੋਖ ਧਾਰਨਾ, ਤ੍ਰਿਸ਼ਨਾ ਦੇ ਚੱਕਰ ਵਿਚ ਨਾ ਪੈਣਾ ਅਤੇ ਸੰਤੁਸ਼ਟ, ਖੁਸ਼ ਰਹਿਣਾ ਸੰਤੋਖ ਹੋਇਆ ਕਰਦਾ ਹੈ। ਪਦਾਰਥ ਨਾ ਹੱਥ ਆਉਣ ਤੇ ਆਪਣੇ ਆਪ ਨੂੰ ਸੰਤੋਖੀ ਕਹਿਣਾ, ਸੰਤੋਖੀ ਨਹੀਂ ਕਹਾਉਂਦਾ। ਇਹ ਇਕ ਮਜ਼ਬੂਰੀ ਹੋਇਆ ਕਰਦੀ ਹੈ ਕਿਉਂਕਿ ਮਨ ਵਿਚ ਸਤੁੰਸ਼ਟਤਾ ਨਹੀਂ ਹੁੰਦੀ। ਅੱਖਾਂ, ਕੰਨਾਂ, ਹੱਥਾਂ, ਪੈਰਾਂ ਨੂੰ ਸੰਤੋਖ ਵਿਚ ਰੱਖਣਾ ਉਤਮ ਸੰਤੋਖ ਹੈ।

(ੲ) ਆਸਤਿਕ ਭਾਵ - ਗੁਰਵਾਕਾਂ ਤੇ, ਗੁਰਬਾਣੀ ਤੇ ਪੂਰਨ ਵਿਸ਼ਵਾਸ਼ ਲਿਆ ਕੇ ਹਿਰਦੇ ਵਿਚ ਧਾਰਨ ਕਰਨਾ ਅਤੇ ਉਸਦੇ ਮੁਤਾਬਿਕ ਆਪਣਾ ਜੀਵਨ ਬਿਤਾਉਣਾ ਇਹ ਤੀਸਰਾ ਨੇਮ ਆਸਤਿਕ ਕਹਾਉਂਦਾ ਹੈ।

(ਸ) ਦਾਨ - ਦਾਨ ਤਿੰਨ ਕਿਸਮ ਦਾ ਹੈ ਅਤੇ ਇਸਦਾ ਫਲ ਵੀ ਘਟ-ਵਧ ਅਵਸਥਾ ਭੇਦ ਨਾਲ ਹੋ ਜਾਇਆ ਕਰਦਾ ਹੈ।

***ਤਾਮਸੀ ਦਾਨ** - ਦਾਨ ਦੇਣ ਦੀ ਆਪਣੇ ਵਿਚ ਸਮਰੱਥਾ ਤਾਂ ਹੈ ਨਹੀਂ, ਪਰ ਦੂਸਰਿਆਂ ਨੇ ਕਹਿ ਕਹਾ ਕੇ ਵਿੱਤ ਤੋਂ ਵੱਧ ਦਾਨ ਕਰਾ ਦਿਤਾ, ਜਿਸ ਨਾਲ ਮਨ ਖੁਸ਼ ਹੋਣ ਦੀ ਥਾਂ ਅਫਸੋਸ ਵਿਚ ਚਲਾ ਗਿਆ। ਅਜਿਹੇ ਦਾਨ ਨੂੰ ਤਾਮਸੀ ਦਾਨ ਕਿਹਾ ਜਾਂਦਾ ਹੈ ਅਤੇ ਇਸਦਾ ਫਲ ਪੁੰਨ ਦੀ ਥਾਂ ਪਾਪ ਹੋਇਆ ਕਰਦਾ ਹੈ। ਦਾਨ ਲੈਣ ਵਾਲਿਆਂ ਅਤੇ ਦੇਣ ਵਾਲਿਆਂ ਉਪਰ ਇਸ ਦਾ ਕੁ-ਪ੍ਰਭਾਵ ਪੈਂਦਾ ਹੈ।

***ਰਾਜਸੀ ਦਾਨ** - ਆਪਣੀ ਮਾਇਆ ਦਾ ਅਭਿਮਾਨ ਕਰਨਾ। ਦੂਸਰਿਆਂ ਨੂੰ ਇਹ ਦੱਸਣ ਵਾਸਤੇ ਕਿ ਮੈਂ ਬਹੁਤ ਵੱਡਾ ਦਾਨੀ ਹਾਂ ਅਤੇ ਆਪਣੇ ਦਿਤੇ ਹੋਏ ਦਾਨ ਦਾ ਜਸ ਕਰਾਉਣ ਦੀ ਭਾਵਨਾ ਨਾਲ ਦਾਨ ਦੇਣਾ, ਪੱਥਰ ਲਵਾਉਣਾ, ਅਖਬਾਰਾਂ ਵਿਚ advertisement ਦੇਣੀਆਂ ਅਤੇ ਆਪਣੇ ਆਪ ਨੂੰ ਮਸ਼ਹੂਰ ਕਰਕੇ ਜਸ ਲੈਣ ਦੀ ਭਾਵਨਾ ਰੱਖਣੀ, ਇਹ ਰਾਜਸੀ ਦਾਨ ਹੋਇਆ ਕਰਦਾ ਹੈ। ਇਸਦਾ ਫਲ, ਜੋ ਪ੍ਰਸੰਸਾ ਮਿਲ ਗਈ, ਉਤਨਾ ਹੀ ਹੋਇਆ ਕਰਦਾ ਹੈ ਪਰ ਅਸਲੀਅਤ ਤੋਂ ਵਾਂਝਾ ਰਹਿ ਜਾਇਆ ਕਰਦਾ ਹੈ ਜਿਵੇਂ ਕਿ ਗੁਰਬਾਣੀ ਵਿਚ ਫੁਰਮਾਨ ਹੈ -

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ।।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ।।
ਪੰਨਾ - 1428

***ਸਾਂਤਕੀ ਦਾਨ** – ਸਾਂਤਕੀ ਦਾਨ ਉਸਨੂੰ ਕਹਿੰਦੇ ਹਨ ਕਿ ਵਾਹਿਗੁਰੂ ਵਲੋਂ ਦਿਤੀਆਂ ਦਾਤਾਂ ਉਸਦੀ ਮਿਹਰ ਦੇ ਸਦਕੇ ਆਪਣੇ ਆਪ ਨੂੰ ਬਖਸ਼ੀਆਂ ਜਾਨਣਾ ਅਤੇ ਭਾਵਨਾ ਸਹਿਤ ਹੋ ਕੇ ਨਿਮਰਤਾ ਨਾਲ ਵਾਹਿਗੁਰੂ ਦਾ ਦਿਤਾ ਹੀ ਉਸਨੂੰ ਸੌਂਪਣਾ, ਇਹ ਸਾਂਤਕੀ ਦਾਨ ਹੋਇਆ ਕਰਦਾ ਹੈ। ਇਸ ਵਿਚ ਦਾਤੇ ਨੂੰ ਬਹੁਤ ਖੁਸ਼ੀ ਵੀ ਮਿਲਦੀ ਹੈ, ਪ੍ਰਸੰਨਤਾ ਹੁੰਦੀ ਹੈ, ਵਿਘਨਾਂ ਦਾ ਨਾਸ਼ ਵੀ ਹੁੰਦਾ ਹੈ, ਕਾਰੋਬਾਰ ਵਿਚ ਤਰੱਕੀ ਵੀ ਹੁੰਦੀ ਹੈ। ਨਿਸ਼ਕਾਮ ਕੀਤਾ ਸਾਂਤਕੀ ਦਾਨ, ਜਨਮਾਂ-ਜਨਮਾਂਤਰਾਂ ਦੀ ਅੰਤਸ਼ਕਰਣ ਵਿਚ ਪਈ ਮੈਲ ਨੂੰ ਕੱਟਦਾ ਹੈ।

(ਹ) ਪੂਜਾ – ਅੰਤਰ ਆਤਮੇ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ' ਜਾਂ ਨਾਮ ਧੁਨ ਜਾਂ ਪ੍ਰਭੂ ਨੂੰ ਜੋਤੀ ਸਰੂਪ ਜਾਣ ਕੇ ਜੋਤੀ ਦਾ ਧਿਆਨ ਪੂਰੀ ਵਿਧੀ ਤੇ ਸ਼ਰਧਾ ਨਾਲ ਕਰਨਾ। ਅੰਤਰੰਗ ਸ਼ਰਧਾ, ਇਸਦਾ ਫਲ ਵਿਖ਼ਸ਼ੇਪ ਦੁੱਖ ਦੂਰ ਹੋ ਕੇ ਇਕਾਗਰ ਚਿਤ ਦੀ ਪ੍ਰਾਪਤੀ ਹੋਣੀ, ਇਸ ਅਨੁਸਾਰ ਕੀਤਾ ਪਠਨ-ਪਾਠ, ਮੰਤਰ-ਸਿਮਰਨ ਦਾ ਫਲ ਬਹੁਤ ਹੀ ਅਧਿਕ ਹੋਇਆ ਕਰਦਾ ਹੈ।

(ਕ) ਪਾਠ – ਨਿਤਨੇਮ ਕਰਨਾ, ਗੁਰੂ ਸਿਧਾਂਤ ਨੂੰ ਸ੍ਵਣ ਕਰਨਾ ਅਤੇ ਮਨ ਵਿਚ ਧਾਰਨ ਕਰਕੇ ਗੁਰਬਾਣੀ ਦੇ ਪ੍ਰਕਾਸ਼ ਵਿਚ ਆਪਣੇ ਜੀਵਨ ਨੂੰ ਗੁਰੂ ਦੀ ਦੱਸੀ ਸੇਧ ਵਿਚ ਤੋਰਨਾ – ਪਾਠ ਕਹਾਉਂਦਾ ਹੈ।

(ਖ) ਦੰਭ ਬਿਨਾਂ – ਜੀਵਨ ਨੂੰ ਬਗੈਰ ਕਿਸੇ ਕਪਟ ਤੋਂ, ਛਲ ਤੋਂ ਸੁਥਰਾ ਰੱਖਣਾ, ਸਰਲ ਜੀਵਨ ਨੂੰ ਅਪਨਾਉਣਾ – ਇਹ ਸੱਤਵਾਂ ਨੇਮ ਹੈ।

(ਗ) ਸਾਂਤਕੀ ਬਿਰਤੀ – ਮਨ ਵਿਚ ਪੂਰੀ ਤਰ੍ਹਾਂ ਦੇ ਨਾਲ ਇਹ ਧਾਰਨ ਕਰਨਾ ਕਿ –

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥
ਪੰਨਾ – 1364
ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪੰਨਾ – 728

ਅਭਿਮਾਨ ਤੋਂ ਆਪਣੇ ਆਪ ਨੂੰ ਸਾਫ-ਸੁਥਰਾ ਰੱਖਣਾ, ਅਤੇ ਵਿਅਰਥ ਚਿਤਵਨੀਆਂ ਵਿਚ, day dreams (ਜਾਗ੍ਰਤ ਸੁਪਨੇ) ਤੋਂ ਆਪਣੇ ਆਪ ਨੂੰ ਅਛੋਹ ਰੱਖਣਾ, ਮਿੱਠਾ ਬੋਲਣਾ, ਸਰਬੱਤ ਦਾ ਭਲਾ ਮਨ ਵਿਚ ਰੱਖਣਾ। ਦੁਖੀ, ਗਰੀਬ ਉਤੇ ਦਇਆ ਦੀ ਭਾਵਨਾ ਰੱਖਣੀ ਅਤੇ ਕੌੜੇ, ਫਿੱਕੇ ਬੋਲ ਸਹਾਰਨੇ, ਆਪਣੀ ਨਿੰਦਾ ਸੁਣ ਕੇ ਦੁਖੀ ਨਾ ਹੋਣਾ। ਇਹ ਸਾਂਤਕੀ ਬਿਰਤੀ ਹੋਇਆ ਕਰਦੀ ਹੈ।

(ਘ) ਅਬੋਲ – ਗੁਰਬਾਣੀ ਦਾ ਪਾਠ ਕਰਨ ਸਮੇਂ ਕਿਸੇ ਹੋਰ ਵਾਕ ਵਲੋਂ ਮੋਨ ਰੱਖਣਾ ਅਤੇ ਬਾਣੀ ਪੜ੍ਹਦੇ ਹੋਛੀਆਂ ਗੱਲਾਂ ਨਾ ਕਰਨੀਆਂ, ਸਿਮਰਨ ਕਰਨ ਵੇਲੇ ਮਨ ਵਿਚ ਕੋਈ ਫੁਰਨਾ ਨਾ ਆਉਣ ਦੇਣਾ – ਇਸਨੂੰ ਅਬੋਲ ਕਹਿੰਦੇ ਹਨ।

(ਙ) ਹੋਮ –ਭੁੱਖੇ ਨੂੰ ਅੰਨ, ਜਲ, ਦੁੱਧ ਦੇਣਾ; ਅੰਨ ਵਸਤਰ ਅਜਿਹੀ ਥਾਂ ਤੇ ਭੇਟਾ ਕਰਨੇ ਜਿਥੋਂ ਭੁੱਖਿਆਂ ਨੂੰ ਪ੍ਰਸ਼ਾਦਾ, ਨੰਗਿਆਂ ਨੂੰ ਬਸਤਰ, ਦਵਾ-ਦਾਰੂ ਅਤੇ ਹੋਰ ਮਦਦ ਕੀਤੀ ਜਾਂਦੀ ਹੋਵੇ, ਉਸ ਥਾਂ ਇਨ੍ਹਾਂ ਚੀਜ਼ਾਂ ਨੂੰ ਨਿਮਰਤਾ ਸਹਿਤ ਦੇਣਾ। ਇਹ ਬ੍ਰਹਮ ਹੋਮ ਕਹਾਉਂਦਾ ਹੈ।

(iii) ਸ਼ਰਧਾ – ਗੁਰੂ ਵਾਕ, ਸੰਤ ਬਚਨ ਉਤੇ ਪੂਰਨ ਸ਼ਰਧਾ ਰੱਖ ਕੇ ਮੰਨਣ ਕਰਨਾ ਅਤੇ ਸ਼ਰਧਾ ਦੇ ਨਾਲ ਗੁਰੂ ਨੂੰ ਪ੍ਰਮੇਸ਼ਰ ਦਾ ਪੂਰਨ ਰੂਪ ਜਾਨਣਾ, ਉਨ੍ਹਾਂ ਦੇ ਬਚਨ ਵਿਚ ਸਤਿ ਪ੍ਰਤੀਤ ਰੱਖਣਾ – ਸ਼ਰਧਾ ਕਹਾਉਂਦੀ ਹੈ। ਸ਼ਰਧਾ, ਭਰੋਸਾ, ਪ੍ਰਤੀਤ ਇਕੋ ਚੀਜ਼ ਦੇ ਵੱਖ-ਵੱਖ ਨਾਮ ਹਨ। ਜਦੋਂ ਤਕ ਪ੍ਰਤੀਤ ਹਿਰਦੇ ਵਿਚ ਧਾਰਨ ਨਹੀਂ ਕਰਦੇ, ਉਨੀਂ ਦੇਰ ਤੱਕ ਬ੍ਰਹਮ ਵਾਕ, ਮਹਾਂਵਾਕ ਹਿਰਦੇ ਵਿਚ ਕੋਈ ਅਸਰ ਨਹੀਂ ਕਰਿਆ ਕਰਦੇ। ਜਿਵੇਂ ਕਿ ਫੁਰਮਾਨ ਹੈ –

ਜਾ ਕੈ ਮਨਿ ਗੁਰ ਕੀ ਪਰਤੀਤਿ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ – 283

(iv) **ਸਮਾਧਾਨ** – ਸਾਵਧਾਨ ਹੋ ਕੇ ਸਮ, ਦਮ ਅਤੇ ਹੋਰ ਦੱਸੇ ਹੋਏ ਸਾਧਨਾਂ ਦੀ ਕਮਾਈ ਕਰਨੀ। ਗੁਰੂ ਦੇ ਉਪਦੇਸ਼ ਨੂੰ ਸੁਣਨਾ, ਸੁਣਨ ਸਮੇਂ ਨੀਂਦ ਅਤੇ ਆਲਸ ਦੀ ਲੈਅਤਾ ਬਿਰਤੀ, ਪੁਰਾਣੀਆਂ ਗੱਲਾਂ ਦੀ ਯਾਦ ਅਰਥਾਤ ਸਿਮ੍ਰਿਤੀ ਬਿਰਤੀ, ਗੁਰੂ ਸਿਧਾਂਤ ਰੂਪੀ ਗੁਰ ਪ੍ਰਮਾਣਾਂ ਨੂੰ ਨਾ ਸਮਝਣ ਦੀ ਮੂੜ੍ਹਤਾ ਬਿਰਤੀ ਅਤੇ ਚਿਤ ਦੀ ਚੰਚਲਤਾ ਤੋਂ ਰਹਿਤ ਹੋ ਕੇ ਗੁਰ ਉਪਦੇਸ਼ ਨੂੰ ਸੁਣਨਾ ਅਤੇ ਕਮਾਉਣਾ– ਸਮਾਧਾਨਤਾ ਕਹਾਉਂਦੀ ਹੈ।

(v) ਉਪਰਾਮ – ਵਿਵਹਾਰੀ ਵਿਸ਼ਿਆਂ ਭਰੇ ਵਿਚਾਰ, ਭੇਦਵਾਦੀ ਬਚਨ, ਬੇ-ਮਤਲਬਾ ਬਕਵਾਸ ਸੁਣਨ ਤੋਂ ਆਪਣੇ ਆਪ ਨੂੰ ਦੂਰ ਰੱਖਣਾ। ਗ੍ਰਿਹਸਤ ਦੀਆਂ ਉਲਝਣਾਂ ਵਿਚ ਮਨ ਨੂੰ ਨਾ ਫਸਾਉਣਾ ਅਤੇ ਅਗਿਆਨੀ, ਭਰਮ ਵਿਚ ਡੁੱਬੇ ਹੋਏ ਮਨੋਂ ਅੰਧੇ-ਕੂਪ ਪ੍ਰਾਣੀਆਂ ਦੇ ਸੰਗ ਤੋਂ ਆਪਣੇ ਆਪ ਨੂੰ ਦੂਰ ਰੱਖਣਾ – ਉਪਰਾਮ ਕਹਾਉਂਦਾ ਹੈ। ਇਸ ਸਾਰੇ ਉਪਰ ਕਥੇ ਬਚਨਾਂ ਨੂੰ 'ਖਟ-ਸਮਤੀ' ਦਾ ਨਾਮ ਮਹਾਂਪੁਰਸ਼ ਦਿੰਦੇ ਹਨ। ਬਾਣੀ ਦਾ ਫੁਰਮਾਨ ਹੈ –

ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਪੰਨਾ – 4

(vi) ਤਿਤੀਕਸ਼ਾ – ਦੁੱਖ-ਸੁੱਖ, ਮਾਨ-ਅਪਮਾਨ, ਭੁੱਖ-ਤ੍ਰਿਖਾ ਦੇ ਪ੍ਰਭਾਵਾਂ ਨੂੰ, ਹਠ ਕਰਕੇ ਸਹਿਨ ਕਰਨਾ ਤਿਤੀਕਸ਼ਾ ਕਹਾਉਂਦੀ ਹੈ।

4. ਮੋਖਸ਼ ਇੱਛਾ – ਸੰਸਾਰ ਨੂੰ ਨਾਸ਼ਵਾਨ ਅਤੇ ਛਿੰਨ-ਭੰਗਰ ਜਾਣ ਕੇ, ਦੁੱਖਾਂ ਦਾ ਭਰਿਆ ਜਾਣ ਕੇ ਇਸਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਨਾਮ ਮੋਖਸ਼ ਇੱਛਾ ਹੈ। ਇਸ ਇੱਛਾ ਦੇ ਅਧੀਨ ਸਮਰੱਥ ਗੁਰੂ ਦੀ ਸ਼ਰਨ ਵਿਚ ਜਾਣਾ, ਸਤਿਸੰਗ ਕਰਨਾ, ਸ਼ੁਭ ਕਰਮ ਕਰਨੇ ਅਤੇ ਗੁਰੂ ਤੋਂ ਪ੍ਰਾਪਤ ਹੋਏ ਉਪਦੇਸ਼ਾਂ ਨੂੰ ਕਮਾਉਣ ਦੀ ਪੂਰੀ ਲਾਲਸਾ ਮਨ ਵਿਚ ਰੱਖਣੀ, ਮੋਖਸ਼ ਇੱਛਾ ਕਹਾਉਂਦੀ ਹੈ।

ਜਦੋਂ ਇਹ ਚਾਰ ਸਾਧਨ ਪਰਪੱਕ ਹੋ ਜਾਣ ਤਾਂ ਜਗਿਆਸੂ ਗਿਆਨ ਦਾ ਅਧਿਕਾਰੀ ਗਿਣਿਆ ਜਾਂਦਾ ਹੈ।

ਗਿਆਨ ਦੀ ਪਰਪੱਕਤਾ ਵਾਸਤੇ ਤਿੰਨ ਸਾਧਨਾਂ ਦੀ ਬਹੁਤ ਹੀ ਜ਼ਰੂਰੀ ਲੋੜ ਹੈ, ਜਿਨ੍ਹਾਂ ਵਿਚੋਂ ਸ੍ਰਵਣ, ਮੰਨਣ, ਨਿਧਿਆਸਣ ਬਾਰੇ ਗੁਰਬਾਣੀ ਵਿਚ ਬਾਰ-ਬਾਰ ਆਦੇਸ਼ ਦਿਤੇ ਹੋਏ ਮਿਲਦੇ ਹਨ। ਸ੍ਰਵਣ ਦੀ ਅਤੇ ਮੰਨਣ ਦੀ ਮਹੱਤਤਾ 'ਜਪੁਜੀ ਸਾਹਿਬ' ਵਿਚ ਚਾਰ-ਚਾਰ ਪੌੜੀਆਂ ਰਾਹੀਂ ਬਹੁਤ ਹੀ ਵਿਸਥਾਰ ਪੂਰਵਕ ਕਰਕੇ, ਏਸ ਜੀਵ ਨੂੰ ਦੱਸੀ ਗਈ ਹੈ। ਨਿਧਿਆਸਣ ਕਰਨ ਵਾਸਤੇ ਗੁਰਬਾਣੀ ਵਿਚ ਬਾਰ-ਬਾਰ ਪ੍ਰੇਰਨਾ ਆਉਂਦੀ ਹੈ, ਜਿਸ ਤਰ੍ਹਾਂ ਕਿ -

ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥ ***ਪੰਨਾ - 295***

ਬਾਰੰ ਬਾਰ ਬਾਰ ਪ੍ਰਭੁ ਜਪੀਐ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥ ***ਪੰਨਾ - 286***

ਅਨੇਕਾਂ ਗੁਰਵਾਕ ਨਿਧਿਆਸਣ ਦਾ ਅਭਿਆਸ ਕਰਨ ਦੀ ਪ੍ਰੇਰਨਾ ਕਰਦੇ ਹਨ। ਬ੍ਰਹਮਗਿਆਨੀ ਮਹਾਤਮਾ ਦੇ ਬਚਨਾਂ ਨੂੰ ਪੂਰਨ ਸ਼ਰਧਾ, ਵਿਚਾਰ ਦੇ ਪ੍ਰਕਾਸ਼ ਵਿਚ, ਹਿਰਦੇ ਦੇ ਪ੍ਰੇਮ ਨਾਲ, ਚਿਤ ਦੀ ਇਕਾਗਰਤਾ ਧਾਰਨ ਕਰਕੇ, ਆਸਤਿਕ ਬੁੱਧੀ ਧਾਰਨ ਕਰਕੇ, ਦ੍ਰਿੜ੍ਹਤਾ ਸਹਿਤ ਸੁਣਨਾ, ਅਰ ਸੁਣਕੇ ਹਿਰਦੇ ਵਿਚ ਉਨ੍ਹਾਂ ਬਚਨਾਂ ਦਾ ਬਾਰੰਬਾਰ ਸਿਮਰਨ ਕਰਨਾ, ਵਿਚਾਰ ਕਰਨਾ ਅਤੇ ਉਨ੍ਹਾਂ ਬਚਨਾਂ ਨੂੰ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਨਾ ਬਹੁਤ ਹੀ ਜ਼ਰੂਰੀ ਹੈ, ਗਾਵਿਆ ਤੇ ਸੁਣਿਆ ਤਾਂ ਹੀ ਥਾਂ ਪੈਂਦਾ ਹੈ। ਗੁਰੂ ਆਗਿਆ ਨੂੰ ਸਤਿ-ਸਤਿ ਕਰਕੇ ਮੰਨਣਾ ਅਤੇ ਉਸਦੇ ਮੁਤਾਬਿਕ ਆਪਣੀ ਜੀਵਨ ਚਾਲ ਨੂੰ ਤੋਰਨਾ ਜ਼ਰੂਰੀ ਹੈ; ਫੁਰਮਾਨ ਹੈ -

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥ ਪੰਨਾ - 669

ਸ੍ਰਵਣ, ਮੰਨਣ ਕਰਕੇ ਜੋ ਗੁਰਬਾਣੀ ਦਾ ਸਿਧਾਂਤ ***'ਏਕੰਕਾਰ'*** ਅਰਥਾਤ ***'ਏਕੋ ਬ੍ਰਹਮ ਦੁਤੀਆ ਨੇਸਤ'*** ਜਾਂ ***'ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਾਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥'*** ਦੇ ਨਾਲ ਬਿਰਤੀ ਨੂੰ ਐਸਾ ਲੀਨ ਕਰਨਾ ਜਿਵੇਂ ਪਤਾਸੇ ਪਾਣੀ ਵਿਚ ਘੁਲ-ਮਿਲ ਜਾਂਦੇ ਹਨ ਜਾਂ ਨਮਕ ਪਾਣੀ ਵਿਚ ਪਾਇਆਂ, ਵਿਚ ਹੀ ਰਲ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ***'ਏਕੋ ਬ੍ਰਹਮ ਦੁਤੀਆ ਨੇਸਤ'*** ਦੀ ਬਿਰਤੀ ਨੂੰ ਅਦ੍ਵੈਤ ਵਸਤੂ ਪ੍ਰਮਾਤਮਾ ਵਿਚ ਲੀਨ ਕਰਨ ਨਾਲ ਨਿਧਿਆਸਣ ਪਰਪੱਕ ਹੋ ਜਾਇਆ ਕਰਦਾ ਹੈ। ਜਦੋਂ ਨਿਧਿਆਸਣ ਪਰਪੱਕ ਹੋ ਜਾਵੇ ਤਾਂ ਸਤਿ ਸਰੂਪ ਪ੍ਰਮ-ਆਤਮਾ ਦਾ ਇਸ ਹਿਰਦੇ ਵਿਚ ਸ਼ਾਖਸ਼ਾਤਕਾਰ ਹੋ ਕੇ ਦਿਬ ਦ੍ਰਿਸ਼ਟੀ ਖੁੱਲ੍ਹ ਜਾਇਆ ਕਰਦੀ ਹੈ ਅਤੇ 'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥' ਦਾ ਪ੍ਰਤੱਖ ਨਜ਼ਾਰਾ ਸ਼ਾਖਸ਼ਾਤਕਾਰ ਹੋ ਜਾਂਦਾ ਹੈ। ਅੰਦਰ ਬਾਹਰ ਹਰ ਥਾਂ ਉਪਰ ਇਕੋ ਹੀ ਪ੍ਰਮੇਸ਼ਵਰ ਪੂਰਨ ਰੂਪ ਵਿਚ ਸ਼ਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਜਿਵੇਂ ਕਿ ਗੁਰੂਵਾਕ ਅਨੁਸਾਰ -

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥
ਚਾਰਿ ਕੁੰਟ ਦਹ ਦਿਸੇ ਸਮਾਹਿ॥
ਤਿਸ ਤੇ ਭਿੰਨ ਨਹੀ ਕੋ ਠਾਉ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ***ਪੰਨਾ - 293-94***

ਆਪਣਾ ਆਪਾ, ਆਪਣੀ 'ਮੈਂ' ਦਾ ਪੂਰੀ ਤਰ੍ਹਾਂ ਨਾਲ ਅਭਾਵ ਹੋ ਜਾਇਆ ਕਰਦਾ ਹੈ। ਆਪਣੇ ਵਿਚ ਅਤੇ ਸਾਰੇ ਸੰਸਾਰ ਵਿਚ ਇਕੋ ਹੀ ਅਦ੍ਵੈਤ ਵਸਤੂ ਰਹਿ ਜਾਂਦੀ ਹੈ। ***'ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥'*** ਦੀ ਅਵਸਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਇਹ ਪਰਮ ਨਿਸ਼ਚਾ ਸਮਰੱਥ ਗੁਰੂ ਦੀ ਕ੍ਰਿਪਾ ਤੋਂ ਬਗੈਰ ਜਾਂ ਪੂਰਨ ਤੱਤ ਬੇਤੇ ਬ੍ਰਹਮਗਿਆਨੀ, ਸੰਤ ਦੀ ਕ੍ਰਿਪਾ ਤੋਂ ਬਗੈਰ ਨਾ ਹੀ ਹਿਰਦੇ ਵਿਚ ਪ੍ਰਗਟ ਹੁੰਦਾ ਹੈ ਅਤੇ ਨਾ ਹੀ ਇਨ੍ਹਾਂ ਵਾਕਾਂ ਦੇ ਉਪਰ ਸ਼ਰਧਾ ਉਤਪੰਨ ਹੁੰਦੀ ਹੈ। ਇਸ ਪੂਰਨ ਗਿਆਨ ਦੇ ਉਦੈ ਹੋਣ ਨਾਲ ਤਿੰਨ ਚੀਜ਼ਾਂ ਅਸਾਡੇ ਸਾਹਮਣੇ ਆਇਆ ਕਰਦੀਆਂ ਹਨ।

(i) **ਮਨੋਨਾਸ਼** - ਇਕ ਤਾਂ ਮਨ ਦਾ ਨਾਸ਼ ਹੋ ਕੇ ਅ-ਮਨ ਹੋ ਜਾਇਆ ਕਰਦਾ ਹੈ। ਮਨ ਦੀਆਂ ਪੰਜ ਪ੍ਰਕਾਰ ਦੀਆਂ ਬਿਰਤੀਆਂ ਪ੍ਰਮਾਣ, ਵਿਕਲਪ, ਸਿਮ੍ਰਿਤੀ, ਅਭਾਵ ਅਤੇ ਉਦਾਸੀਨਤਾ ਖਤਮ ਹੋ ਜਾਇਆ ਕਰਦੀਆਂ ਹਨ। ਪੰਜ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਖਤਮ ਹੋ ਜਾਇਆ ਕਰਦੇ ਹਨ। ਇਸ ਤਰ੍ਹਾਂ ਮਨ ਦਾ ਨਾਸ਼ ਹੋ ਕੇ ਸ਼੍ਰੇਸ਼ਟ ਬੁੱਧੀ ਜਿਸਨੂੰ ਸਿੱਧ ਅਤੇ ਸੁੱਧ ਆਖਦੇ ਹਨ, ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਜੀਵ ਦਾ ਸਾਰਾ ਕਾਰ-ਵਿਹਾਰ ਹੁਕਮ ਅੰਦਰ ਚਲਦਾ ਪ੍ਰਤੱਖ ਭਾਸਦਾ ਹੈ, ਪਰ ਇਸ ਵਿਚ ਜੀਵ ਦਾ ਅਹੰਭਾਵ ਲੇਸ਼ ਮਾਤਰ ਵੀ ਨਹੀਂ ਹੁੰਦਾ।

(ii) **ਤੱਤ ਗਿਆਨ** - ਆਪਣੇ ਸਰੂਪ ਦਾ ਜਿਉਂ-ਤਿਉਂ ਅਸਲੀ ਰੂਪ ਵਿਚ ਗਿਆਨ ਹੋ ਜਾਣਾ ਤੱਤ ਗਿਆਨ ਹੋਇਆ ਕਰਦਾ ਹੈ। ਲੇਸ਼ ਮਾਤਰ ਵੀ ਕੋਈ ਭਰਮ ਨਹੀਂ ਰਹਿੰਦਾ ਅਤੇ ਅਵਸਥਾ ਗੁਰੂਵਾਕ ਅਨੁਸਾਰ ਪ੍ਰਾਪਤ ਹੋ ਜਾਂਦੀ ਹੈ -

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ॥

(ਬਾਕੀ ਪੰਨਾ 32 ਤੇ)

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਅਵਤਾਰ ਪੁਰਬ ਪੁਰਾਣੇ ਕਲੰਡਰ ਅਨੁਸਾਰ 22 ਜੁਲਾਈ ਨੂੰ ਅਤੇ ਨਾਨਕਸ਼ਾਹੀ ਕਲੰਡਰ ਅਨੁਸਾਰ 23 ਜੁਲਾਈ ਨੂੰ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਡਾ. ਅਜੀਤ ਸਿੰਘ ਔਲਖ

ਪ੍ਰਕਾਸ਼ ਅਤੇ ਪਾਲਣ ਪੋਸ਼ਣ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 7 ਜੁਲਾਈ ਸੰਨ 1656 ਨੂੰ ਕੀਰਤਪੁਰ ਵਿਖੇ ਮਾਤਾ ਕ੍ਰਿਸ਼ਨ ਕੌਰ ਦੀ ਕੁਖੋਂ ਪੈਦਾ ਹੋਏ। ਆਪ ਜੀ ਦੇ ਪਿਤਾ ਜੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਸਨ। ਬਾਲਕ ਦੇ ਜਨਮ ਸਮੇਂ ਹੀ ਗੁਰੂ ਹਰਿਰਾਇ ਜੀ ਨੇ ਬਚਨ ਕੀਤਾ ਸੀ ਕਿ ਇਹ ਜੋ ਕੁਝ ਕਰਨਗੇ ਉਹ ਹੋਰ ਕੋਈ ਨਹੀਂ ਕਰ ਸਕੇਗਾ।

ਗੁਰੂ ਹਰਿਕ੍ਰਿਸ਼ਨ ਜੀ ਬੜੇ ਸੁੰਦਰ ਮਨਮੋਹਕ ਬਾਲਕ ਸਨ। ਜਿਹੜਾ ਵੀ ਇਕ ਵਾਰ ਵੇਖਦਾ ਸੀ, ਦੁਬਾਰਾ ਵੇਖਣ ਲਈ ਉਤਾਵਲਾ ਹੋ ਜਾਂਦਾ ਸੀ। ਚਿਹਰੇ ਦਾ ਨੂਰ ਝੱਲਿਆ ਨਹੀਂ ਸੀ ਜਾਂਦਾ। ਸਾਰੇ ਉਸ ਨੂੰ ਪ੍ਰਭੂ ਦਾ ਰੂਪ ਹੀ ਸਮਝਦੇ ਸਨ ਤੇ ਪਰਿਵਾਰ ਦੇ ਸਾਰੇ ਮੈਂਬਰ ਉਸ ਨੂੰ ਖਿਡਾਉਣ ਵਿਚ ਬਹੁਤ ਖੁਸ਼ੀ ਅਨੁਭਵ ਕਰਦੇ ਸਨ।

ਸਿੱਖ ਸੰਗਤਾਂ ਨੂੰ ਵੀ ਜਦ ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਧਾਰਨ ਦਾ ਪਤਾ ਲੱਗਾ ਤਾਂ ਉਹ ਵੀ ਆਪਣੇ ਵਿਤ ਅਨੁਸਾਰ ਕਾਰ ਭੇਟਾ ਲੈ ਕੇ ਦਰਸ਼ਨਾਂ ਨੂੰ ਆਈਆਂ। ਜਿਹੜਾ ਵੀ ਵੇਖਦਾ ਸੀ, 'ਵਾਹ ਵਾਹ' ਕਹਿ ਉਠਦਾ ਸੀ ਤੇ ਉਸ ਦੀਆਂ ਭੁੱਖਾਂ ਲਹਿ ਜਾਂਦੀਆਂ ਸਨ। ਗੁਰੂ ਹਰਿਰਾਇ ਸਾਹਿਬ ਬਾਲਕ ਗੁਰੂ ਦੀ ਪਰਵਰਿਸ਼ ਵਲ ਪੂਰਾ ਧਿਆਨ ਦੇ ਰਹੇ ਸੀ। ਉਹ ਇਸ ਬਾਲਕ ਦੀ ਇਲਾਹੀ ਜੋਤ ਨੂੰ ਜਾਣਦੇ ਸਨ। ਜਦ ਥੋੜ੍ਹੇ ਵੱਡੇ ਹੋਏ ਤਾਂ ਬੜਾ ਤੇਜ਼ ਦਿਮਾਗ ਹੋਣ ਕਰਕੇ ਹਰ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਂਦੇ ਸਨ। ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਸਭ ਨੂੰ ਹੈਰਾਨ ਕਰਦੀਆਂ ਸਨ। ਜਦ ਇਕ ਸਾਲ ਦੇ ਹੋਏ ਤਾਂ ਤੁਰਨ ਲੱਗ ਗਏ ਅਤੇ ਆਪ ਦਰਬਾਰ ਵਿਚ ਜਾ ਕੇ ਚੌਂਕੜਾ ਮਾਰ ਕੇ ਕੀਰਤਨ ਸੁਣਦੇ। ਜਦ ਤਿੰਨ ਸਾਲ ਦੇ ਹੋਏ ਤਾਂ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਦੀ ਪੜ੍ਹਾਈ ਦਾ ਇੰਤਜ਼ਾਮ ਕਰ ਦਿਤਾ। ਪਰ ਆਪ ਤਾਂ ਧੁਰੋਂ ਹੀ ਪੜ੍ਹ ਕੇ ਆਏ ਸਨ। ਬੜੀ ਛੇਤੀ ਹੀ ਪੜ੍ਹਨਾ ਲਿਖਣਾ ਸਿੱਖ ਲਿਆ। ਛੇਤੀ ਆਪ ਜੀ ਪਾਠ ਕਰਨ ਲਗ ਪਏ। ਬੜੀ ਮਿੱਠੀ ਸੁਰ ਵਿਚ ਪਾਠ ਕਰਦੇ। ਆਪ ਜੀ ਦੀ ਆਵਾਜ਼ ਏਨੀ ਮਿੱਠੀ ਸੀ ਕਿ ਜਦ ਪਾਠ ਸੁਰ ਵਿਚ ਕਰਦੇ ਤਾਂ ਸਿੱਖ ਸੰਗਤਾਂ ਆਪ ਜੀ ਦਾ ਪਾਠ ਸੁਣਨ ਲਈ ਲਾਗੇ ਆ ਬੈਠਦੀਆਂ। ਕਈ ਵਾਰ ਚੌਂਕੜਾ ਮਾਰ ਕੇ ਸਮਾਧੀ ਲਾ ਕੇ ਬੈਠ ਜਾਂਦੇ ਅਤੇ ਕਾਫੀ ਸਮੇਂ ਤੱਕ ਉਨ੍ਹਾਂ ਦੀ ਸਮਾਧੀ ਲੱਗੀ ਰਹਿੰਦੀ।

ਆਪ ਜੀ ਆਪਣੇ ਪਿਤਾ ਜੀ ਗੁਰੂ ਹਰਿਰਾਇ ਸਾਹਿਬ ਨਾਲ ਬਹੁਤ ਪਿਆਰ ਕਰਦੇ ਸਨ। ਜਦ ਵੀ ਗੁਰੂ ਜੀ ਵਿਹਲੇ ਹੁੰਦੇ ਤਾਂ ਉਨ੍ਹਾਂ ਪਾਸ ਆ ਬੈਠਦੇ ਅਤੇ ਬੜੀਆਂ ਰਹੱਸਮਈ ਗੱਲਾਂ ਪੁਛਦੇ ਰਹਿੰਦੇ। ਕਈ ਵਾਰ ਦੂਰ ਦੂਰ ਤੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੀਆਂ ਤਾਂ ਆਪ ਵੀ ਪ੍ਰੇਮੀਆਂ ਦੀਆਂ ਗੱਲਾਂ ਸੁਣਦੇ। ਉਹ ਹਮੇਸ਼ਾਂ ਆਪਣੇ ਪਿਤਾ ਜੀ ਨੂੰ ਸਾਖੀਆਂ ਸੁਣਾਉਣ ਵਾਸਤੇ ਕਹਿੰਦੇ ਰਹਿੰਦੇ। ਗੁਰੂ ਹਰਿਰਾਇ ਜੀ ਉਨ੍ਹਾਂ ਨੂੰ ਬੜੀਆਂ ਰੌਚਕ ਅਤੇ ਸਿਖਿਆਦਾਇਕ ਸਾਖੀਆਂ ਸੁਣਾਉਂਦੇ।

ਪਿਤਾ ਗੁਰੂ ਹਰਿਰਾਇ ਜੀ ਬਾਲਾ ਪ੍ਰੀਤਮ ਨੂੰ ਜ਼ਖਮੀ ਹੋਏ ਸੱਪ ਦਾ ਰਹੱਸ ਦੱਸ ਰਹੇ ਹਨ।

ਇਕ ਵਾਰ ਦੀ ਗੱਲ ਹੈ ਕਿ ਇਕ ਸੱਪ ਜ਼ਖਮੀ ਹੋਇਆ ਪਿਆ ਸੀ ਤੇ ਉਸ ਨੂੰ ਕੀੜੀਆਂ ਚੰਬੜੀਆਂ ਹੋਈਆਂ ਸਨ। ਬਾਲਾ ਗੁਰੂ ਹਰਿਕ੍ਰਿਸ਼ਨ ਜੀ ਕਹਿਣ ਲੱਗੇ, "ਇਸ ਵਿਚਾਰੇ ਨੇ ਕੀ ਕਸੂਰ ਕੀਤਾ ਹੈ, ਇਸ ਨੂੰ ਕੀੜੀਆਂ ਏਨਾ ਦੁਖੀ ਕਰ ਰਹੀਆਂ ਹਨ।" ਇਹ ਸੁਣ ਕੇ ਗੁਰੂ ਹਰਿਰਾਇ ਜੀ ਨੇ ਕਿਹਾ, ਇਹ ਸੱਪ ਪਿਛਲੇ ਜਨਮ ਵਿਚ ਇਕ ਪਖੰਡੀ ਮਹੰਤ ਸੀ, ਇਹ ਭੋਲੇ ਭਾਲੇ ਲੋਕਾਂ ਨੂੰ ਮੂਰਖ ਬਣਾ ਕੇ ਧਨ ਲੁੱਟਦਾ ਰਹਿੰਦਾ ਸੀ। ਇਹ ਕਿਸੇ ਦੀ ਮਦਦ ਨਹੀਂ ਸੀ ਕਰਦਾ, ਸਗੋਂ ਦੁਖੀਆਂ ਨੂੰ ਹੋਰ ਦੁਖੀ ਕਰਦਾ ਸੀ। ਪਰਾਏ ਧਨ 'ਤੇ ਐਸ਼ ਕਰਦਾ ਸੀ। ਅੱਜ ਇਸਨੂੰ ਜਿਹੜੀਆਂ ਕੀੜੀਆਂ ਚੰਬੜੀਆਂ ਹਨ ਇਹ ਉਹੋ ਭੋਲੇ ਭਾਲੇ ਲੋਕ ਹਨ ਜਿਨ੍ਹਾਂ ਨੂੰ ਇਹ ਲੁਟਦਾ ਰਿਹਾ ਹੈ। ਅੱਜ ਇਹ ਕੀੜੀਆਂ ਬਣ ਕੇ ਇਸ ਦਾ ਮਾਸ ਨੋਚ ਰਹੀਆਂ ਹਨ। ਪਖੰਡੀ ਅਤੇ ਮਾੜੇ ਵਿਅਕਤੀ ਦਾ ਇਹੋ ਹਾਲ ਹੁੰਦਾ ਹੈ।"

ਜਦ ਗੁਰੂ ਹਰਿਰਾਇ ਜੀ ਬਾਹਰ ਲੰਮੀਆਂ ਯਾਤਰਾਵਾਂ 'ਤੇ ਚਲੇ ਜਾਂਦੇ ਸਨ ਤਾਂ ਬਾਲਾ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਉਨ੍ਹਾਂ ਦੇ ਨਾਲ ਜਾਣ ਦੀ ਜ਼ਿੱਦ ਕਰਦੇ। ਗੁਰੂ ਜੀ ਵੀ ਉਨ੍ਹਾਂ ਨੂੰ ਕਦੇ ਮਨ੍ਹਾਂ ਨਾ ਕਰਦੇ ਅਤੇ ਆਪਣੇ ਨਾਲ ਹੀ ਲੈ ਜਾਂਦੇ।

ਬਾਬਾ ਰਾਮਰਾਇ ਜੀ – ਉਨ੍ਹਾਂ ਦਿਨਾਂ ਵਿਚ ਹੀ ਔਰੰਗਜ਼ੇਬ ਨੇ ਗੁਰੂ ਹਰਿਰਾਇ ਸਾਹਿਬ ਨੂੰ ਇਕ ਪੱਤਰ ਭੇਜਿਆ ਕਿ ਉਹ ਉਨ੍ਹਾਂ ਨੂੰ ਮਿਲਣ ਵਾਸਤੇ ਦਿੱਲੀ ਆਉਣ।

ਗੁਰੂ ਹਰਿਰਾਇ ਜੀ ਨੇ ਔਰੰਗਜ਼ੇਬ ਦੀ ਚਿੱਠੀ ਦਾ ਉਤਰ ਦੇ ਦਿਤਾ। ਇਸ ਚਿੱਠੀ ਵਿਚ ਉਨ੍ਹਾਂ ਲਿਖਿਆ ਕਿ ਉਹ ਤਾਂ ਗੁਰੂ ਘਰ ਦੇ ਫਕੀਰ ਹਨ ਅਤੇ ਸਾਧੂ ਸੰਤਾਂ ਨੂੰ ਬਾਦਸ਼ਾਹਾਂ ਨੂੰ ਮਿਲਣ ਦੀ ਕੋਈ ਲੋੜ ਨਹੀਂ ਹੈ। ਸਾਨੂੰ ਕਿਸੇ ਧਨ ਜਾਂ ਜਗੀਰ ਦੀ ਲੋੜ ਨਹੀਂ।

ਜਦ ਔਰੰਗਜ਼ੇਬ ਨੇ ਇਹ ਚਿੱਠੀ ਪੜ੍ਹੀ ਤਾਂ ਉਹ ਬੜੇ ਰੋਹ ਵਿਚ ਆ ਗਿਆ। ਉਸ ਨੇ ਦਰਬਾਰ ਵਿਚ ਕਿਹਾ ਕਿ ਜੇ ਇਹ ਮੇਰਾ ਹੁਕਮ ਨਹੀਂ ਮੰਨਦੇ ਤਾਂ ਇਨ੍ਹਾਂ ਨੂੰ ਫੌਰਨ ਦਿੱਲੀ ਦਰਬਾਰ ਵਿਚ ਹਾਜ਼ਰ ਹੋਣ ਲਈ ਕਿਹਾ ਜਾਵੇ।

ਔਰੰਗਜ਼ੇਬ ਦੀ ਦੂਸਰੀ ਚਿੱਠੀ ਮਿਲਣ ਉਤੇ ਗੁਰੂ ਜੀ ਨੇ ਇਹ ਫੈਸਲਾ ਕੀਤਾ ਕਿ ਔਰੰਗਜ਼ੇਬ ਦੀ ਤਸੱਲੀ ਕਰਵਾਉਣ ਲਈ ਆਪਣੇ ਵੱਡੇ ਸਪੁੱਤਰ ਰਾਮਰਾਇ ਨੂੰ ਹੀ ਭੇਜ ਦਿਤਾ ਜਾਵੇ। ਰਾਮਰਾਇ ਜੀ ਦੀ ਉਮਰ ਉਸ ਵੇਲੇ 11 ਸਾਲ ਦੀ ਸੀ। ਉਸ ਨੇ ਚੰਗੀ ਵਿਦਿਆ ਪ੍ਰਾਪਤ ਕੀਤੀ ਹੋਈ ਸੀ ਅਤੇ ਅਨੇਕਾਂ ਸ਼ਕਤੀਆਂ ਦਾ ਮਾਲਕ ਸੀ।

ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਪੁੱਤਰ ਤੂੰ ਬਾਦਸ਼ਾਹ ਔਰੰਗਜ਼ੇਬ ਦੇ ਪਾਸ ਜਾਣਾ ਹੈ। ਕਿਸੇ ਪ੍ਰਕਾਰ ਦਾ ਡਰ ਖ਼ੌਫ਼ ਨਹੀਂ ਰੱਖਣਾ ਅਤੇ ਨਾ ਕਿਸੇ ਗੱਲੋਂ ਘਬਰਾਉਣਾ ਹੈ। ਮੈਂ ਹਰ ਵੇਲੇ ਤੇਰੇ ਅੰਗ ਸੰਗ ਹੀ ਰਹਾਂਗਾ। ਔਰੰਗਜ਼ੇਬ ਜੋ ਵੀ ਤੈਨੂੰ ਪੁੱਛੇ ਉਸ ਦਾ ਸੱਚੋ ਸੱਚ ਉਤਰ ਦੇਣਾ ਹੈ। ਕਿਸੇ ਪ੍ਰਕਾਰ ਦਾ ਲੁਕਾਅ ਨਹੀਂ ਰੱਖਣਾ, ਪਰ ਔਰੰਗਜ਼ੇਬ ਦੇ ਕਹਿਣ ਤੇ ਕਿਸੇ ਪ੍ਰਕਾਰ ਦੀ ਕਰਾਮਾਤ ਨਹੀਂ ਵਿਖਾਉਣੀ। ਗੁਰੂ ਘਰ ਵਿਚ ਕਰਾਮਾਤ ਦਾ ਕੋਈ ਸਥਾਨ ਨਹੀਂ ਹੈ।"

ਆਪਣੇ ਪਿਤਾ ਜੀ ਦਾ ਹੁਕਮ ਮੰਨ ਕੇ ਬਾਬਾ ਰਾਮਰਾਇ ਨੇ ਦਿੱਲੀ ਜਾਣਾ ਪ੍ਰਵਾਨ ਕਰ ਲਿਆ। ਗੁਰੂ ਜੀ ਨੇ ਉਸ ਨਾਲ ਭਾਈ ਤਾਰਾ ਅਤੇ ਭਾਈ ਗੁਰਦਾਸ ਨੂੰ ਭੇਜਿਆ। 25 ਸਵਾਰ ਅਤੇ 50 ਬੰਦੇ ਹੋਰ ਨਾਲ ਦਿਤੇ।

ਬਾਬਾ ਰਾਮਰਾਇ ਜੀ ਰੋਪੜ, ਖਰੜ, ਘੜੂੰਏ, ਸ਼ਾਹਬਾਦ, ਥਾਨੇਸਰ ਅਤੇ ਪਾਨੀਪਤ ਹੁੰਦੇ ਹੋਏ ਦਿੱਲੀ ਪੁੱਜੇ। ਉਥੇ ਜਾ ਕੇ ਉਨ੍ਹਾਂ ਮਜਨੂੰ ਟਿੱਲੇ ਵਿਖੇ ਨਿਵਾਸ ਕੀਤਾ। ਡੇਰੇ ਪਹੁੰਚ ਕੇ ਔਰੰਗਜ਼ੇਬ ਨੂੰ ਖਬਰ ਪਹੁੰਚਾ ਦਿਤੀ ਗਈ।

ਸਮਾਂ ਮਿਲਣ 'ਤੇ ਔਰੰਗਜ਼ੇਬ ਨੇ ਬਾਬਾ ਰਾਮਰਾਇ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਬੁਲਾ ਲਿਆ। ਜਦ ਔਰੰਗਜ਼ੇਬ ਨੇ ਬਾਬਾ ਜੀ ਦੇ ਚਿਹਰੇ ਵਲ ਵੇਖਿਆ ਤਾਂ ਉਹ ਬਹੁਤ ਪ੍ਰਭਾਵਿਤ ਹੋਇਆ। ਦਰਬਾਰ ਵਿਚ ਉਨ੍ਹਾਂ ਨੂੰ ਉਚੀ ਥਾਂ ਵਧੀਆ ਆਸਣ ਪ੍ਰਦਾਨ ਕੀਤਾ। ਗੁਰੂ ਜੀ ਦੇ ਦੋ ਸਾਥੀਆਂ ਭਾਈ ਗੁਰਦਾਸ ਅਤੇ ਭਾਈ ਤਾਰਾ ਨੂੰ ਵੀ ਨਾਲ ਬੈਠਣ ਦੀ ਆਗਿਆ ਦੇ ਦਿਤੀ।

ਔਰੰਗਜ਼ੇਬ ਨੇ ਕਈ ਪ੍ਰਕਾਰ ਦੇ ਸਵਾਲ ਪੁੱਛਣੇ ਆਰੰਭ ਕੀਤੇ ਅਤੇ ਬਾਬਾ ਰਾਮਰਾਇ ਜੀ ਹਰ ਸਵਾਲ ਦਾ ਉਤਰ ਬੜੀ ਸਿਆਣਪ ਅਤੇ ਚਤੁਰਾਈ ਨਾਲ ਦਿੰਦੇ ਰਹੇ। ਔਰੰਗਜ਼ੇਬ ਉਨ੍ਹਾਂ ਦੇ ਉਤਰਾਂ ਨੂੰ ਸੁਣ ਕੇ ਬਹੁਤ ਹੈਰਾਨ ਹੋਇਆ। ਉਸ ਨੂੰ ਪਤਾ ਲੱਗ ਗਿਆ ਕਿ ਬਾਬਾ ਰਾਮਰਾਇ ਗ਼ੈਬੀ ਸ਼ਕਤੀਆਂ ਦਾ ਮਾਲਕ ਹੈ, ਇਸ ਲਈ ਇਸ ਨੂੰ ਗੱਲਬਾਤ ਨਾਲ ਹਰਾਇਆ ਨਹੀਂ ਜਾ ਸਕਦਾ। ਇਸ ਲਈ ਉਸ ਆਪਣਾ ਪੈਂਤੜਾ ਬਦਲਿਆ ਅਤੇ ਬਾਬਾ ਰਾਮਰਾਇ ਜੀ ਨੂੰ ਕੋਈ ਕਰਾਮਾਤ ਵਿਖਾਉਣ ਲਈ ਕਿਹਾ। ਬਾਬਾ ਰਾਮਰਾਇ ਨੇ ਅਨੇਕਾਂ ਕਰਾਮਾਤਾਂ ਵਿਖਾਈਆਂ। ਸਿੱਖ ਇਤਿਹਾਸ ਵਿਚ ਇਨ੍ਹਾਂ ਕਰਾਮਾਤਾਂ ਦਾ ਵੇਰਵਾ ਦਿਤਾ ਗਿਆ ਹੈ। ਔਰੰਗਜ਼ੇਬ ਦੇ ਹੁਕਮ ਨਾਲ ਇਕ ਮਰਿਆ ਹੋਇਆ ਬੱਕਰਾ ਲਿਆ ਕੇ ਰੱਖ ਦਿਤਾ ਗਿਆ। ਬਾਬਾ ਰਾਮਰਾਇ ਨੂੰ ਉਸ ਨੂੰ ਜਿਉਂਦਾ ਕਰਨ ਲਈ ਕਿਹਾ ਗਿਆ। ਬਾਬਾ ਜੀ ਨੇ ਇਕ ਸੋਟੀ ਬੱਕਰੇ ਨੂੰ ਲਾਈ ਤਾਂ ਉਹ ਛਾਲਾਂ ਮਾਰਦਾ ਉਠ ਭੱਜਾ। ਉਸ ਤੋਂ ਬਾਅਦ ਬਾਬਾ ਰਾਮਰਾਇ ਜੀ ਨੂੰ ਇਕ ਜ਼ਹਿਰੀਲੀ ਪੁਸ਼ਾਕ ਪਵਾਈ ਗਈ ਪਰ ਬਾਬਾ ਜੀ 'ਤੇ ਉਸ ਦਾ ਕੋਈ ਅਸਰ ਨਾ ਹੋਇਆ। ਫਿਰ ਔਰੰਗਜ਼ੇਬ ਨੇ ਪੁਛਿਆ ਕਿ ਉਸ ਦੇ ਮਹੱਲ ਦੇ ਹਰਮ ਵਿਚ ਕੀ ਹੋ ਰਿਹਾ ਹੈ ਤਾਂ ਰਾਮਰਾਇ ਨੇ ਸਭ ਕੁਝ ਕਹਿ ਸੁਣਾਇਆ। ਜਦ ਔਰੰਗਜ਼ੇਬ ਨੇ ਅਹਿਲਕਾਰ ਨੂੰ ਭੇਜ ਕੇ ਹਰਮ ਤੋਂ ਇਹ ਪੁਸ਼ਟੀ ਕੀਤੀ ਤਾਂ ਸਭ ਕੁਝ ਠੀਕ ਨਿਕਲਿਆ। ਫਿਰ ਔਰੰਗਜ਼ੇਬ ਦੇ ਹੁਕਮ ਅਨੁਸਾਰ ਇਕ ਪਾਲਕੀ ਦਰਬਾਰ ਦੇ ਬਾਹਰ ਰੱਖ ਦਿਤੀ ਗਈ ਤੇ ਬਾਬਾ ਰਾਮਰਾਇ ਨੂੰ ਕਿਹਾ ਗਿਆ ਕਿ ਉਸ ਪਾਲਕੀ ਵਿਚ ਬੈਠ ਕੇ ਕਹਾਰਾਂ ਤੋਂ ਬਗੈਰ ਅੰਦਰ ਆਉਣ। ਬਾਬਾ ਰਾਮਰਾਇ ਜੀ ਪਾਲਕੀ ਵਿਚ ਬੈਠ ਗਏ ਤੇ ਉਹ ਪਾਲਕੀ ਉਡਦੀ ਹੋਈ ਅੰਦਰ ਆ ਗਈ। ਸਭ ਵੇਖ ਕੇ ਬਹੁਤ ਹੈਰਾਨ ਹੋਏ। ਫਿਰ ਔਰੰਗਜ਼ੇਬ ਨੇ ਪੁਛਿਆ ਕਿ ਉਹ ਪਿਛਲੇ ਜਨਮ ਵਿਚ ਕੀ ਸੀ। ਬਾਬਾ ਰਾਮਰਾਇ ਨੇ ਕਿਸੇ ਝਿਜਕ ਤੋਂ ਬਗੈਰ ਕਹਿ ਦਿਤਾ ਕਿ ਔਰੰਗਜ਼ੇਬ ਪਿਛਲੇ ਜਨਮ ਵਿਚ ਬਾਘ ਸਨ। ਇਸ ਤੋਂ ਬਾਅਦ ਔਰੰਗਜ਼ੇਬ ਨੇ ਕਿਹਾ ਕਿ ਅਸੀਂ ਬਹਿਸ਼ਤ ਦੇ ਫਲ ਖਾਣਾ ਚਾਹੁੰਦੇ ਹਾਂ ਸਾਡੇ ਵਾਸਤੇ ਬਹਿਸ਼ਤੀ ਫਲ ਲਿਆਓ। ਬਾਬਾ ਰਾਮਰਾਇ ਨੇ ਉਸੇ ਵੇਲੇ ਇਕ ਫਲਾਂ ਦਾ ਟੋਕਰਾ ਔਰੰਗਜ਼ੇਬ ਦੇ ਸਾਮ੍ਹਣੇ ਟਿਕਾ ਦਿਤਾ। ਪਰ ਜਦ ਔਰੰਗਜ਼ੇਬ ਉਨ੍ਹਾਂ ਨੂੰ ਖਾਣ ਲੱਗਾ ਤਾਂ ਉਸ ਤੋਂ ਖਾਧੇ ਨਾ ਗਏ। ਕਈ ਅਹਿਲਕਾਰਾਂ ਨੇ ਸਵਾਦ ਚੱਖਣਾ ਚਾਹਿਆ ਪਰ ਜਦ ਉਹ ਮੂੰਹ ਲਾਉਂਦੇ ਸਨ ਤਾਂ ਲਹਿ ਲਹਿ ਕਰਦਾ ਫਲ ਪੱਥਰ ਬਣ

ਜਾਂਦਾ ਸੀ। ਉਥੇ ਇਕ ਮੌਲਵੀ ਬੈਠਾ ਸੀ। ਉਹ ਉਨ੍ਹਾਂ ਫਲਾਂ ਨੂੰ ਵੇਖ ਕੇ ਨਿੰਦਿਆ ਕਰਨ ਲੱਗਾ ਕਿ ਇਹ ਸਭ ਪਖੰਡ ਹੈ। ਬਾਬਾ ਰਾਮਰਾਇ ਨੇ ਮੌਲਵੀ ਵੱਲ ਵੇਖ ਕੇ ਇਕ ਹੱਥ ਅਗਾਂਹ ਵਧਾ ਕੇ ਜਦ ਪਿਛਾਂਹ ਖਿਚਿਆ ਤਾਂ ਉਸਦੀ ਜ਼ੁਬਾਨ ਹੀ ਬਾਹਰ ਆ ਗਈ ਅਤੇ ਉਹ ਕੁਰਲਾਉਂਦਾ ਹੋਇਆ ਬਾਹਰ ਨੂੰ ਭੱਜ ਉਠਿਆ। ਪਸ਼ਚਾਤਾਪ ਕੀਤਾ ਤੇ ਬਖਸ਼ਿਆ ਗਿਆ।

ਔਰੰਗਜ਼ੇਬ ਦੇ ਦਰਬਾਰ ਵਿਚ ਇਕ ਸ਼ਾਹੀ ਪਹਿਲਵਾਨ ਜਿਸ ਦਾ ਨਾਂ ਰੁਸਤਮ ਸੀ, ਵੀ ਬੈਠਾ ਹੋਇਆ ਸੀ। ਉਹ ਪਹਿਲਵਾਨ ਕਿਸੇ ਪਾਸੋਂ ਹਾਰਿਆ ਨਹੀਂ ਸੀ। ਇਕ ਅਹਿਲਕਾਰ ਨੇ ਕਿਹਾ ਕਿ ਇਸ ਪਹਿਲਵਾਨ ਦਾ ਕੋਈ ਜੋੜ ਲਿਆ ਜਿਹੜਾ ਇਸ ਦੀ ਪਿੱਠ ਲਵਾ ਸਕੇ। ਬਾਬਾ ਰਾਮਰਾਇ ਨੇ ਉਥੇ ਖੜੇ ਸੇਵਕਾਂ ਵਿਚੋਂ ਇਕ ਮਾੜੂਏ ਜਿਹੇ ਸੇਵਕ ਨੂੰ ਆਵਾਜ਼ ਮਾਰੀ ਅਤੇ ਕਿਹਾ ਕਿ ਉਹ ਰੁਸਤਮ ਪਹਿਲਵਾਨ ਨਾਲ ਕੁਸ਼ਤੀ ਕਰੇ। ਰੁਸਤਮ ਪਹਿਲਵਾਨ ਤਾਂ ਪਹਿਲਾਂ ਹੀ ਡਰ ਗਿਆ, ਪਰ ਮਾੜੂਏ ਜਿਹੇ ਸੇਵਕ ਨੂੰ ਵੇਖ ਕੇ ਉਹ ਮੈਦਾਨ ਵਿਚ ਆ ਗਿਆ। ਰੁਸਤਮ ਹਾਲੇ ਪੱਟਾਂ ਨੂੰ ਹੱਥ ਮਾਰਦਾ ਹੀ ਸੀ ਕਿ ਸੁਕੜੂ ਸੇਵਕ ਨੇ ਪਹਿਲਵਾਨ ਨੂੰ ਧਰਤੀ 'ਚੇ ਪਟਕਾਅ ਮਾਰਿਆ ਅਤੇ ਦੋਵੇਂ ਮੋਢੇ ਜ਼ਮੀਨ ਨਾਲ ਲਾ ਦਿਤੇ। ਸਾਰੇ ਅਹਿਲਕਾਰਾਂ ਨੇ ਹੈਰਾਨੀ ਵਿਚ ਆਪਣੀਆਂ ਉਂਗਲਾਂ ਮੂੰਹ ਵਿਚ ਪਾ ਲਈਆਂ। ਫਿਰ ਔਰੰਗਜ਼ੇਬ ਨੇ ਕਿਹਾ ਅਸੀਂ ਮੱਕੇ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ, ਸਾਨੂੰ ਏਥੇ ਮੱਕੇ ਦੇ ਪ੍ਰਤੱਖ ਦਰਸ਼ਨ ਕਰਾਓ। ਬਾਬਾ ਰਾਮਰਾਇ ਨੇ ਮੱਕੇ ਨੂੰ ਅਸਲ ਰੂਪ ਵਿਚ ਹੀ ਸਾਮ੍ਹਣੇ ਲਿਆ ਖੜ੍ਹਾ ਕੀਤਾ। ਔਰੰਗਜ਼ੇਬ ਨੇ ਕਿਉਂਕਿ ਮੱਕਾ ਵੇਖਿਆ ਹੋਇਆ ਸੀ, ਅਸਲ ਮੱਕੇ ਨੂੰ ਵੇਖ ਕੇ ਉਹ ਸਿਜਦੇ ਵਿਚ ਝੁਕ ਗਿਆ। ਫਿਰ ਔਰੰਗਜ਼ੇਬ ਨੇ ਕਿਹਾ ਕਿ ਇਹ ਸੁਣਿਆ ਹੈ ਕਿ ਗੁਰੂ ਨਾਨਕ ਦੇਵ ਨੇ ਮੱਕਾ ਫੇਰ ਦਿਤਾ ਸੀ। ਤੁਸੀਂ ਸਾਨੂੰ ਮੋਤੀ ਮਸਜਿਦ ਹੀ ਫੇਰ ਕੇ ਵਿਖਾਓ। ਬਾਬਾ ਰਾਮਰਾਇ ਨੇ ਮੋਤੀ ਮਸਜਿਦ ਵਲ ਵੇਖਿਆ ਤਾਂ ਉਙ ਘੁੰਮਣ ਲਗ ਗਈ। ਇਹ ਕੌਤਕ ਵੇਖ ਕੇ ਸਾਰੇ ਅਹਿਲਕਾਰ, ਸੇਵਕ ਅਤੇ ਬਾਦਸ਼ਾਹ ਬਹੁਤ ਹੈਰਾਨ ਹੋਏ।

ਮਸਜਿਦ ਨੂੰ ਘੁੰਮਦੀ ਵੇਖ ਕੇ ਸਾਰਾ ਦਰਬਾਰ ਹੀ ਘੁੰਮਣ ਲਗ ਪਿਆ। ਕਿਸੇ ਵਿਚ ਉਠ ਕੇ ਖਲੋਣ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਉਹ ਕਹਿ ਸਕੇ ਮਸਜਿਦ ਦਾ ਘੁੰਮਣਾ ਹੁਣ ਬੰਦ ਕਰ ਦਿਉ। ਬਾਦਸ਼ਾਹ ਔਰੰਗਜ਼ੇਬ ਆਪ ਇਕ ਕਸੂਤੀ ਸਥਿਤੀ ਵਿਚ ਫਸ ਗਿਆ ਸੀ। ਅੰਤ ਉਸ ਨੇ ਹੱਥ ਜੋੜ ਕੇ ਸਮਜਿਦ ਦਾ ਘੁੰਮਣਾ ਬੰਦ ਕਰਨ ਲਈ ਕਿਹਾ। ਬਾਬਾ ਰਾਮਰਾਇ ਜੀ ਦੀਆਂ ਇਹ ਕਰਾਮਾਤਾਂ ਵੇਖ ਕੇ ਸਾਰਾ ਦਰਬਾਰ ਹੀ ਬਾਬਾ ਜੀ ਅੱਗੇ ਬੜੀ ਸ਼ਰਧਾ ਨਾਲ ਸਿਜਦੇ ਵਿਚ ਝੁਕ ਗਿਆ। ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀ ਬਹੁਤ ਪ੍ਰਸੰਨ ਹੋਏ।

ਮਿੱਟੀ ਮੁਸਲਮਾਨ ਕੀ – ਬਾਬਾ ਰਾਮਰਾਇ ਦੀਆਂ ਵਚਿੱਕਰ ਕਾਰਮਾਤਾਂ ਵੇਖ ਕੇ ਔਰੰਗਜ਼ੇਬ ਬਹੁਤ ਪ੍ਰਸੰਨ ਹੋਇਆ। ਉਸ ਨੇ ਬਾਬਾ ਰਾਮਰਾਇ ਅਤੇ ਉਸ ਦੇ ਸਾਥੀਆਂ ਦੀ ਬਹੁਤ ਸੇਵਾ ਕੀਤੀ। ਵੱਡੇ ਵੱਡੇ ਅਹਿਲਕਾਰ ਬਾਬਾ ਜੀ ਤੋਂ ਭੈਅ ਖਾਂਦੇ ਸਨ ਅਤੇ ਸਭ ਡਰਦੇ ਮਾਰੇ ਉਨ੍ਹਾਂ ਦੀ ਬਹੁਤ ਇਜ਼ਤ ਕਰਦੇ ਸਨ। ਜਦ ਬਾਬਾ ਰਾਮਰਾਇ ਦੀ ਏਨੀ ਖੁਸ਼ਾਮਦ ਅਤੇ ਸਿਫਤ ਹੋਣ ਲੱਗੀ ਤਾਂ ਉਹ ਵੀ ਆਪਣੇ ਆਪ ਨੂੰ ਦੁਨੀਆਂ ਦਾ ਇਕ ਇਲਾਹੀ ਪੀਰ ਪੈਗੰਬਰ ਸਮਝਣ ਲਗ ਗਏ। ਸ਼ਾਹੀ ਠਾਠ ਬਾਠ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦਾ ਹੁਣ ਦਿੱਲੀ ਨੂੰ ਛੱਡਣ ਦਾ ਦਿਲ ਹੀ ਨਹੀਂ ਸੀ ਕਰ ਰਿਹਾ। ਉਹ ਜਿੱਥੇ ਵੀ ਜਾਂਦੇ ਸਨ, ਮੁਸਲਮਾਨ ਵੀ ਉਨ੍ਹਾਂ ਅੱਗੇ ਹੋ ਹੋ ਕੇ ਸਲਾਮਾਂ ਬੁਲਾਉਂਦੇ ਸਨ, ਸਿਜਦੇ ਕਰਦੇ ਸਨ ਅਤੇ ਹਰ ਪ੍ਰਕਾਰ ਦੀ ਸੇਵਾ ਕਰਕੇ ਪ੍ਰਸੰਨ ਹੁੰਦੇ ਸਨ।

ਉਨ੍ਹਾਂ ਦੀਆਂ ਕਰਾਮਾਤਾਂ ਦੀਆਂ ਖਬਰਾਂ ਗੁਰੂ ਹਰਿਰਾਇ ਪਾਸ ਵੀ ਪੁੱਜ ਰਹੀਆਂ ਸਨ। ਉਨ੍ਹਾਂ ਤਾਂ ਉਸ ਨੂੰ ਕਿਹਾ ਸੀ ਕਿ ਕੋਈ ਕਰਾਮਾਤ ਕਰਕੇ ਨਾ ਵਿਖਾਵੇ ਪਰ ਉਨ੍ਹਾਂ ਤਾਂ ਕਰਾਮਾਤਾਂ ਦੀ ਹੱਦ ਹੀ ਕਰ ਦਿਤੀ ਸੀ। ਪਰ ਉਸ ਸਮੇਂ ਗੁਰੂ ਸਾਹਿਬ ਦੀ ਬਰਦਾਸ਼ਤ ਦੀ ਹੱਦ ਹੀ ਮੁੱਕ ਗਈ ਜਦ ਬਾਬਾ ਰਾਮਰਾਇ ਨੇ ਇਕ ਹੋਰ ਅਨੋਖੀ ਕਰਾਮਾਤ ਕਰ ਵਿਖਾਈ।

ਔਰੰਗਜ਼ੇਬ ਪੰਜਾਬ ਵਿਚ ਸੁਲਤਾਨਪੁਰ ਲੋਧੀ ਪੜ੍ਹਿਆ ਸੀ, ਇਸ ਲਈ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕਈ ਵਾਕ ਯਾਦ ਸਨ।

ਇਕ ਦਿਨ ਜਦ ਦਰਬਾਰ ਲੱਗਾ ਹੋਇਆ ਸੀ ਤਾਂ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਪੁਛਿਆ ਕਿ ਇਹ ਵਾਕ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਇਸ ਦੇ ਕੀ ਅਰਥ ਹਨ। ਔਰੰਗਜ਼ੇਬ ਨੇ ਉਸ ਸ਼ਬਦ ਨੂੰ ਇਸ ਤਰ੍ਹਾਂ ਕਿਹਾ –

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

ਬਾਬਾ ਰਾਮਰਾਇ ਬਾਦਸ਼ਾਹ ਦੇ ਪ੍ਰਭਾਵ ਹੇਠ ਏਨਾ ਆ ਚੁਕਿਆ ਸੀ ਕਿ ਉਸ ਇਸ ਵਾਕ ਦੇ ਅਰਥ ਕਰਨ ਦੀ ਬਜਾਏ, ਵਾਕ ਹੀ ਬਦਲ ਦਿਤਾ। ਉਹ ਕਹਿਣ ਲੱਗਾ, "ਅਸੀਂ ਤਾਂ ਇਹ ਬਾਣੀ ਇਸ ਤਰ੍ਹਾਂ ਨਹੀਂ ਪੜ੍ਹਦੇ, ਅਸੀਂ ਤਾਂ ਪੜ੍ਹਦੇ ਹਾਂ –

'ਮਿਟੀ ਬੇਈਮਾਨ ਕੀ'

ਗੁਰੂ ਨਾਨਕ ਦੇਵ ਜੀ ਦੇ ਵਾਕ ਨੂੰ ਬਦਲਣ ਨਾਲ ਬਾਦਸ਼ਾਹ ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ, ਪਰ ਗੁਰੂ ਹਰਿਰਾਇ ਸਾਹਿਬ ਨੂੰ ਇਹ ਸੁਣ ਕੇ ਬਹੁਤ ਦੁੱਖ ਹੋਇਆ। ਬਾਬਾ ਰਾਮਰਾਇ ਤਾਂ ਹੁਣ ਔਰੰਗਜ਼ੇਬ ਦਾ ਹੋ ਕੇ ਰਹਿ ਗਿਆ ਸੀ ਤੇ ਉਸ ਨੂੰ ਖੁਸ਼ ਕਰਨ ਵਾਸਤੇ ਉਸਨੂੰ ਗੁਰਬਾਣੀ ਨੂੰ ਬਦਲਣ ਵਿਚ ਕੋਈ ਹੇਠੀ ਅਨੁਭਵ ਨਾ

ਹੋਈ। ਉਹ ਔਰੰਗਜ਼ੇਬ ਨੂੰ ਕਈ ਵਚਿੱਤਰ ਅਤੇ ਅਸੰਭਵ ਕਰਾਮਾਤਾਂ ਵਿਖਾ ਚੁੱਕਾ ਸੀ। ਗੁਰਬਾਣੀ ਦੇ ਅਰਥ ਕਰਕੇ ਗੁਰੂ ਨਾਨਕ ਦੇਵ ਜੀ ਦੇ ਸਹੀ ਸਿਧਾਂਤ ਨੂੰ ਸਮਝਾਉਣ ਵਿਚ ਉਸ ਨੂੰ ਕੋਈ ਕਠਿਨਾਈ ਨਹੀਂ ਸੀ। ਜਿਹੜੀਆਂ ਕਰਾਮਾਤਾਂ ਉਸ ਵਿਖਾਈਆਂ ਸਨ ਉਸ ਵਿਚ ਉਹ ਮੁਸਲਮਾਨ ਦੀ ਕਬਰ ਦੀ ਮਿੱਟੀ ਕੁਮਿਆਰ ਦੇ ਪੇੜੇ ਵਿਚ ਪਈ ਵਿਖਾ ਸਕਦਾ ਸੀ ਅਤੇ ਇਹ ਭੁਲੇਖਾ ਵੀ ਦੂਰ ਕਰ ਸਕਦਾ ਸੀ ਕਿ ਰੂਹਾਂ ਕਦੀ ਸਰੀਰ ਦੇ ਨਾਲ ਨਹੀਂ ਦੱਬੀਆਂ ਜਾਂਦੀਆਂ ਜਿਹੜੀਆਂ ਬਾਅਦ ਵਿਚ ਕਿਆਮਤ ਵਾਲੇ ਦਿਨ ਫਿਰ ਉਠ ਖੜ੍ਹੀਆਂ ਹੋਣਗੀਆਂ। ਗੁਰੂ ਨਾਨਕ ਸਾਹਿਬ ਨੇ ਸਾਂਈ ਮਿੱਠੇ ਸ਼ਾਹ ਨਾਲ ਵਾਰਤਾਲਾਪ ਕਰਕੇ ਉਸ ਦੇ ਸਾਰੇ ਅਜਿਹੇ ਭੁਲੇਖੇ ਦੂਰ ਕਰ ਦਿਤੇ ਸਨ।

ਜਦ ਗੁਰੂ ਹਰਿਰਾਇ ਸਾਹਿਬ ਨੂੰ ਇਹ ਖਬਰ ਪੁੱਜੀ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ, ''ਗੁਰੂ ਨਾਨਕ ਦੇਵ ਜੀ ਦੇ ਵਾਕ ਅਟੱਲ ਹਨ, ਇਨ੍ਹਾਂ ਨੂੰ ਕੋਈ ਬਦਲ ਨਹੀਂ ਸਕਦਾ। ਰਾਮਰਾਇ ਨੇ ਇਹ ਬਹੁਤ ਮਾੜਾ ਕੰਮ ਕੀਤਾ ਹੈ। ਉਹ ਹੁਣ ਇਸ ਯੋਗ ਨਹੀਂ ਰਿਹਾ ਕਿ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਸਕੇ। ਉਹ ਸ਼ਾਹੀ ਠਾਠ ਬਾਠ ਅਧੀਨ ਏਨਾ ਡਿੱਗ ਚੁੱਕਾ ਹੈ ਕਿ ਉਸ ਦਾ ਮਨ ਦੁਰਬਲ ਹੋ ਗਿਆ ਹੈ। ਉਹ ਇਕ ਕਾਇਰ ਤੋਂ ਡਰਪੋਕ ਬਣ ਗਿਆ ਹੈ। ਉਸਨੂੰ ਸਾਡਾ ਹੁਣ ਇਹੋ ਆਦੇਸ਼ ਕਰ ਦੇਵੋ ਕਿ ਉਹ ਹੁਣ ਸਾਡੇ ਮੱਥੇ ਨਾ ਲੱਗੇ। ਜਿਧਰ ਉਸ ਦਾ ਮੂੰਹ ਹੋਵੇ ਉਧਰ ਹੀ ਚਲਿਆ ਜਾਵੇ। ਤੁਰਕਾਂ ਦੀ ਮਾਇਆ ਨੇ ਉਸਦੀ ਬੁੱਧੀ ਭ੍ਰਿਸ਼ਟ ਕਰ ਦਿਤੀ ਹੈ।

ਗੁਰੂ ਹਰਿਰਾਇ ਸਾਹਿਬ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਕ ਕਾਇਰ ਅਤੇ ਖੁਸ਼ਾਮਦੀ ਬੰਦਾ ਸਿੱਖਾਂ ਦੀ ਅਗਵਾਈ ਨਹੀਂ ਕਰ ਸਕਦਾ। ਗੁਰੂ ਸਾਹਿਬ ਗੁਰਬਾਣੀ ਦਾ ਬਹੁਤ ਆਦਰ ਸਤਿਕਾਰ ਕਰਦੇ ਸਨ ਅਤੇ ਗੁਰਬਾਣੀ ਦੇ ਨਿਰਾਦਰ ਕਰਨ ਵਾਲੇ ਨੂੰ ਉਹ ਕਦੇ ਵੀ ਮੁਆਫ ਨਹੀਂ ਸਨ ਕਰ ਸਕਦੇ। ਉਨ੍ਹਾਂ ਨੇ ਸਾਰੇ ਸਿੱਖਾਂ ਨੂੰ ਵੀ ਹੁਕਮਨਾਮੇ ਜਾਰੀ ਕਰ ਦਿਤੇ ਕਿ ਕੋਈ ਵੀ ਸਿੱਖ ਰਾਮਰਾਇ ਨੂੰ ਮੂੰਹ ਨਾ ਲਾਵੇ, ਜਿਹੜਾ ਵੀ ਸਿੱਖ ਉਸ ਨੂੰ ਨਿਵਾਜੇਗਾ ਉਹ ਸਾਡਾ ਸਿੱਖ ਨਹੀਂ ਰਹੇਗਾ।

ਜਦ ਗੁਰੂ ਹਰਿਰਾਇ ਸਾਹਿਬ ਨੇ ਬਾਬਾ ਰਾਮਰਾਇ ਨੂੰ ਘਰ ਬਾਰ ਤੋਂ ਛੇਕ ਦਿਤਾ ਤਾਂ ਗੁਰੂ ਹਰਿਰਾਇ ਜੀ ਨੇ ਪੱਕਾ ਮਨ ਬਣਾ ਲਿਆ ਕਿ ਗੁਰਗੱਦੀ ਹੁਣ ਹਰਿਕ੍ਰਿਸ਼ਨ ਨੂੰ ਹੀ ਦਿਤੀ ਜਾਵੇ। ਉਨ੍ਹਾਂ ਵਿਚ ਉਹ ਦਲੇਰੀ, ਨਿਡਰਤਾ ਅਤੇ ਗੁਰਬਾਣੀ ਪਿਆਰ ਵੇਖ ਰਹੇ ਸਨ।

ਬਾਬਾ ਰਾਮਰਾਇ ਦੀ ਮਹਾਨਤਾ ਨੂੰ ਘਟਾਉਣ ਵਾਸਤੇ ਅਤੇ ਸਿੱਖਾਂ ਨੂੰ ਨਵੀਂ ਸੇਧ ਦੇਣ ਵਾਸਤੇ ਗੁਰੂ ਜੀ ਨੇ ਕੀਰਤਪੁਰ ਵਿਚ ਆਪਣੇ ਸਭ ਮਸੰਦਾਂ ਅਤੇ ਗੁਰੂ ਘਰ ਦੇ ਸਾਰੇ ਪ੍ਰੇਮੀ ਸਿੱਖਾਂ ਦਾ ਇਕ ਵਿਸ਼ੇਸ਼ ਇਕੱਠ ਬੁਲਾਇਆ। ਇਸ ਇਕੱਠ ਵਿਚ ਉਨ੍ਹਾਂ ਸਾਰੇ ਮਸੰਦਾਂ ਅਤੇ ਸਿੱਖਾਂ ਪਾਸੋਂ ਇਹ ਪ੍ਰਣ ਲਿਆ ਕਿ ਕੋਈ ਵੀ ਗੁਰਸਿੱਖ ਬਾਬਾ ਰਾਮਰਾਇ ਜੀ ਨੂੰ ਮੂੰਹ ਨਾ ਲਾਵੇ, ਆਪਣੇ ਘਰ ਪਨਾਹ ਨਾ ਦੇਵੇ ਅਤੇ ਨਾ ਹੀ ਕੋਈ ਕਾਰ-ਭੇਟ ਪੇਸ਼ ਕਰੇ। ਸਾਰੇ ਸਿੱਖਾਂ ਨੇ ਖੜ੍ਹੇ ਹੋ ਕੇ ਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕਰਨ ਦਾ ਵਚਨ ਦਿਤਾ ਅਤੇ ਕਿਸੇ ਸਿੱਖ ਨੇ ਵੀ ਵਿਰੋਧ ਨਾ ਕੀਤਾ। ਜਦ ਬਾਬਾ ਰਾਮਰਾਇ ਨੂੰ ਗੁਰੂ ਜੀ ਦੇ ਉਨ੍ਹਾਂ ਹੁਕਮਾਂ ਦਾ ਪਤਾ ਲੱਗਾ ਤਾਂ ਉਹ ਬਹੁਤ ਪਛਤਾਇਆ।

ਪਿਤਾ ਗੁਰੂ ਹਰਿਰਾਇ ਸਾਹਿਬ ਜੀ ਦੀ ਹਜ਼ੂਰੀ ਵਿਚ ਦੋਹਾਂ ਸਾਹਿਬਜ਼ਾਦਿਆਂ ਦੀ ਪਰਖ।

ਗੁਰਿਆਈ – ਇਕ ਵਾਰ ਜਦ ਦੋਵੇਂ ਸਾਹਿਬਜ਼ਾਦੇ ਬਾਬਾ ਰਾਮਰਾਇ ਜੀ ਅਤੇ ਬਾਲਾ ਗੁਰੂ ਹਰਿਕ੍ਰਿਸ਼ਨ ਜੀ ਸਮਾਧੀਆਂ ਲਾਈ ਬੈਠੇ ਸਨ ਤਾਂ ਇਕ ਸਿੱਖ ਨੇ ਆ ਕੇ ਬੜੀ ਵਡਿਆਈ ਕੀਤੀ ਕਿ ਦੋਵੇਂ ਸਾਹਿਬਜ਼ਾਦਿਆਂ ਦੀ ਨਾਮ ਸਿਮਰਨ ਵਿਚ ਡੂੰਘੀ ਲਿਵ ਲੱਗੀ ਹੈ। ਉਹ ਨਾਮ ਦੇ ਰੰਗ ਵਿਚ ਇਸ ਤਰ੍ਹਾਂ ਮਸਤ ਹਨ ਕਿ ਉਨ੍ਹਾਂ ਨੂੰ ਬਾਹਰਲੀ ਲੁਕਾਈ ਦਾ ਕੋਈ ਖਿਆਲ ਨਹੀਂ।

ਗੁਰੂ ਜੀ ਨੇ ਉਸ ਸਿੱਖ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਇਹ ਲਵੋ ਸੂਈ, ਤੁਸੀਂ ਦੋਹਾਂ ਸਾਹਿਬਜ਼ਾਦਿਆਂ ਨੂੰ ਥੋੜ੍ਹੀ ਥੋੜ੍ਹੀ ਚੁਭੋਣੀ ਅਤੇ ਵੇਖਣਾ ਕਿ ਕਿਹੜਾ ਪਹਿਲੋਂ ਸੁਚੇਤ ਹੁੰਦਾ ਹੈ।" ਉਹ ਸਿੱਖ ਪਹਿਲਾਂ ਤਾਂ ਕੁਝ ਝਿਜਕਿਆ ਕਿ ਅਜਿਹਾ ਕਰਨ ਤੇ ਸਾਹਿਬਜ਼ਾਦੇ ਨਾਰਾਜ਼ ਹੋਣਗੇ ਅਤੇ ਉਨ੍ਹਾਂ ਦੇ ਮੁੱਖ ਵਿਚੋਂ ਕੁਝ ਅਸ਼ੁੱਭ ਬਚਨ ਵੀ ਨਿਕਲ ਸਕਦੇ ਹਨ, ਜਿਹੜੇ ਉਸ ਲਈ ਮਾੜੇ ਵੀ ਸਿੱਧ ਹੋ ਸਕਦੇ ਹਨ, ਪਰ ਗੁਰੂ ਜੀ ਵਲੋਂ ਜ਼ੋਰ ਪਾਉਣ ਉਤੇ ਉਹ ਦੋਹਾਂ ਸਾਹਿਬਜ਼ਾਦਿਆਂ ਪਾਸ ਪੁਜਿਆ। ਪਹਿਲਾਂ ਉਸ ਸੂਈ ਨੂੰ ਬਾਬਾ ਰਾਮਰਾਇ ਜੀ ਦੇ ਚੁਭੋਇਆ। ਬਾਬਾ ਰਾਮਰਾਇ ਜੀ ਤਾਂ ਸੂਈ ਦੇ ਛੂੰਹਦਿਆਂ ਹੀ ਤ੍ਰਬਕ ਕੇ ਉਠ ਬੈਠੇ ਅਤੇ ਸਿੱਖ ਵਲ ਬੜੀਆਂ ਕਹਿਰੀਆਂ ਨਜ਼ਰਾਂ ਨਾਲ ਵੇਖਣ ਲੱਗੇ। ਫਿਰ ਉਸ ਸਿੱਖ ਨੇ ਸੂਈ ਨੂੰ ਬਾਲਾ ਗੁਰੂ ਹਰਿਕ੍ਰਿਸ਼ਨ ਦੇ ਚੁਭੋਇਆ, ਪਰ ਬਾਲਾ ਗੁਰੂ ਦੀ ਅਵਸਥਾ ਵਿਚ ਕੋਈ ਫਰਕ ਨਾ ਪਿਆ। ਸਿੱਖ ਨੇ ਸਮਝਿਆ ਸ਼ਾਇਦ ਸੂਈ ਠੀਕ ਤਰ੍ਹਾਂ ਚੁਭੀ ਨਾ ਹੋਵੇ, ਉਸ ਦੁਬਾਰਾ ਸੂਈ ਨੂੰ ਚੁਭੋਇਆ, ਪਰ ਫਿਰ ਵੀ ਬਾਲਾ ਗੁਰੂ ਆਪਣੀ ਸਮਾਧੀ ਵਿਚ ਲਿਵਲੀਨ ਰਹੇ। ਉਨ੍ਹਾਂ ਦੇ ਸਰੀਰ ਦਾ ਕੋਈ ਅੰਗ ਨਾ ਹਿਲਿਆ। ਇਕ ਛੋਟੇ ਬਾਲ ਦੀ ਇਸ ਤਰ੍ਹਾਂ ਦੀ ਨਾਮ ਸਿਮਰਨ ਵਿਚ ਲੱਗੀ ਲਿਵ ਨੂੰ ਵੇਖ ਕੇ ਉਹ ਸਿੱਖ ਬਹੁਤ ਹੈਰਾਨ ਹੋਇਆ। ਗੁਰੂ ਹਰਿਰਾਇ ਸਾਹਿਬ ਜੀ ਇਹ ਸਭ ਕੁਝ ਵੇਖ ਰਹੇ ਸਨ। ਇਸ ਤੋਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਬਾਬਾ ਰਾਮਰਾਇ ਕੇਵਲ ਅੱਖਾਂ ਮੀਟ ਕੇ ਬੈਠੇ ਸਨ ਅਤੇ ਬਾਹਰਲੇ ਵਾਤਾਵਰਣ ਤੋਂ ਉਹ ਬਿਲਕੁਲ ਸੁਚੇਤ ਸਨ।

ਇਕ ਵਾਰ ਫਿਰ ਅਜਿਹੀ ਇਕ ਪਰਖ ਹੋਈ। ਇਕ ਵਾਰ ਇਕ ਸਿੱਖ ਗੁਰੂ ਹਰਿਰਾਇ ਜੀ ਪਾਸ ਆਇਆ ਅਤੇ ਪੁਛਿਆ, "ਮਹਾਰਾਜ! ਤੁਹਾਨੂੰ ਆਪਣੇ ਦੋਵਾਂ ਪੁੱਤਰਾਂ ਵਿਚੋਂ ਕਿਹੜਾ ਪੁੱਤਰ ਜ਼ਿਆਦਾ ਪਿਆਰਾ ਹੈ।"

ਗੁਰੂ ਜੀ ਨੇ ਉਤਰ ਦਿਤਾ, "ਮਾਤਾ ਪਿਤਾ ਨੂੰ ਸਭ ਬੱਚੇ ਇਕੋ ਜਿਹੇ ਪਿਆਰੇ ਹੁੰਦੇ ਹਨ। ਮੇਰੇ ਵਾਸਤੇ ਤਾਂ ਮੇਰੇ ਸਾਰੇ ਸਿੱਖ ਹੀ ਮੇਰੇ ਬੱਚੇ ਹਨ ਅਤੇ ਮੈਨੂੰ ਬਹੁਤ ਪਿਆਰੇ ਹਨ, ਪਰ ਜੇ ਤੁਸੀਂ ਇਨ੍ਹਾਂ ਪੁੱਤਰਾਂ ਬਾਰੇ ਹੀ ਪਤਾ ਕਰਨਾ ਹੈ ਤਾਂ ਉਹ ਮੈਂ ਨਹੀਂ ਕਹਿ ਸਕਦਾ। ਮੈਂ ਤੁਹਾਨੂੰ ਇਕ ਢੰਗ ਦੱਸ ਸਕਦਾ ਹਾਂ। ਮੈਂ ਤੁਹਾਨੂੰ ਇਹ ਸੂਈ ਦਿੰਦਾ ਹਾਂ। ਇਸ ਵੇਲੇ ਦੋਵੇਂ ਪੁੱਤਰ ਪੰਘੂੜਿਆਂ ਵਿਚ ਬੈਠੇ ਪਾਠ ਕਰ ਰਹੇ ਸਨ। ਤੁਸੀਂ ਦੋਹਾਂ ਸਾਹਿਬਜ਼ਾਦਿਆਂ ਦਾ ਪਹਿਲਾਂ ਪਾਠ ਸੁਣਨਾ, ਫਿਰ ਇਹ ਸੂਈ ਉਨ੍ਹਾਂ ਦੇ ਪੰਘੂੜੇ ਦੇ ਪਾਵੇ ਵਿਚ ਖੋਭ ਦੇਣੀ ਜਿਸ ਦੇ ਪਾਵੇ ਵਿਚ ਇਹ ਸੂਈ ਖੁਭ ਜਾਵੇ ਉਹ ਸਮਝੋ ਮੈਨੂੰ ਜ਼ਿਆਦਾ ਪਿਆਰਾ ਹੈ।"

ਉਹ ਸਿੱਖ ਗੁਰੂ ਜੀ ਨੂੰ ਸਤਬਚਨ ਕਹਿ ਕੇ ਪਹਿਲਾਂ ਬਾਬਾ ਰਾਮਰਾਇ ਦੇ ਪੰਘੂੜੇ ਪਾਸ ਪੁੱਜਾ ਅਤੇ ਕੁਝ ਦੇਰ ਪਾਠ ਸੁਣਦਾ ਰਿਹਾ। ਬਾਬਾ ਰਾਮਰਾਇ ਜੀ ਪੋਥੀ ਪੰਘੂੜੇ ਉਤੇ ਰੱਖ ਕੇ ਪਾਠ ਕਰ ਰਹੇ ਸਨ। ਕੁਝ ਸਮਾਂ ਪਾਠ ਸੁਣਨ ਤੋਂ ਬਾਅਦ ਉਸ ਸਿੱਖ ਨੇ ਸੂਈ ਬਾਬਾ ਰਾਮਰਾਇ ਦੇ ਪੰਘੂੜੇ ਦੇ ਇਕ ਪਾਵੇ ਵਿਚ ਖੋਭੀ, ਪਰ ਲੱਕੜ ਦਾ ਪਾਵਾ ਏਨਾ ਸਖਤ ਸੀ ਕਿ ਸੂਈ ਇਕ ਤਿਣਕਾ ਭਰ ਵੀ ਨਾ ਖੁੱਭ ਸਕੀ। ਉਸ ਨੇ ਦੁਬਾਰਾ ਵੀ ਯਤਨ ਕੀਤਾ, ਪਰ ਸੁੱਕੀ ਲੱਕੜ ਵਿਚ ਸੂਈ ਕਿਵੇਂ ਖੁੱਭ ਸਕਦੀ ਸੀ?

ਫਿਰ ਉਹ ਸਿੱਖ ਬਾਲਾ ਗੁਰੂ ਹਰਿਕ੍ਰਿਸ਼ਨ ਜੀ ਦੇ ਪੰਘੂੜੇ ਪਾਸ ਪੁੱਜਿਆ ਅਤੇ ਪਾਠ ਸੁਣਨ ਲੱਗਾ, ਪਾਠ ਏਨੀ ਮਿੱਠੀ ਸੁਰ ਵਿਚ ਪੜ੍ਹਿਆ ਜਾ ਰਿਹਾ ਸੀ ਕਿ ਸਿੱਖ ਕੀਲਿਆ ਹੀ ਗਿਆ ਅਤੇ ਕਾਫੀ ਸਮਾਂ ਪਾਠ ਹੀ ਸੁਣਦਾ ਰਿਹਾ। ਫਿਰ ਉਸਨੂੰ ਗੁਰੂ ਸਾਹਿਬ ਦਾ ਆਦੇਸ਼ ਯਾਦ ਆਇਆ ਕਿ ਪਾਵੇ ਦੀ ਲੱਕੜ ਬਿਲਕੁਲ ਹਰੀ ਲੱਕੜ ਵਾਂਗ ਹੋ ਗਈ ਸੀ ਅਤੇ ਸੂਈ ਉਸ ਵਿਚ ਇਸ ਤਰ੍ਹਾਂ ਖੁੱਭ ਗਈ ਜਿਵੇਂ ਮੋਮ ਹੋਵੇ। ਉਸ ਨੇ ਫਿਰ ਪਾਵੇ ਨੂੰ ਹੱਥ ਲਾ ਕੇ ਵੇਖਿਆ, ਉਸਨੂੰ ਇੰਝ ਲੱਗਾ ਜਿਵੇਂ ਪਾਵੇ ਦੀ ਲੱਕੜ ਕਿਸੇ ਨਵੇਂ ਉੱਗੇ ਪੌਦੇ ਦੀ ਹੁੰਦੀ ਹੈ। ਉਹ ਫਿਰ ਗੁਰੂ ਹਰਿਰਾਇ ਜੀ ਪਾਸ ਆਇਆ ਤੇ ਉਨ੍ਹਾਂ ਨੂੰ ਸਾਰੀ ਵਾਰਤਾ ਸੁਣਾਈ। ਗੁਰੂ ਜੀ ਉਸ ਦੀ ਗੱਲ ਸੁਣਕੇ ਬੜੇ ਖੁਸ਼ ਹੋਏ ਅਤੇ ਕਿਹਾ, "ਗੁਰੂ ਜੀ ਦੀ ਬਾਣੀ ਨੂੰ ਜਿਹੜਾ ਸੱਚੇ ਦਿਲੋਂ ਪੜ੍ਹਦਾ ਹੈ ਤਾਂ ਸੁੱਕੇ ਬੂਟੇ ਵੀ ਹਰੇ ਹੋ ਜਾਂਦੇ ਹਨ। ਬਾਲ ਹਰਿਕ੍ਰਿਸ਼ਨ ਇਸ ਬਾਣੀ ਨੂੰ ਪ੍ਰਭੂ ਨਾਲ ਇਕਮਿਕ ਹੋ ਕੇ ਪੜ੍ਹ ਰਿਹਾ ਹੈ। ਇਸ ਲਈ ਉਸ ਦੇ ਪੰਘੂੜੇ ਦੀ ਸੁੱਕੀ ਲੱਕੜ ਵੀ ਹਰੀ ਹੋ ਗਈ ਹੈ। ਪਰ ਸਾਹਿਬਜ਼ਾਦਾ ਰਾਮਰਾਇ ਇਕ ਨੇਮ ਪੂਰਾ ਕਰ ਰਿਹਾ ਹੈ, ਇਸ ਲਈ ਉਸ ਦੀ ਬਾਣੀ ਦਾ ਸੁੱਕੀ ਲੱਕੜ ਉਤੇ ਕੋਈ ਪ੍ਰਭਾਵ ਨਹੀਂ ਪਿਆ। ਹੁਣ ਮੈਂ ਸਮਝਦਾ ਹਾਂ ਕਿ ਤੁਹਾਨੂੰ ਸਾਡੇ ਸਵਾਲ ਦਾ ਜਵਾਬ ਮਿਲ ਹੀ ਗਿਆ ਹੋਵੇਗਾ।

ਇਨ੍ਹਾਂ ਦੋ ਪ੍ਰੀਖਿਆਵਾਂ ਤੋਂ ਬਾਅਦ ਜਦ ਰਾਮਰਾਇ ਨੇ ਦਿੱਲੀ ਵਿਚ ਜਾ ਕੇ ਔਰੰਗਜ਼ੇਬ ਨੂੰ ਖੁਸ਼ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਹੀ ਬਦਲ ਦਿਤਾ ਤਾਂ ਉਨ੍ਹਾਂ ਬਾਲਾ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਦੇਣ ਦਾ ਨਿਸ਼ਚਾ ਕਰ ਲਿਆ।

ਉਨ੍ਹਾਂ ਦੂਰ ਨੇੜੇ ਸਭ ਥਾਂ ਆਪਣੇ ਹੁਕਮਨਾਮੇ ਭੇਜ ਦਿਤੇ ਕਿ ਸਿੱਖ ਸੰਗਤਾਂ ਸਾਰੇ ਕੰਮ ਕਾਜ ਛੱਡ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਕੀਰਤਪੁਰ ਪੁੱਜਣ। ਕੀਰਤਪੁਰ ਵਿਚ ਬੜਾ ਵੱਡਾ ਇਕੱਠ ਹੋਇਆ। ਸਭ ਸਿੱਖਾਂ ਨੂੰ ਪਤਾ ਲੱਗ ਗਿਆ ਕਿ ਗੁਰੂ ਹਰਿਰਾਇ ਜੀ ਸਾਹਿਬਜ਼ਾਦਾ ਸ੍ਰੀ ਹਰਿਕ੍ਰਿਸ਼ਨ ਨੂੰ ਗੁਰਗੱਦੀ ਸੌਂਪਣ ਲੱਗੇ ਹਨ। ਜਦ ਬਾਬਾ ਰਾਮਰਾਇ ਨੂੰ ਪਤਾ ਲੱਗਾ ਤਾਂ ਉਸ ਕਾਫੀ ਹੱਥ ਪੈਰ ਮਾਰੇ। ਉਹ ਬਾਬਾ ਧੀਰ ਮੱਲ ਨੂੰ ਜਾ ਕੇ ਮਿਲਿਆ, ਪਰ ਗੁਰੂ ਹਰਿਰਾਇ ਜੀ ਉਤੇ ਇਸ ਦਾ ਕੋਈ ਪ੍ਰਭਾਵ ਨਾ ਪਿਆ।

ਇਕ ਵੱਡੇ ਇਕੱਠ ਵਿਚ ਜਦ ਆਸਾ ਦੀ ਵਾਰ ਦੇ ਕੀਰਤਨ ਦਾ ਭੋਗ ਪਿਆ ਤਾਂ ਆਪ ਸਿੰਘਾਸਨ ਤੋਂ ਉਠੇ

ਅਤੇ ਬਾਲਾ ਸ੍ਰੀ ਹਰਿਕ੍ਰਿਸ਼ਨ ਨੂੰ ਆਪਣੇ ਤਖਤ ਉਤੇ ਬਿਠਾ ਦਿਤਾ। ਫਿਰ ਉਨ੍ਹਾਂ ਤਖਤ ਦੀਆਂ ਤਿੰਨ ਪ੍ਰਕਰਮਾ ਕੀਤੀਆਂ। ਫਿਰ ਉਨ੍ਹਾਂ ਸੰਗਤ ਨੂੰ ਕਿਹਾ, "ਅੱਜ ਸਾਡੇ ਥਾਂ ਸ੍ਰੀ ਹਰਿਕ੍ਰਿਸ਼ਨ ਜੀ ਗੁਰੂ ਹਨ। ਅੱਜ ਤੋਂ ਇਨ੍ਹਾਂ ਪਾਸ ਹੀ ਮੁਕਤੀ ਦੀ ਕੁੰਜੀ ਹੈ। ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਗੁਰਗੱਦੀ ਦੇਣ ਦੀ ਮਰਿਆਦਾ ਪੂਰੀ ਕੀਤੀ। ਫਿਰ ਗੁਰੂ ਹਰਿਰਾਇ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੱਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਚਰਨੀਂ ਆ ਲੱਗੀ।

ਜਿਸੁ ਡਿਠੈ ਸਭਿ ਦੁਖਿ ਜਾਇ – ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਦੀ ਸੌਂਪਣਾ ਕਰਕੇ ਗੁਰੂ ਹਰਿਰਾਇ ਸਾਹਿਬ ਹਰ ਸਮੇਂ ਭਗਤੀ ਵਿਚ ਲੱਗੇ ਰਹਿੰਦੇ ਸਨ, ਜਾਂ ਗ੍ਰੰਥ ਸਾਹਿਬ ਦਾ ਪਾਠ ਸੁਣਦੇ ਸਨ। ਇਕ ਦਿਨ ਆਪ ਪਾਠ ਸੁਣ ਰਹੇ ਸਨ। ਪਾਠ ਸੁਣਦੇ ਸਮੇਂ ਆਪ ਜੀ ਨੇ ਫੁਰਮਾਇਆ ਕਿ ਉਨ੍ਹਾਂ ਦਾ ਸੱਚਖੰਡ ਜਾਣ ਦਾ ਵੇਲਾ ਆ ਗਿਆ ਹੈ। ਸਾਰੀਆਂ ਸੰਗਤਾਂ ਉਨ੍ਹਾਂ ਦੇ ਨੇੜੇ ਇਕੱਠੀਆਂ ਹੋ ਗਈਆਂ। ਆਪ ਜੀ ਨੇ ਫੁਰਮਾਇਆ ਕਿ ਗੁਰੂ ਸਰੀਰ ਨਹੀਂ, ਗੁਰੂ ਜੋਤ ਹੈ ਅਤੇ ਇਹ ਜੋਤ ਹੁਣ ਸ੍ਰੀ ਹਰਿਕ੍ਰਿਸ਼ਨ ਜੀ ਵਿਚ ਹੈ। ਫਿਰ ਆਪ ਬੈਠੇ ਬੈਠੇ ਹੀ ਪ੍ਰਭੂ ਵਿਚ ਵਿਲੀਨ ਹੋ ਗਏ ਅਤੇ ਉਨ੍ਹਾਂ ਦੀ ਜੋਤ ਪ੍ਰਭੂ ਦੀ ਜੋਤ ਦੇ ਨਾਲ ਜਾ ਮਿਲੀ।

ਗੁਰੂ ਹਰਿਕ੍ਰਿਸ਼ਨ ਜੀ ਸਾਰੇ ਪਰਿਵਾਰ ਅਤੇ ਸੰਗਤਾਂ ਨੂੰ ਧੀਰਜ ਦੇ ਰਹੇ ਸਨ। ਉਨ੍ਹਾਂ ਦੇ ਮਿੱਠੇ ਬਚਨ ਸੁਣ ਕੇ ਸੰਗਤਾਂ ਨਿਹਾਲ ਹੋ ਰਹੀਆਂ ਸਨ। ਏਨੀ ਛੋਟੀ ਉਮਰ ਵਿਚ ਸਿਆਣੀਆਂ ਅਤੇ ਬ੍ਰਹਮ ਗਿਆਨੀਆਂ ਵਾਲੀਆਂ ਗੱਲਾਂ ਸੁਣ ਕੇ ਸਭ ਧੰਨ ਗੁਰੂ ਹਰਿਕ੍ਰਿਸ਼ਨ ਜੀ, ਧੰਨ ਗੁਰੂ ਹਰਿਕ੍ਰਿਸ਼ਨ ਜੀ ਕਹਿ ਉਠੇ। ਹੁਣ ਕਿਸੇ ਨੂੰ ਸ਼ੱਕ ਨਹੀਂ ਸੀ ਰਿਹਾ ਕਿ ਛੋਟੀ ਉਮਰ ਵਿਚ ਗੁਰਗੱਦੀ ਦਾ ਭਾਰ ਚੁੱਕ ਸਕਣਗੇ ਕਿ ਨਹੀਂ।

ਉਨ੍ਹਾਂ ਦੀ ਅਜਿਹੀ ਉਪਮਾ ਸੁਣ ਕੇ ਦੇਸ਼ ਪ੍ਰਦੇਸ਼ ਤੋਂ ਸੰਗਤਾਂ ਹੁਮ ਹੁਮਾ ਕੇ ਆਉਣ ਲੱਗੀਆਂ। ਦੋਵੇਂ ਵੇਲੇ ਕੀਰਤਨ ਹੁੰਦਾ। ਕੀਰਤਨ ਤੋਂ ਬਾਅਦ ਗੁਰੂ ਜੀ ਬਚਨ ਕਰਦੇ। ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਮਿੱਠੇ ਸ਼ਬਦ ਸੁਣ ਕੇ ਸੰਗਤਾਂ ਬਲਿਹਾਰੇ ਜਾਂਦੀਆਂ। ਸਭ ਸੰਗਤਾਂ ਨਿਹਾਲ ਹੋ ਰਹੀਆਂ ਸਨ। ਜਿਸ ਤਰ੍ਹਾਂ ਦੀ ਵੀ ਕੋਈ ਦਾਤ ਮੰਗਦਾ, ਉਸ ਦੀ ਮੁਰਾਦ ਪੂਰੀ ਕਰਦੇ। ਉਹ ਰੋਜ਼ ਦਵਾਖਾਨੇ ਵਿਚ ਜਾਂਦੇ ਅਤੇ ਆਪਣੇ ਹੱਥੀਂ ਦਵਾ ਦਿੰਦੇ। ਇਕ ਵਾਰ ਦੀ ਗੱਲ ਹੈ ਕਿ ਆਪ ਪਾਲਕੀ ਵਿਚ ਬੈਠੇ ਦਵਾਖਾਨੇ ਜਾ ਰਹੇ ਸਨ ਕਿ ਇਕ ਕੋਹੜਾ ਬ੍ਰਾਹਮਣ ਆਪ ਦੀ ਪਾਲਕੀ ਅੱਗੇ ਲੇਟ ਗਿਆ ਤੇ ਉਚੀ ਉਚੀ ਚੀਕਣ ਲੱਗਾ, "ਮੈਂ ਬਹੁਤ ਦੁਖੀ ਹਾਂ, ਕ੍ਰਿਪਾ ਕਰਕੇ ਮੇਰਾ ਰੋਗ ਦੂਰ ਕਰੋ।" ਗੁਰੂ ਜੀ ਨੇ ਉਸੇ ਵੇਲੇ ਪਾਲਕੀ ਧਰਤੀ ਤੇ ਰੱਖਣ ਲਈ ਕਿਹਾ। ਬ੍ਰਾਹਮਣ ਕੋਹੜੀ ਨੂੰ ਵੇਖ ਕੇ ਉਨ੍ਹਾਂ ਨੇ ਉਸਨੂੰ ਆਪਣਾ ਇਕ ਰੁਮਾਲ ਦਿਤਾ ਅਤੇ ਕੋਹੜੀ ਨੂੰ ਕਿਹਾ ਕਿ ਇਸਨੂੰ ਆਪਣੇ ਮੂੰਹ ਉਤੇ ਫੇਰੇ। ਜਦ ਕੋਹੜੀ ਨੇ ਰੁਮਾਲ ਆਪਣੇ ਮੂੰਹ ਉਤੇ ਫੇਰਿਆ ਤਾਂ ਉਹ ਕਾਫੀ ਹੱਦ ਤੱਕ ਠੀਕ ਹੋ ਗਿਆ ਅਤੇ ਉਸ ਦੀ ਪੀੜ ਵੀ ਜਾਂਦੀ ਰਹੀ। ਗੁਰੂ ਜੀ ਦਾ ਇਹ ਚਮਤਕਾਰ ਵੇਖ ਕਈ ਪ੍ਰਕਾਰ ਦੇ ਬੀਮਾਰ ਆਪਣਾ ਦੁਖ ਲੈ ਕੇ ਆਉਣ ਲੱਗੇ। ਗੁਰੂ ਜੀ ਸਭ ਉਤੇ ਮਿਹਰ ਕਰਦੇ ਅਤੇ ਸਭ ਰੋਗੀ ਅਰੋਗ ਹੋ ਕੇ ਘਰ ਜਾਂਦੇ।

ਦਰਬਾਰ ਦੀਆਂ ਰੌਣਕਾਂ – ਕੀਰਤਨ ਦਾ ਭੋਗ ਪੈਣ ਪਿਛੋਂ ਗੁਰੂ ਜੀ ਦਰਬਾਰ ਲਾਉਂਦੇ। ਆਪ ਜੀ ਜਿਸ ਤਖਤ ਉਤੇ ਬੈਠਦੇ ਸਨ ਉਹ ਬੜਾ ਸੁੰਦਰ ਅਤੇ ਵੇਖਣਯੋਗ ਸੀ। ਦੂਰ ਦੂਰ ਤੋਂ ਆਈਆਂ ਸੰਗਤਾਂ ਦਰਬਾਰ ਵਿਚ ਆ ਜੁੜਦੀਆਂ। ਗੁਰੂ ਜੀ ਸਭ ਦੀਆਂ ਬੇਨਤੀਆਂ ਨੂੰ ਸੁਣਦੇ ਅਤੇ ਬਖਸ਼ਿਸ਼ਾਂ ਕਰਦੇ। ਕੋਈ ਵੀ ਖਾਲੀ ਨਾ ਜਾਂਦਾ। ਸ਼ਰਧਾਲੂ ਕਈ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੁੰਦੇ ਸਨ। ਗੁਰੂ ਜੀ ਨੇ ਇਹ ਹੁਕਮ ਦੇ ਰੱਖਿਆ ਸੀ ਕਿ ਸੁੱਕੀ ਰਸਦ ਨੂੰ ਲੰਗਰ ਵਿਚ ਪਾਇਆ ਜਾਵੇ ਅਤੇ ਵਸਤਰ ਆਦਿ ਗਰੀਬਾਂ ਵਿਚ ਵੰਡ ਦਿਤੇ ਜਾਣ। ਕਿਸੇ ਨੂੰ ਵੀ ਕੋਈ ਵਸਤੂ ਆਪਣੇ ਵਾਸਤੇ ਜਾਂ ਅਗਲੇ ਦਿਨ ਵਾਸਤੇ ਰੱਖਣ ਦੀ ਆਗਿਆ ਨਹੀਂ ਸੀ। ਆਪ ਜੀ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ। ਜਦ ਵੀ ਆਪ ਮੁਸਕਰਾਉਂਦੇ ਸਨ ਤਾਂ ਚਾਰੇ ਪਾਸੇ ਸ਼ਾਂਤੀ-ਰਸ ਦਾ ਪਸਾਰਾ ਖਿਲਰ ਜਾਂਦਾ ਸੀ। ਆਪ ਜੀ ਦੇ ਦਰਬਾਰ ਦੀ ਇਹ ਵੀ ਮਹਿਮਾ ਸੀ ਕਿ ਦਰਬਾਰ ਦੇ ਬਾਹਰ ਹਰ ਸਮੇਂ ਨਗਾਰੇ ਦੀ ਅਵਾਜ਼ ਗੂੰਜਦੀ ਰਹਿੰਦੀ ਸੀ।

ਗੁਰੂ ਜੀ ਦੀ ਮਹਿਮਾ ਨੂੰ ਸੁਣ ਕੇ ਮੁਸਲਮਾਨ ਪੀਰ ਫਕੀਰ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਰਹਿੰਦੇ ਸਨ। ਇਕ ਰੌਸ਼ਨ ਜ਼ਮੀਰ ਨਾਂ ਦਾ ਮੁਸਲਮਾਨ ਫਕੀਰ ਆਪ ਦਾ ਬੜਾ ਸ਼ਰਧਾਲੂ ਸੀ ਅਤੇ ਨਿੱਤ ਦਰਸ਼ਨਾਂ ਨੂੰ ਆਇਆ ਕਰਦਾ ਸੀ। ਰੋਪੜ ਦੇ ਤਿੰਨ ਪ੍ਰਸਿੱਧ ਫਕੀਰ ਨੂਰਦੀਨ, ਮੁਹੰਮਦ ਬਖਸ਼ ਅਤੇ ਮਾਲਾ ਸ਼ੇਖ ਜਦ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਗੁਰੂ ਜੀ ਦੇ ਹੀ ਹੋ ਕੇ ਰਹਿ ਗਏ। ਸਦਾ ਲਈ ਕੀਰਤਪੁਰ ਹੀ ਟਿਕ ਗਏ।

ਇਕ ਵਾਰ ਪਿਸ਼ਾਵਰ ਦੇ ਉਤਰ ਪੱਛਮੀ ਇਲਾਕੇ ਦੀ ਸੰਗਤ ਇਕ ਜੱਥੇ ਦੇ ਰੂਪ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈ। ਇਸ ਸੰਗਤ ਦੇ ਨਾਲ ਇਕ ਪੇਸ਼ਾਵਰ ਚੋਰ ਜਸਤਵੰਤ ਰਾਇ ਵੀ ਆਇਆ। ਉਨ੍ਹਾਂ ਨੂੰ ਸੰਗਤਾਂ ਵਲੋਂ ਪਤਾ ਲੱਗੀ ਸੀ ਕਿ ਗੁਰੂ ਜੀ ਪਾਸ ਕਿਸੇ ਚੀਜ਼ ਦੀ ਤੋਟ ਨਹੀਂ। ਹਰ ਵੇਲੇ ਖਜ਼ਾਨੇ ਭਰੇ ਰਹਿੰਦੇ ਹਨ। ਉਸ ਨੇ ਸੋਚਿਆ ਕਿ ਉਥੇ ਚੋਰੀ ਕਰਨ ਵਾਸਤੇ ਬਹੁਤ ਮਾਲ ਪ੍ਰਾਪਤ ਹੋਵੇਗਾ। ਸੰਗਤਾਂ ਗੁਰੂ ਦਰਬਾਰ ਪੁੱਜ ਕੇ ਗੁਰੂ ਜੀ ਅੱਗੇ ਭੇਟ ਰੱਖ ਕੇ ਮੱਥਾ ਟੇਕਦੀਆਂ ਗਈਆਂ। ਗੁਰੂ ਜੀ ਸਭ ਨੂੰ ਅਸ਼ੀਰਵਾਦ ਦਿੰਦੇ ਗਏ। ਜਦ ਜਸਵੰਤ ਰਾਇ ਚੋਰ ਮੱਥਾ ਟੇਕਣ ਆਇਆ ਤਾਂ ਗੁਰੂ ਜੀ ਨੇ ਉਸ ਵਲ ਬੜੇ ਗਹੁ

ਨਾਲ ਵੇਖ ਕੇ ਫੁਰਮਾਇਆ –

ਚੋਰ ਕੀ ਹਾਮਾ ਭਰੇ ਨਾ ਕੋਇ॥
ਚੋਰੁ ਕੀਆ ਚੰਗਾ ਕਿਉ ਹੋਇ॥

ਜਦ ਚੋਰ ਜਸਵੰਤ ਰਾਇ ਨੇ ਅਸ਼ੀਰਵਾਰ ਦੀ ਥਾਂ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਹ ਉਚੀ ਉਚੀ ਰੋਣ ਲੱਗ ਗਿਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਰੋਣ ਦੀ ਲੋੜ ਨਹੀਂ, ਚੋਰੀ ਦੀ ਆਦਤ ਨੂੰ ਛੱਡ ਦੇਹ। ਚੋਰ ਦੀ ਸਮਾਜ ਵਿਚ ਕੋਈ ਕਦਰ ਨਹੀਂ ਹੁੰਦੀ। ਉਸ ਨੂੰ ਕੋਈ ਵੀ ਚੰਗਾ ਨਹੀਂ ਸਮਝਦਾ। ਜਸਵੰਤ ਰਾਇ ਨੇ ਗੁਰੂ ਜੀ ਸਾਮ੍ਹਣੇ ਹੱਥ ਜੋੜ ਕੇ ਪ੍ਰਣ ਕੀਤਾ ਕਿ ਉਹ ਫਿਰ ਕਦੀ ਚੋਰੀ ਨਹੀਂ ਕਰੇਗਾ ਅਤੇ ਆਪਣੇ ਹੱਥੀਂ ਕਾਰ ਕਰਕੇ ਖਾਏਗਾ।

ਉਨ੍ਹਾਂ ਦਿਨਾਂ ਵਿਚ ਹੀ ਇਕ ਗੇਂਦਾ ਮੱਲ ਨਾਂ ਦਾ ਜੁਆਰੀਆ ਸੰਗਤਾਂ ਦੇ ਨਾਲ ਕੀਰਤਪੁਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਨੂੰ ਜੂਆ ਖੇਡਣ ਅਤੇ ਸ਼ਰਾਬ ਪੀਣ ਦੀ ਆਦਤ ਸੀ। ਉਸ ਨੇ ਕਈ ਵਾਰ ਯਤਨ ਕੀਤਾ ਕਿ ਇਸ ਬਿਮਾਰੀ ਤੋਂ ਛੁਟਕਾਰਾ ਪਾ ਸਕੇ ਪਰ ਉਹ ਇਸ ਤੋਂ ਛੁਟਕਾਰਾ ਨਹੀਂ ਸੀ ਪਾ ਸਕਿਆ। ਉਸਨੂੰ ਪਤਾ ਲੱਗਾ ਸੀ ਕਿ ਗੁਰੂ ਜੀ ਹਰ ਵਿਅਕਤੀ ਦੀ ਮਨੋਕਾਮਨਾ ਪੂਰੀ ਕਰਦੇ ਹਨ। ਉਸ ਨੇ ਵੀ ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਅਤੇ ਸਿਰ ਉਤੇ ਮਿਹਰ ਦਾ ਹੱਥ ਰੱਖਣ ਦੀ ਬੇਨਤੀ ਕੀਤੀ। ਗੁਰੂ ਜੀ ਉਸ ਦੇ ਦਿਲ ਦੀ ਗੱਲ ਨੂੰ ਜਾਣ ਗਏ ਸਨ। ਗੁਰੂ ਜੀ ਨੇ ਉਸ ਨੂੰ ਆਪਣੀ ਮਿਹਰ ਭਰੀ ਨਜ਼ਰ ਨਾਲ ਵੇਖਦੇ ਹੋਏ ਕਿਹਾ, "ਸਿਰ ਨਿਵਾਉਣ ਨਾਲ ਕੀ ਹੁੰਦਾ ਹੈ ਜੇ ਤੇਰੇ ਦਿਲ ਵਿਚ ਮੈਲ ਭਰੀ ਪਈ ਹੈ। ਜੂਆ ਅਤੇ ਸ਼ਰਾਬ ਜਿਹੀਆਂ ਭੈੜੀਆਂ ਇਲਤਾਂ ਨੂੰ ਛੱਡ ਦੇਵੋ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ, ਫਿਰ ਉਹ ਪ੍ਰਭੂ ਤੁਹਾਡੇ ਤੇ ਹਰ ਪ੍ਰਕਾਰ ਦੀ ਮਿਹਰ ਕਰੇਗਾ।"

ਸ਼ਾਹੀ ਸੱਦਾ – ਔਰੰਗਜ਼ੇਬ ਸੰਮਤ 1662 ਬਿਕਰਮੀ ਵਿਚ ਬਹੁਤ ਬਿਮਾਰ ਹੋ ਗਿਆ ਸੀ। ਜਦ ਰਾਜ਼ੀ ਹੋਇਆ ਤਾਂ ਉਸਦੇ ਅਹਿਲਕਾਰਾਂ ਨੇ ਸਲਾਹ ਦਿਤੀ ਕਿ ਉਹ ਆਰਾਮ ਵਾਸਤੇ ਕਸ਼ਮੀਰ ਚਲਾ ਜਾਵੇ। ਉਨ੍ਹਾਂ ਦੀ ਸਲਾਹ ਮੰਨ ਕੇ ਔਰੰਗਜ਼ੇਬ ਲਾਹੌਰ ਹੁੰਦਾ ਹੋਇਆ ਕਸ਼ਮੀਰ ਚਲਾ ਗਿਆ। ਡੇਢ ਸਾਲ ਤੱਕ ਦਿਲੀ ਤੋਂ ਬਾਹਰ ਰਹਿਣ ਤੋਂ ਬਾਅਦ ਉਹ ਵਾਪਸ ਦਿੱਲੀ ਆ ਗਿਆ।

ਜਦ ਬਾਬਾ ਰਾਮਰਾਇ ਨੂੰ ਇਹ ਪਤਾ ਲੱਗਾ ਕਿ ਔਰੰਗਜ਼ੇਬ ਦਿੱਲੀ ਆ ਗਿਆ ਹੈ ਤਾਂ ਉਹ ਵੀ ਮਸੰਦਾਂ ਦੇ ਚੁੱਕੇ ਚੁਕਾਏ ਦਿੱਲੀ ਪਹੁੰਚ ਗਏ। ਉਨ੍ਹਾਂ ਨੇ ਔਰੰਗਜ਼ੇਬ ਨੂੰ ਮਿਲ ਕੇ ਬਹੁਤ ਸ਼ਿਕਾਇਤਾਂ ਲਾਈਆਂ ਅਤੇ ਇਥੋਂ ਤਕ ਕਹਿ ਦਿਤਾ ਕਿ ਮੁਸਲਮਾਨ ਧਰਮ ਨੂੰ ਵੀ ਗੁਰੂ ਹਰਿਕ੍ਰਿਸ਼ਨ ਜੀ ਤੋਂ ਖਤਰਾ ਹੈ, ਕਿਉਂਕਿ ਕਈ ਮੁਸਲਮਾਨ ਪੀਰ ਫਕੀਰ ਵੀ ਉਸ ਦੀ ਸ਼ਰਨ ਵਿਚ ਆ ਗਏ ਹਨ।

ਇਹ ਗੱਲਾਂ ਸੁਣ ਕੇ ਔਰੰਗਜ਼ੇਬ ਭੜਕ ਉਠਿਆ ਅਤੇ ਉਸੇ ਵੇਲੇ ਹੁਕਮ ਦਿਤਾ ਕਿ ਗੁਰੂ ਜੀ ਨੂੰ ਫੜਨ ਵਾਸਤੇ ਫੌਜ ਭੇਜੀ ਜਾਵੇ। ਪਰ ਉਥੇ ਹਾਜ਼ਰ ਰਾਜਾ ਜੈ ਸਿੰਘ ਨੇ ਇਹ ਸਲਾਹ ਦਿਤੀ ਕਿ ਚਿੱਠੀ ਭੇਜ ਕੇ ਮੰਗਵਾ ਲਿਆ ਜਾਵੇ। ਆਖਰ ਇਹ ਫੈਸਲਾ ਹੋਇਆ ਕਿ ਦੀਵਾਨ ਪਰਸਰਾਮ ਨੂੰ ਇਸ ਕਾਰਜ ਵਾਸਤੇ ਕੀਰਤਪੁਰ ਭੇਜਿਆ ਜਾਵੇ।

ਜਦ ਪਰਸਰਾਮ ਕੀਰਤਪੁਰ ਜਾਣ ਲੱਗਾ ਤਾਂ ਰਾਜਾ ਜੈ ਸਿੰਘ ਨੇ ਉਸਨੂੰ ਸਲਾਹ ਦਿਤੀ ਕਿ ਉਹ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਮਿਲਣ। ਦੋ ਦਿਨ ਬਾਅਦ ਪਰਸਰਾਮ ਕੀਰਤਪੁਰ ਪਹੁੰਚ ਗਿਆ। ਉਹ ਗੁਰੂ ਜੀ ਨੂੰ ਮਿਲਿਆ ਤੇ ਉਸ ਉਨ੍ਹਾਂ ਨੂੰ ਪਹਿਲਾਂ ਰਾਜਾ ਜੈ ਸਿੰਘ ਦਾ ਜ਼ਬਾਨੀ ਸੁਨੇਹਾ ਅਤੇ ਉਨ੍ਹਾਂ ਵਲੋਂ ਭੇਜੀ ਚਿੱਠੀ ਦਿਤੀ। ਫਿਰ ਉਨ੍ਹਾਂ ਨੇ ਔਰੰਗਜ਼ੇਬ ਵਾਲੀ ਚਿੱਠੀ ਫੜਾਈ।

ਅਗਲੇ ਦਿਨ ਦਰਬਾਰ ਵਿਚ ਦੋਹਾਂ ਚਿੱਠੀਆਂ ਨੂੰ ਪੜ੍ਹਿਆ ਗਿਆ। ਫਿਰ ਬਾਅਦ ਵਿਚ ਗੁਰੂ ਜੀ ਨੇ ਆਪਣੇ ਇਤਬਾਰੀ ਸਿੱਖਾਂ ਨੂੰ ਬੁਲਾਇਆ ਜਿਨ੍ਹਾਂ ਵਿਚ ਬਾਬਾ ਗੁਰਦਿੱਤਾ ਜੀ, ਭਾਈ ਦਰਗਾਹ ਮੱਲ ਅਤੇ ਭਾਈ ਮਨੀ ਸਿੰਘ ਆਦਿ ਸ਼ਾਮਲ ਸਨ। ਸਾਰੇ ਸਿੱਖਾਂ ਨੇ ਇਹ ਸਲਾਹ ਦਿਤੀ ਕਿ ਦਿੱਲੀ ਜਾਣਾ ਚਾਹੀਦਾ ਹੈ ਕਿਉਂਕਿ ਜੇ ਨਾ ਗਏ ਤਾਂ ਉਸ ਦਾ ਕੋਈ ਗਲਤ ਮਤਲਬ ਕੱਢਿਆ ਜਾ ਸਕਦਾ ਹੈ।

ਗੁਰੂ ਜੀ ਨੇ ਕਿਹਾ, "ਉਹ ਜਾਣ ਨੂੰ ਤਿਆਰ ਹਨ, ਪਰ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ। ਉਹ ਕਿਸੇ ਪਾਸੋਂ ਡਰਦੇ ਨਹੀਂ ਅਤੇ ਨਾ ਹੀ ਕਿਸੇ ਬਾਦਸ਼ਾਹ ਦੀ ਖੁਸ਼ਾਮਦ ਕਰਨਾ ਚਾਹੁੰਦੇ ਹਨ।"

ਗੁਰੂ ਜੀ ਇਕ ਘੋੜੇ ਉਤੇ ਚੜ੍ਹ ਗਏ ਅਤੇ ਮਾਤਾ ਕ੍ਰਿਸ਼ਨ ਕੌਰ ਇਕ ਰੱਥ ਵਿਚ ਸਵਾਰ ਹੋ ਗਏ। ਉਨ੍ਹਾਂ ਦੇ ਪਿਛੇ ਕੀਰਤਨੀ ਜੱਥੇ ਕੀਰਤਨ ਕਰਦੇ ਹੋਏ ਚੱਲ ਪਏ।

ਦੋ ਦਿਨ ਰੋਪੜ ਠਹਿਰ ਕੇ ਫਿਰ ਕੁਰਾਲੀ, ਖਰੜ, ਬਨੂੜ ਆਦਿ ਥਾਵਾਂ ਉਤੇ ਪੜਾਅ ਕਰਦੇ ਹੋਏ ਆਪ ਜੀ ਸਭ ਸੰਗਤਾਂ ਸਮੇਤ ਪੰਜੋਖਰਾ ਸਾਹਿਬ ਪੁੱਜੇ। ਉਥੇ ਜਾ ਕੇ ਪਤਾ ਲੱਗਾ ਕਿ ਕਸ਼ਮੀਰ ਦੀ ਸੰਗਤ ਪਹਿਲਾਂ ਕੀਰਤਪੁਰ ਪੁੱਜੀ ਸੀ, ਪਰ ਉਥੋਂ ਗੁਰੂ ਜੀ ਦੀ ਦਿੱਲੀ ਰਵਾਨਗੀ ਦੀ ਖਬਰ ਸੁਣ ਕੇ ਸਾਰੇ ਸਿੱਧੇ ਪੰਜੋਖਰਾ ਸਾਹਿਬ ਪੁੱਜ ਰਹੇ ਹਨ। ਇਸ ਲਈ ਗੁਰੂ ਜੀ ਨੂੰ ਕੁਝ ਦਿਨ ਪੰਜੋਖਰਾ ਸਾਹਿਬ ਰੁਕਣਾ ਠੀਕ ਹੋਵੇਗਾ ਤਾਂਕਿ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਸਕੇ।

ਗੁਰੂ ਜੀ ਸੰਗਤ ਦੀ ਕਿਸੇ ਵੀ ਗੱਲ ਨੂੰ ਮੋੜਦੇ ਨਹੀਂ ਸਨ। ਉਨ੍ਹਾਂ ਪੰਜੋਖੜਾ ਸਾਹਿਬ ਵਿਖੇ ਹੀ ਠਹਿਰਨ ਦਾ ਫੈਸਲਾ ਕਰ ਲਿਆ। ਇਥੇ ਹੀ ਤੰਬੂ ਲਾ ਦਿਤੇ ਗਏ ਅਤੇ ਕੀਰਤਨੀਏ ਦੋਵੇਂ ਵੇਲੇ ਕੀਰਤਨ ਕਰਨ ਲੱਗੇ। ਅਗਲੇ ਦਿਨ ਕਸ਼ਮੀਰ ਦੀ ਸੰਗਤ ਪੁੱਜ ਗਈ। ਗੁਰੂ ਜੀ ਸਾਰੀ ਸੰਗਤ

ਨੂੰ ਬੜੇ ਪ੍ਰੇਮ ਨਾਲ ਮਿਲੇ ਅਤੇ ਉਨ੍ਹਾਂ ਦੇ ਦੁਖ ਸੁਖ ਵੀ ਪੁੱਛੇ।

ਛੱਜੂ ਝੀਵਰ ਅਤੇ ਗੀਤਾ – ਇਕ ਦਿਨ ਪੰਜੋਖਰਾ ਸਾਹਿਬ ਵਿਖੇ ਜਦ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦਰਬਾਰ ਲੱਗਾ ਹੋਇਆ ਸੀ ਤਾਂ ਇਕ ਬ੍ਰਾਹਮਣ, ਲਾਲ ਚੰਦ ਉਥੇ ਆਇਆ। ਦਰਬਾਰ ਦੀ ਸ਼ਾਨ ਅਤੇ ਸੰਗਤਾਂ ਦੇ ਇਕੱਠੇ ਨੂੰ ਵੇਖ ਕੇ ਉਹ ਕਹਿਣ ਲੱਗਾ ਕਿ ਇਥੇ ਕਿਸ ਬਾਦਸ਼ਾਹ ਨੇ ਉਤਾਰਾ ਕੀਤਾ ਹੈ? ਇਕ ਸਿੱਖ ਉਸ ਦੀ ਗੱਲ ਸੁਣ ਕੇ ਕਹਿਣ ਲੱਗਾ, "ਮਿਸ਼ਰ ਜੀ ਇਥੇ ਸੱਚੇ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦੀਵਾਨ ਲੱਗਾ ਹੋਇਆ ਹੈ।"

ਜਦ ਬ੍ਰਾਹਮਣ ਨੇ ਗੁਰੂ ਸਾਹਿਬ ਦਾ ਨਾਂ ਸੁਣਿਆ ਤਾਂ ਬੜੇ ਅਹੰਕਾਰ ਨਾਲ ਕਹਿਣ ਲੱਗਾ, "ਨਾਂ ਤਾਂ ਰੱਖ ਲੈਣਾ ਬਹੁਤ ਸੌਖਾ ਹੈ, ਪਰ ਕ੍ਰਿਸ਼ਨ ਵਰਗਾ ਕੌਣ ਬਣ ਸਕਦਾ ਹੈ। ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਪਰ ਅਜਿਹੇ ਕ੍ਰਿਸ਼ਨ ਤਾਂ ਗੀਤਾ ਦੇ ਅਰਥ ਵੀ ਨਹੀਂ ਕਰ ਸਕਦੇ। ਜੇ ਇਹ ਸੱਚਾ ਪਾਤਸ਼ਾਹ ਕ੍ਰਿਸ਼ਨ ਬਣਿਆ ਫਿਰਦਾ ਹੈ ਤਾਂ ਗੀਤਾ ਦੇ ਅਰਥ ਹੀ ਸਮਝਾ ਕੇ ਵਿਖਾ ਦੇਵੇ।" ਬ੍ਰਾਹਮਣ ਦੀਆਂ ਇਹ ਗੱਲਾਂ ਸੁਣ ਕੇ ਉਸ ਸਿੱਖ ਨੂੰ ਬਹੁਤ ਬੁਰਾ ਲੱਗਿਆ, ਪਰ ਸੱਚੇ ਪਾਤਸ਼ਾਹ ਪਾਸੋਂ ਉਸ ਇਹੋ ਸਿਖਿਆ ਲਈ ਸੀ ਕਿ ਕਦੇ ਵੀ ਧੀਰਜ ਨੂੰ ਨਹੀਂ ਗਵਾਉਣਾ, ਸ਼ਾਂਤ ਰਹਿ ਕੇ ਹੀ ਕ੍ਰੋਧ ਦਾ ਮੁਕਾਬਲਾ ਕਰਨਾ। ਇਸ ਲਈ ਉਹ ਸ਼ਾਂਤ ਚਿੱਤ ਗੁਰੂ ਜੀ ਪਾਸ ਗਿਆ ਅਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਗੁਰੂ ਜੀ ਨੇ ਫੁਰਮਾਇਆ, "ਇਸ ਬ੍ਰਾਹਮਣ ਨੂੰ ਆਪਣੀ ਜ਼ਾਤ ਦਾ ਅਭਿਮਾਨ ਹੈ ਅਤੇ ਚਾਰ ਸੰਸਕ੍ਰਿਤ ਦੇ ਅੱਖਰ ਪੜ੍ਹ ਕੇ ਇਹ ਅਹੰਕਾਰ ਵਿਚ ਗਰਕ ਹੋ ਗਿਆ ਹੈ। ਜਿਹੜਾ ਵਿਅਕਤੀ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਉਹ ਅਸਲ ਵਿਚ ਅਕਲ ਦਾ ਅੰਨ੍ਹਾ ਹੁੰਦਾ ਹੈ। ਅਜਿਹਾ ਇਨਸਾਨ ਕਿਸੇ ਦੀ ਸ਼ੋਭਾ ਨਹੀਂ ਸੁਣ ਸਕਦਾ। ਇਹ ਬ੍ਰਾਹਮਣ ਸਮਝਦੇ ਹਨ ਕਿ ਉਹ ਹੀ ਅਸਲੀ ਇਨਸਾਨ ਹਨ, ਬਾਕੀ ਤਾਂ ਪਸ਼ੂ ਹਨ।"

ਗੁਰੂ ਜੀ ਨੇ ਫਿਰ ਸਿੱਖਾਂ ਨੂੰ ਆਦੇਸ਼ ਦਿਤਾ ਕਿ ਉਸ ਅਭਿਮਾਨੀ ਬ੍ਰਾਹਮਣ ਨੂੰ ਉਨ੍ਹਾਂ ਪਾਸ ਲੈ ਕੇ ਆਉਣ ਤਾਂਕਿ ਪਤਾ ਲੱਗੇ ਕਿ ਉਹ ਕੀ ਪੁੱਛਣਾ ਚਾਹੁੰਦਾ ਹੈ?

ਸਿੱਖ ਉਸ ਬ੍ਰਾਹਮਣ ਨੂੰ ਗੁਰੂ ਜੀ ਪਾਸ ਲੈ ਆਏ। ਇਕ ਛੋਟੀ ਉਮਰ ਦੇ ਬਾਲਕ ਨੂੰ ਸੱਚੇ ਪਾਤਸ਼ਾਹ ਦੀ ਗੱਦੀ 'ਚ ਬੈਠੇ ਵੇਖ ਕੇ ਬ੍ਰਾਹਮਣ ਹੋਰ ਵੀ ਔਖਾ ਹੋਇਆ। ਗੁਰੂ ਜੀ ਨੇ ਉਸਨੂੰ ਆਪਣੇ ਪਾਸ ਬੁਲਾ ਕੇ ਕਿਹਾ, "ਪੰਡਿਤ ਜੀ! ਤੁਸੀਂ ਕੀ ਪੁੱਛਣਾ ਚਾਹੁੰਦੇ ਹੋ? ਤੁਹਾਨੂੰ ਕਿਸ ਗੱਲ ਦਾ ਸ਼ੰਕਾ ਹੈ ਅਸੀਂ ਹੁਣੇ ਹੀ ਨਵਿਰਤ ਕਰ ਦਿੰਦੇ ਹਾਂ। ਤੁਸੀਂ ਘਬਰਾਓ ਨਹੀਂ ਜੋ ਕੁਝ ਵੀ ਕਹਿਣਾ ਹੈ ਨਿਧੜਕ ਕਹੋ।" ਬ੍ਰਾਹਮਣ ਦੀ ਬੇਸ਼ੱਕ ਆਕੜ ਬੜੀ ਸੀ ਪਰ ਸਿੱਖਾਂ ਦੀ ਵੱਡੀ ਗਿਣਤੀ ਨੂੰ ਵੇਖ ਕੇ ਉਹ ਘਬਰਾ ਗਿਆ ਤੇ ਉਸ ਦੇ ਮੂੰਹ ਵਿਚੋਂ ਗੱਲ ਨਾ ਨਿਕਲੇ। ਫਿਰ ਗੁਰੂ ਜੀ ਆਪ ਹੀ ਬੋਲੇ ਕਿ ਤੂੰ ਸਾਥੋਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਹੈਂ। ਇਹ ਤੇਰੀ ਕਾਮਨਾ ਵੀ ਪੂਰੀ ਕਰ ਦਿੰਦੇ ਹਾਂ। ਤੂੰ ਆਪਣੇ ਆਪ ਨੂੰ ਬੜਾ ਬੁੱਧੀਮਾਨ ਅਤੇ ਵਿਦਾਨ ਸਮਝਦਾ ਹੈਂ, ਜੇ ਕੋਈ ਗਲਤ ਅਰਥ ਹੋ ਜਾਵੇਗਾ ਤਾਂ ਤੂੰ ਦੱਸ ਤਾਂ ਸਕਦਾ ਹੈਂ। ਪਰ ਇਸ ਵਾਸਤੇ ਤੈਨੂੰ ਇਕ ਇਕ ਕੰਮ ਕਰਨਾ ਪਵੇਗਾ। ਇਸ ਪਿੰਡ ਵਿਚ ਜਿਹੜਾ ਸਭ ਤੋਂ ਮੂਰਖ ਅਤੇ ਅਨਪੜ੍ਹ ਵਿਅਕਤੀ ਹੋਵੇ, ਉਸ ਨੂੰ ਬੁਲਾ ਲਿਆ। ਤੇਰੇ ਸਾਰੇ ਸਵਾਲਾਂ ਦਾ ਉਤਰ ਉਹ ਹੀ ਦੇ ਦੇਵੇਗਾ। ਪੰਡਿਤ ਪਿੰਡ ਵਿਚ ਚਲਾ ਗਿਆ ਅਤੇ ਇਕ ਅਨਪੜ੍ਹ ਅਤੇ ਗੂੰਗੇ ਵਿਅਕਤੀ ਜਿਸਨੂੰ ਛੱਜੂ ਝੀਵਰ ਕਹਿੰਦੇ ਸਨ, ਬੁਲਾ ਲਿਆਇਆ। ਉਹ ਸਮਝਦਾ ਸੀ ਕਿ ਬੋਲਣ ਵਾਲੇ ਤਾਂ ਸ਼ਾਇਦ ਕੁਝ ਦੱਸ ਦੇਣ ਪਰ ਗੂੰਗੇ ਨੂੰ ਕਿਵੇਂ ਬੋਲਣ ਲਾ ਦੇਣਗੇ। ਛੱਜੂ ਝੀਵਰ ਗੁਰੂ ਜੀ ਪਾਸ ਆ ਹਾਜ਼ਰ ਹੋਇਆ। ਗੁਰੂ ਜੀ ਨੇ ਛੱਜੂ ਝੀਵਰ ਨੂੰ ਆਪਣੀ ਇਲਾਹੀ ਦ੍ਰਿਸ਼ਟੀ ਨਾਲ ਤੱਕਿਆ ਅਤੇ ਉਨ੍ਹਾਂ ਦੇ ਵੇਖਣਸਾਰ ਉਹ ਵਿਦਵਾਨਾਂ ਦਾ ਵਿਦਵਾਨ ਬਣ ਗਿਆ। ਉਸ ਦੀ ਜ਼ਬਾਨ ਵੀ ਠੀਕ ਹੋ ਗਈ ਅਤੇ ਉਹ ਬੋਲਣ ਵੀ ਲੱਗ ਗਿਆ।

ਪੰਡਿਤ ਆਪਣੇ ਖਿਆਲਾਂ ਵਿਚ ਮਸਤ, ਮੁਸ਼ਕਿਲ ਤੋਂ ਮੁਸ਼ਕਿਲ ਸਵਾਲ ਲੱਭ ਰਿਹਾ ਸੀ, ਜਿਸ ਦਾ ਕਿ ਕੋਈ ਵੀ ਉਤਰ ਨਾ ਜਾਣਦਾ ਹੋਵੇ। ਗੁਰੂ ਜੀ ਨੇ ਛੱਜੂ ਨੂੰ ਆਦੇਸ਼ ਕੀਤਾ ਕਿ ਪੰਡਿਤ ਦੇ ਸਵਾਲਾਂ ਦੇ ਉਤਰ ਦੇਵੇ ਅਤੇ ਇਸ ਦੀ ਪੂਰੀ ਤਸੱਲੀ ਕਰਵਾ ਦੇਵੇ। ਛੱਜੂ ਜਿਹੜਾ ਪਿੰਡ ਵਿਚ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਕੇ ਗੁਜ਼ਾਰਾ ਕਰਦਾ ਸੀ ਅਤੇ ਗੂੰਗਾ ਹੋਣ ਕਰਕੇ ਇਸ਼ਾਰਿਆਂ ਨਾਲ ਗੱਲਾਂ ਕਰਿਆ ਕਰਦਾ ਸੀ, ਪੰਡਿਤ ਦੇ ਸਾਮ੍ਹਣੇ ਇੰਝ ਡੱਟ ਕੇ ਖਲੋ ਗਿਆ, ਜਿਵੇਂ ਉਹ ਪੰਡਿਤ ਨੂੰ ਬਹੁਤ ਵੱਡਾ ਮੂਰਖ ਸਮਝਦਾ ਹੋਵੇ। ਛੱਜੂ ਹਸਦਾ ਹੋਇਆ ਪੰਡਿਤ ਨੂੰ ਕਹਿਣ ਲੱਗਾ, "ਪੰਡਿਤ ਜੀ ਪੁੱਛੋ ਕੀ ਪੁੱਛਣਾ ਚਾਹੁੰਦੇ ਹੋ।" ਜਦ ਪੰਡਿਤ ਨੇ ਗੂੰਗੇ ਛੱਜੂ ਨੂੰ ਬੋਲਦਾ ਵੇਖਿਆ ਤਾਂ ਉਸ ਦੀ ਸਾਰੀ ਵਿਦਵਤਾ ਜਾਂਦੀ ਰਹੀ। ਉਹ ਅੰਦਰੋ ਅੰਦਰ ਝਿੱਥਾ ਹੋਇਆ ਕੰਬ ਰਿਹਾ ਸੀ, ਪਰ ਫਿਰ ਵੀ ਉਸ ਵਾਸਤੇ ਭੱਜਣਾ ਮੁਸ਼ਕਿਲ ਸੀ। ਉਸ ਨੇ ਛੱਜੂ ਨੂੰ ਦਸ ਸਵਾਲ ਕੀਤੇ ਅਤੇ ਛੱਜੂ ਨੇ ਠੀਕ ਉਤਰ ਦੇ ਕੇ ਉਸਦੀ ਤਲੱਲੀ ਕਰਵਾ ਦਿਤੀ। ਫਿਰ ਪੰਡਿਤ ਨੇ ਛੱਜੂ ਨੂੰ ਗੀਤਾ ਦੇ ਅਰਥ ਕਰਨ ਵਾਸਤੇ ਕਿਹਾ। ਛੱਜੂ ਨੇ ਕਿਹਾ ਕਿ ਤੁਸੀਂ ਗੀਤਾ ਦਾ ਪਾਠ ਬੋਲੀ ਜਾਵੋ ਮੈਂ ਅਰਥ ਕਰੀ ਜਾਵਾਂਗਾ। ਪੰਡਿਤ ਫਿਰ ਗੀਤਾ ਦੇ ਸਲੋਕ ਪੜ੍ਹਨ ਲੱਗਾ ਅਤੇ ਛੱਜੂ ਗੀਤਾ ਦੇ ਸਲੋਕਾਂ ਦੇ ਅਰਥ ਏਨੀ ਵਿਦਵਤਾ ਨਾਲ ਸਮਝਾਉਣ ਲੱਗਾ ਕਿ ਸਭ ਲੋਕ ਵੇਖ ਕੇ ਹੈਰਾਨ ਰਹਿ ਰਹੇ ਸਨ। ਗੀਤਾ ਦੇ ਅਜਿਹਾ ਅਰਥ ਅੱਗੇ ਕਿਸੇ ਨੇ ਨਹੀਂ ਸੁਣੇ ਸਨ। ਪੰਡਿਤ ਤਾਂ ਅਰਥ ਸੁਣਦਾ ਸੁਣਦਾ ਆਪ ਹੀ ਗੂੰਗਾ ਹੋ ਗਿਆ। ਜਾਪਦਾ ਸੀ ਜਿਵੇਂ ਉਹ ਗੀਤਾ ਦਾ ਪਾਠ ਹੀ ਭੁੱਲ ਗਿਆ ਸੀ। ਉਸ ਬੜਾ ਯਤਨ ਕੀਤਾ, ਪਰ ਉਸ ਨੂੰ ਅਗਲਾ ਸਲੋਕ ਹੀ ਯਾਦ ਨਹੀਂ ਸੀ ਆਉਂਦਾ। ਅਜਿਹਾ ਅਦਭੁਤ ਚਮਤਕਾਰ ਵੇਖ ਕੇ

ਉਹ ਹੈਰਾਨ ਰਹਿ ਰਿਹਾ। ਉਹ ਗੁਰੂ ਜੀ ਦੇ ਚਰਨੀਂ ਢਹਿ ਪਿਆ ਅਤੇ ਕਹਿਣ ਲੱਗਾ, "ਮੈਂ ਅੱਜ ਤੋਂ ਆਪ ਦਾ ਸਿੱਖ ਹੋਇਆ।" ਗੁਰੂ ਜੀ ਨੇ ਉਸ ਨੂੰ ਕਿਹਾ, "ਮੇਰੇ ਅੱਗੇ ਮੱਥਾ ਨਾ ਟੇਕ, ਛੱਜੂ ਦੇ ਚਰਨਾਂ ਤੇ ਸਿਰ ਰੱਖ।" ਪੰਡਿਤ ਨੇ ਫਿਰ ਛੱਜੂ ਦੇ ਚਰਨਾਂ ਤੇ ਸਿਰ ਰੱਖ ਦਿਤਾ।

ਪਰ ਛੱਜੂ ਝੀਵਰ ਨੇ ਕਿਹਾ, "ਮੈਂ ਕੌਣ ਹਾਂ? ਮੈਂ ਤਾਂ ਤੁਹਾਡੇ ਪਿੰਡ ਦਾ ਇਕ ਗੁੰਗਾ ਝੀਵਰ ਹਾਂ, ਇਹ ਗੁਰੂ ਜੀ ਦੀ ਹੀ ਬਰਕਤ ਹੈ ਕਿ ਉਨ੍ਹਾਂ ਇਕ ਅਨਪੜ੍ਹ ਅਤੇ ਗੁੰਗੇ ਨੂੰ ਵਿਦਵਾਨ ਬਣਾ ਦਿਤਾ ਹੈ। ਅੱਜ ਤੁਹਾਡੀ ਵੇਦ-ਵਿਦਿਆ ਕਿਥੇ ਅਲੋਪ ਹੋ ਗਈ ਹੈ? ਪ੍ਰਭੂ ਜਿਸ 'ਤੇ ਕ੍ਰਿਪਾ ਕਰਦਾ ਹੈ ਉਸ ਨੂੰ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਗੁਰੂ ਜੀ ਦੇ ਚਰਨ ਫੜੋ ਉਹ ਹੀ ਤੁਹਾਡੀ ਸਹਾਇਤਾ ਕਰ ਸਕਦੇ ਹਨ।"

ਰਾਜਾ ਜੈ ਸਿੰਘ ਵੱਲੋਂ ਸਵਾਗਤ – ਛੱਜੂ ਝੀਵਰ ਦੀ ਵਿਦਵਤਾ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਉਸ ਨੂੰ ਇਸ਼ਨਾਨ ਕਰਵਾਇਆ ਅਤੇ ਨਵੇਂ ਕਪੜੇ ਪਵਾ ਕੇ ਇਕ ਸੁੰਦਰ ਨੌਜਵਾਨ ਦੇ ਰੂਪ ਵਿਚ ਸੰਵਾਰ ਦਿਤਾ। ਉਸ ਨੂੰ ਹੁਣ ਕੋਈ ਪਹਿਚਾਣ ਵੀ ਨਹੀਂ ਸੀ ਸਕਦਾ ਕਿ ਉਹ ਕਦੀ ਗੁੰਗਾ ਝੀਵਰ ਸੀ। ਫਿਰ ਗੁਰੂ ਜੀ ਨੇ ਉਸ ਨੂੰ ਸਿਰੋਪਾ ਬਖਸ਼ਿਆ ਅਤੇ ਜਗਨ ਨਾਥ ਪੁਰੀ ਦੇ ਇਲਾਕੇ ਦਾ ਪ੍ਰਚਾਰਕ ਥਾਪ ਦਿਤਾ। ਉਸ ਇਲਾਕੇ ਵਿਚ ਜਾ ਕੇ ਉਹ ਇਕ ਉਘਾ ਲਿਖਾਰੀ ਅਤੇ ਕਵੀ ਦੇ ਤੌਰ ਤੇ ਪ੍ਰਸਿੱਧ ਹੋਇਆ। ਉਸ ਨੇ ਜਗਨ ਨਾਥ ਪੁਰੀ ਦੇ ਇਲਾਕੇ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਣਗਿਣਤ ਲੋਕਾਂ ਨੂੰ ਗੁਰੂ ਦੇ ਚਰਨੀਂ ਲਾਇਆ। ਭਾਈ ਛੱਜੂ ਦੇ ਪਰਿਵਾਰ ਵਿਚੋਂ ਹੀ ਭਾਈ ਹਿੰਮਤ ਚੰਦ ਹੋਏ ਜਿਹੜੇ ਵਿਸਾਖੀ ਦੇ ਮੌਕੇ ਤੇ ਗੁਰੂ ਗਬਿੰਦ ਸਿੰਘ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਆਪਣਾ ਸੀਸ ਗੁਰੂ ਜੀ ਨੂੰ ਅਰਪਣ ਕੀਤਾ। ਪੰਜਾਂ ਪਿਆਰਿਆਂ ਵਿਚ ਉਹ ਪੰਜਵੇਂ ਬੁਲਾਏ ਤੇ ਉਠ ਕੇ ਖੜ੍ਹੇ ਹੋਏ ਸਨ। ਉਹ ਭਾਈ ਗੁਲਾਬ ਰਾਏ ਝੀਵਰ ਦੇ ਘਰ ਸੰਮਤ 1718 ਵਿਚ ਪੈਦਾ ਹੋਏ ਸਨ। ਭਾਈ ਹਿੰਮਤ ਸਿੰਘ ਦੇ ਦੂਸਰੇ ਭਰਾ ਵੀ ਅੰਮ੍ਰਿਤ ਛੱਕ ਕੇ ਸਿੰਘ ਸਜੇ ਸਨ ਅਤੇ ਉਹ ਵੀ ਚਮਕੌਰ ਸਾਹਿਬ ਜੰਗ ਵਿਚ ਸ਼ਹੀਦ ਹੋਏ ਸਨ।

ਪੰਡਿਤ ਲਾਲ ਚੰਦ ਦਾ ਘੁਮੰਡ ਤੋੜਨ ਤੋਂ ਬਾਅਦ ਗੁਰੂ ਜੀ ਨੇ ਸਾਰੀ ਸੰਗਤ ਨੂੰ ਵਾਪਿਸ ਮੁੜਨ ਦਾ ਆਦੇਸ਼ ਦੇ ਦਿਤਾ ਸੀ। ਜਦ ਸਭ ਸੰਗਤਾਂ ਪਰਤ ਗਈਆਂ ਤਾਂ ਗੁਰੂ ਜੀ ਆਪਣੇ ਕੁਝ ਸਾਥੀਆਂ ਸਮੇਤ ਦਿੱਲੀ ਵਲ ਚਲ ਪਏ। ਆਪ ਜੀ ਪੰਜੋਖਰਾ ਸਾਹਿਬ ਤੋਂ ਲਖਨੌਰ ਪੁੱਜੇ। ਪਿੰਡ ਮੋੜੇ ਵਿਚ ਇਕ ਰਾਤ ਠਹਿਰ ਕੇ ਆਪ ਜੀ ਸ਼ਾਹਬਾਦ ਪੁੱਜੇ। ਫਿਰ ਸ਼ਾਹਬਾਦ ਤੋਂ ਪਿਪਲੀ ਰਾਹੀਂ ਕੁਰਕਸ਼ੇਤਰ ਪੁੱਜੇ। ਇਸ ਇਲਾਕੇ ਦੀਆਂ ਸਭ ਸੰਗਤਾਂ ਆਪ ਜੀ ਦੇ ਦਰਸ਼ਨਾਂ ਨੂੰ ਆਈਆਂ। ਕੁਰਕਸ਼ੇਤਰ ਵਿਖੇ ਗੁਰੂ ਨਾਨਕ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਵੀ ਆਏ ਸਨ। ਇਸ ਕਰਕੇ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਬਹੁਤ ਸੀ। ਇਥੇ ਹੀ ਲਾਡਵਾ ਦੀ ਸੰਗਤ ਭਾਈ ਊਦੇ ਦੀ ਅਗਵਾਈ ਵਿਚ ਆਈ। ਭਾਈ ਊਦਾ ਉਹ ਸਿੱਖ ਸੀ ਜਿਸ ਨੇ ਭਾਈ ਜੈਤਾ ਜੀ ਨਾਲ ਮਿਲ ਕੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਬੜੀ ਦਲੇਰੀ ਨਾਲ ਚਾਂਦਨੀ ਚੌਂਕ ਦਿੱਲੀ ਤੋਂ ਚੁੱਕ ਕੇ ਅਨੰਦਪੁਰ ਸਾਹਿਬ ਪਹੁੰਚਾਇਆ ਸੀ।

ਕੁਰਕਸ਼ੇਤਰ ਵਿਖੇ ਸੰਗਤਾਂ ਦੀ ਮੰਗ ਉਤੇ ਗੁਰੂ ਜੀ ਦੋ ਦਿਨ ਟਿਕੇ। ਫਿਰ ਜਦ ਤੀਸਰੇ ਦਿਨ ਚੱਲਣ ਲੱਗੇ ਤਾਂ ਇਲਾਕੇ ਦੀਆਂ ਸਭ ਸੰਗਤਾਂ ਹੀ ਨਾਲ ਚੱਲ ਪਈਆਂ। ਗੁਰੂ ਜੀ ਉਨ੍ਹਾਂ ਨੂੰ ਵਾਪਸ ਮੁੜਨ ਨੂੰ ਕਹਿੰਦੇ ਪਰ ਉਹ ਬੇਨਤੀ ਕਰਕੇ ਨਾਲ ਹੀ ਤੁਰ ਪੈਂਦੇ। ਇਸ ਤਰ੍ਹਾਂ ਅੱਗੇ ਜਾ ਕੇ ਜਿਥੇ ਵੀ ਪੜਾਅ ਕਰਦੇ ਉਸ ਇਲਾਕੇ ਦੀਆਂ ਹੋਰ ਸੰਗਤਾਂ ਨਾਲ ਤੁਰ ਪੈਂਦੀਆਂ। ਪਾਨੀਪਤ ਅਤੇ ਸੋਨੀਪਤ ਹੁੰਦੇ ਹੋਏ ਗੁਰੂ ਜੀ ਸੰਗਤਾਂ ਸਮੇਤ ਦਿੱਲੀ ਜਾ ਪਹੁੰਚੇ।

ਰਾਜਾ ਜੈ ਸਿੰਘ ਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਜੀ ਦਿੱਲੀ ਅਪੜ ਗਏ ਹਨ। ਉਸ ਨੇ ਪਹਿਲਾਂ ਹੀ ਤਿਆਰੀਆਂ ਕੀਤੀਆਂ ਹੋਈਆਂ ਸਨ। ਇਸ ਲਈ ਆਪਣੇ ਸਾਰੇ ਅਹਿਲਕਾਰਾਂ ਅਤੇ ਗੁਰੂ ਘਰ ਦੇ ਸ਼ਰਧਾਲੂਆਂ ਸਮੇਤ ਗੁਰੂ ਜੀ ਦੇ ਸਵਾਗਤ ਵਾਸਤੇ ਆਪ ਲੈਣ ਆਇਆ।

ਰਾਜਾ ਜੈ ਸਿੰਘ ਦੀ ਅਗਵਾਈ ਹੇਠ ਗੁਰੂ ਜੀ ਆਪਣੇ ਸਿੱਖਾਂ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਸਮੇਤ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਜਾ ਠਹਿਰੇ। ਗੁਰੂ ਜੀ ਦੇ ਇਕ ਦੋ ਦਿਨ ਆਰਾਮ ਕਰਨ ਤੋਂ ਬਾਅਦ ਰਾਜਾ ਜੈ ਸਿੰਘ ਨੇ ਕਿਹਾ, "ਮਹਾਰਾਜ! ਸ਼ਹਿਨਸ਼ਾਹ ਔਰੰਗਜ਼ੇਬ ਆਪ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਆਪ ਜੀ ਉਨ੍ਹਾਂ ਨੂੰ ਮਿਲਣਾ ਕਿਥੇ ਯੋਗ ਸਮਝਦੇ ਹੋ?" ਗੁਰੂ ਜੀ ਨੇ ਇਕ ਟੁੱਕ ਜਵਾਬ ਦੇ ਦਿਤਾ ਕਿ ਉਹ ਔਰੰਗਜ਼ੇਬ ਨੂੰ ਕਿਸੇ ਹਾਲਤ ਵਿਚ ਮਿਲਣਾ ਨਹੀਂ ਚਾਹੁੰਦੇ। ਨਾ ਉਹ ਉਸ ਦੇ ਦਰਬਾਰ ਜਾਣਾ ਚਾਹੁੰਦੇ ਸਨ ਅਤੇ ਨਾ ਹੀ ਉਨ੍ਹਾਂ ਦੇ ਬੰਗਲੇ ਵਿਚ ਵੀ ਉਸ ਨੂੰ ਮਿਲਣਾ ਚਾਹੁੰਦੇ ਸਨ। ਰਾਜਾ ਜੈ ਸਿੰਘ ਅਤੇ ਉਸ ਦੇ ਦਰਬਾਰੀ ਬਾਲਾ ਗੁਰੂ ਦੀ ਅਜਿਹੀ ਦ੍ਰਿੜ੍ਹਤਾ ਨੂੰ ਵੇਖ ਕੇ ਹੈਰਾਨ ਰਹਿ ਗਏ।

ਪਟਰਾਣੀ ਦੀ ਪਹਿਚਾਣ – ਔਰੰਗਜ਼ੇਬ ਨੂੰ ਵੀ ਸਭ ਕੁਝ ਪਤਾ ਲੱਗ ਗਿਆ ਸੀ। ਪਰ ਉਹ ਕਿਸੇ ਵੀ ਢੰਗ ਨਾਲ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਉਹ ਸਮਝ ਗਿਆ ਸੀ ਕਿ ਬਾਬਾ ਰਾਮਰਾਇ ਇਕ ਗੁਰੂ ਨਾ ਵੀ ਹੁੰਦਾ ਹੋਇਆ ਐਨੀ ਕਰਾਮਾਤੀ ਹੈ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਤਾਂ ਆਪ ਗੁਰੂ ਸਨ, ਉਹ ਕਿੰਨੇ ਕਰਾਮਾਤੀ ਅਤੇ ਇਲਾਹੀ ਹੋਣਗੇ। ਗੁਰੂ ਜੀ ਦੇ ਦਰਸ਼ਨ ਕਰਨਾ ਵਾਸਤੇ ਔਰੰਗਜ਼ੇਬ ਨੇ ਇਕ ਵਿਉਂਤ ਬਣਾਈ। ਉਸ ਰਾਜਾ ਜੈ ਸਿੰਘ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਗੁਰੂ ਹਰਿਕ੍ਰਿਸ਼ਨ ਜੀ ਨੇ ਸਾਨੂੰ ਮਿਲਣ ਅਤੇ ਦੀਦਾਰ ਦੇਣ ਤੋਂ ਇਨਕਾਰ ਕਰ

ਦਿਤਾ ਹੈ। ਅਸੀਂ ਵੇਖਣਾ ਚਾਹੁੰਦੇ ਹਾਂ ਕਿ ਉਸ ਵਿਚ ਕਿਤਨੀ ਸਮਝ ਹੈ, ਉਹ ਭੇਸ ਵਟਾਇਆਂ ਵੀ ਬੰਦੇ ਨੂੰ ਪਹਿਚਾਣ ਸਕਦੇ ਹਨ ਜਾਂ ਨਹੀਂ। ਇਸ ਲਈ ਤੁਸੀਂ ਇਸ ਤਰ੍ਹਾਂ ਕਰੋ ਕਿ ਆਪਣੀ ਰਾਣੀ ਨੂੰ ਘਟੀਆ ਵਸਤਰ ਪਵਾ ਦੇਣੇ ਅਤੇ ਹੋਰ ਦਾਸੀਆਂ ਅਤੇ ਰਾਣੀਆਂ ਨੂੰ ਸੁੰਦਰ ਕੱਪੜੇ ਪਵਾ ਦੇਵੋ। ਇਕ ਦਾਸੀ ਨੂੰ ਮਹਾਰਾਣੀ ਵਾਲੇ ਕੱਪੜੇ ਪਵਾ ਕੇ ਸਭ ਤੋਂ ਨਵੇਕਲੀ ਅਤੇ ਸੁੰਦਰ ਬਣਾ ਦੇਵੋ, ਜਿਸਨੂੰ ਵੇਖ ਕੇ ਹਰ ਕੋਈ ਇਹੋ ਸਮਝੇ ਕਿ ਉਹ ਹੀ ਮਹਾਰਾਣੀ ਹੈ। ਜੇ ਉਹ ਬਾਲਕ ਗੁਰੂ ਅਸਲੀ ਰਾਣੀ ਨੂੰ ਪਹਿਚਾਣ ਗਿਆ ਤਾਂ ਮੈਂ ਸਮਝਾਂਗਾ ਉਹ ਜਾਣੀਜਾਣ ਹੈ। ਜੇ ਉਹ ਨਾ ਪਹਿਚਾਣ ਸਕਿਆ ਤਾਂ ਉਸ ਦੀ ਮਹਿਮਾ ਵੀ ਘਟੇਗੀ ਅਤੇ ਮੈਂ ਵੀ ਭੇਸ ਬਦਲ ਕੇ ਦੀਦਾਰ ਕਰ ਆਵਾਂਗਾ।" ਬਾਦਸ਼ਾਹ ਦੇ ਹੁਕਮ ਦੀ ਪਾਲਣਾ ਕਰਨ ਹਿੱਤ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿਚ ਪਹੁੰਚ ਕੇ ਆਪਣੀ ਮਹਾਰਾਣੀ ਨੂੰ ਸਭ ਕੁਝ ਸਮਝਾ ਦਿਤਾ। ਮਹਾਰਾਣੀ ਪਹਿਲਾਂ ਤਾਂ ਇਸ ਗੱਲ ਨੂੰ ਮੰਨਣ ਲਈ ਤਿਆਰ ਨਾ ਹੋਈ, ਪਰ ਔਰੰਗਜ਼ੇਬ ਦਾ ਹੁਕਮ ਸੁਣ ਕੇ ਉਹ ਇਹ ਸਾਰਾ ਨਾਟਕ ਰਚਣ ਵਾਸਤੇ ਤਿਆਰ ਹੋ ਗਈ। ਉਸ ਆਪਣੀਆਂ ਸਾਰੀਆਂ ਸਹੇਲੀਆਂ ਅਤੇ ਗੋਲੀਆਂ ਬੁਲਾਈਆਂ। ਕੁਝ ਨੂੰ ਘਟੀਆ ਕੱਪੜੇ ਪਵਾ ਕੇ ਦਾਸੀਆਂ ਬਣਾ ਦਿਤਾ ਅਤੇ ਕੁਝ ਨੂੰ ਬਹੁਤ ਵਧੀਆ ਵਸਤਰ ਪਵਾ ਕੇ ਰਾਣੀਆਂ ਬਣਾ ਦਿਤਾ। ਉਨ੍ਹਾਂ ਵਿਚੋਂ ਇਕ ਇਸਤਰੀ ਨੂੰ ਸਭ ਤੋਂ ਵਧੀਆ ਪੁਸ਼ਾਕੇ ਪਹਿਨਾਅ ਕੇ ਮਹਾਰਾਣੀ ਬਣਾ ਦਿਤਾ। ਜਦ ਰਾਜਾ ਜੈ ਸਿੰਘ ਦੀ ਇਹ ਸਭ ਕੁਝ ਵੇਖ ਕੇ ਤਸੱਲੀ ਹੋਈ ਤਾਂ ਉਹ ਗੁਰੂ ਹਰਿਕ੍ਰਿਸ਼ਨ ਜੀ ਪਾਸ ਗਿਆ ਅਤੇ ਬੇਨਤੀ ਕੀਤੀ ਕਿ ਉਨ੍ਹਾਂ ਉਨ੍ਹਾਂ ਦੇ ਨਿੱਜੀ ਮਹੱਲਾਂ ਵਿਚ ਚਰਨ ਪਾਉਣ ਦੀ ਖੇਚਲ ਕਰਨ ਕਿਉਂਕਿ ਉਨ੍ਹਾਂ ਦੀ ਪਟਰਾਣੀ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਉਤਾਵਲੀ ਹੈ।

ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਇਕੱਲੇ ਹੀ ਰਣਵਾਸ ਵਿਚ ਗਏ। ਰਾਜਾ ਜੈ ਸਿੰਘ ਉਨ੍ਹਾਂ ਦੇ ਨਾਲ ਸਨ। ਰਾਣੀਆਂ ਦੀ ਦੱਖ ਨੂੰ ਵੇਖ ਕੇ ਗੁਰੂ ਜੀ ਸਮਝ ਗਏ ਕਿ ਇਸ ਵਿਚ ਕੋਈ ਭੇਤ ਹੈ। ਇਸ ਲਈ ਸਭ ਰਾਣੀਆਂ ਨੂੰ ਉਨ੍ਹਾਂ ਬੜੇ ਧਿਆਨ ਨਾਲ ਵੇਖਿਆ ਤੇ ਫਿਰ ਰਾਜਾ ਜੈ ਸਿੰਘ ਦੀ ਅਸਲੀ ਰਾਣੀ ਜਿਸ ਨੇ ਗੋਲੀ ਦਾ ਵੇਸ ਧਾਰਨ ਕੀਤਾ ਹੋਇਆ ਸੀ ਦੇ ਸਾਮ੍ਹਣੇ ਜਾ ਖੜ੍ਹੇ ਹੋਏ। ਉਨ੍ਹਾਂ ਰਾਣੀ ਨੂੰ ਬੜੇ ਗਹੁ ਨਾਲ ਵੇਖਿਆ ਤੇ ਫਿਰ ਬੋਲੇ, "ਰਾਣੀ ਜੀ ਤੁਹਾਨੂੰ ਇਹ ਪਖੰਡ ਕਰਨ ਦੀ ਕੀ ਲੋੜ ਸੀ। ਅਜਿਹੇ ਪਖੰਡਾਂ ਦਾ ਫਲ ਕੋਈ ਚੰਗਾ ਨਹੀਂ ਹੁੰਦਾ। ਅਸੀਂ ਤਾਂ ਗੁਰੂ ਘਰ ਦੇ ਫਕੀਰ ਹਾਂ, ਸਾਡੇ ਨਾਲ ਅਜਿਹੇ ਕਪਟ ਕਰਨੇ ਸ਼ੋਭਦੇ ਨਹੀਂ। ਅਸੀਂ ਤੁਹਾਡੇ ਘਰ ਠਹਿਰੇ ਹੋਏ ਹਾਂ, ਤੁਹਾਡੇ ਮਹਿਮਾਨ ਹਾਂ, ਇਕ ਮਹਿਮਾਨ ਨਾਲ ਕੀ ਇਹੋ ਜੇਹਾ ਵਰਤਾਓ ਕਰਨਾ ਚਾਹੀਦਾ ਹੈ?"

ਗੁਰੂ ਜੀ ਦੀਆਂ ਇਹ ਗੱਲਾਂ ਸੁਣ ਕੇ ਰਾਣੀ ਘਬਰਾ ਗਈ ਅਤੇ ਸ਼ਰਧਾ ਵਿਚ ਉਸਦੀਆਂ ਅੱਖਾਂ ਵਿਚੋਂ ਹੰਝੂ ਆ ਗਏ। ਉਹ ਪਹਿਲਾਂ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਈ ਅਤੇ ਫਿਰ ਬਾਲਾ ਪ੍ਰੀਤਮ ਨੂੰ ਆਪਣੀ ਗਲਵੱਕੜੀ ਵਿਚ ਲੈ ਕੇ ਗੋਦ ਵਿਚ ਬਿਠਾ ਲਿਆ। ਉਹ ਕਹਿਣ ਲੱਗੀ, "ਪ੍ਰਭੂ ਮੈਥੋਂ ਭੁੱਲ ਹੋ ਗਈ, ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਸੱਚਮੁੱਚ ਕ੍ਰਿਸ਼ਨ ਹੋ। ਮੇਰੀਆਂ ਤਾਂ ਸਭ ਕਾਮਨਾਵਾਂ ਪੂਰੀਆਂ ਹੋ ਗਈਆਂ ਹਨ ਅਤੇ ਮੈਂ ਧੰਨ ਹੋ ਗਈ ਹਾਂ।"

ਪਰਉਪਕਾਰ – ਰਾਜਾ ਜੈ ਸਿੰਘ ਸ਼ਰਮਿੰਦਾ ਹੋਇਆ ਕੁਝ ਨਾ ਬੋਲ ਸਕਿਆ, ਪਰ ਇਹ ਗੱਲ ਉਸ ਦੇ ਮਨ ਵਿਚ ਸਪਸ਼ਟ ਅਤੇ ਸਾਫ ਹੋ ਗਈ ਕਿ ਬਾਲਾ ਗੁਰੂ ਆਪ ਪ੍ਰਤੱਖ ਪ੍ਰਮਾਤਮਾ ਰੂਪ ਹੈ। ਉਹ ਇਕ ਪ੍ਰਭੂ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਪਾਸੋਂ ਡਰਨ ਵਾਲੇ ਹਨ।

ਉਸ ਨੇ ਜੋ ਕੁਝ ਆਪਣੀ ਅੱਖੀਂ ਵੇਖਿਆ ਸੀ ਸਭ ਕੁਝ ਔਰੰਗਜ਼ੇਬ ਬਾਦਸ਼ਾਹ ਨੂੰ ਦੱਸ ਦਿਤਾ। ਬਾਦਸ਼ਾਹ ਤਾਂ ਪਹਿਲਾਂ ਵੀ ਬਹੁਤ ਕੁਝ ਗੁਰੂ ਜੀ ਬਾਰੇ ਸੁਣ ਚੁੱਕਾ ਸੀ। ਰਾਜਾ ਜੈ ਸਿੰਘ ਦੀ ਇਹ ਗੱਲ ਸੁਣ ਕੇ ਉਸ ਦੇ ਮਨ ਵਿਚ ਗੁਰੂ ਸਾਹਿਬ ਬਾਰੇ ਏਨੀ ਸ਼ਰਧਾ ਵਧੀ ਕਿ ਹਰ ਹੀਲੇ ਗੁਰੂ ਜੀ ਦੇ ਦਰਸ਼ਨਾਂ ਲਈ ਬੇਤਾਬ ਸੀ। ਪਰ ਇਸ ਗੱਲੋਂ ਡਰਦਾ ਵੀ ਸੀ ਕਿ ਗੁਰੂ ਜੀ ਨਾਰਾਜ਼ ਹੋ ਕੇ ਕੋਈ ਅਜਿਹਾ ਬਚਨ ਨਾ ਕਹਿ ਦੇਣ ਜਿਸ ਨਾਲ ਉਸਦੀ ਬਾਦਸ਼ਾਹਤ ਹੀ ਜਾਂਦੀ ਰਹੇ।

ਉਸ ਨੇ ਗੁਰੂ ਜੀ ਦਾ ਮਨ ਜਿੱਤਣ ਵਾਸਤੇ ਆਪਣੇ ਛੋਟੇ ਸ਼ਹਿਜ਼ਾਦੇ ਨੂੰ ਗੁਰੂ ਜੀ ਪਾਸ ਭੇਜਿਆ। ਉਹ ਗੁਰੂ ਜੀ ਦਾ ਹਮ-ਉਮਰ ਹੀ ਸੀ। ਗੁਰੂ ਜੀ ਦੇ ਜੀਵਨ ਦੀ ਸ਼ਾਹੀ ਠਾਠ ਬਾਠ ਵੇਖ ਕੇ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਕੁਝ ਦਿਨਾਂ ਵਿਚ ਹੀ ਗੁਰੂ ਜੀ ਨਾਲ ਮਿਲ ਜੁਲ ਗਿਆ। ਗੁਰੂ ਜੀ ਨੇ ਉਸ ਨੂੰ ਕਈ ਪ੍ਰਕਾਰ ਦੇ ਮੇਵੇ ਅਤੇ ਫਲ ਖਵਾਏ ਜਿਹੜੇ ਉਸ ਕਦੀ ਖਾ ਕੇ ਵੀ ਨਹੀਂ ਵੇਖੇ ਸਨ। ਸ਼ਹਿਜ਼ਾਦੇ ਨੂੰ ਜਿਵੇਂ ਔਰੰਗਜ਼ੇਬ ਨੇ ਸਿਖਾਇਆ ਸੀ, ਉਸ ਗੁਰੂ ਜੀ ਨੂੰ ਔਰੰਗਜ਼ੇਬ ਨੂੰ ਮਿਲਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਸਾਫ ਨਾਂਹ ਕਰ ਦਿਤੀ ਕਿ ਉਹ ਅਜਿਹੇ ਜ਼ਾਲਮ ਬਾਦਸ਼ਾਹ ਨੂੰ ਬਿਲਕੁਲ ਨਹੀਂ ਮਿਲ ਸਕਦੇ। ਸ਼ਹਿਜ਼ਾਦਾ ਕੁਝ ਦਿਨ ਗੁਰੂ ਜੀ ਪਾਸ ਰਹਿ ਕੇ ਵਾਪਿਸ ਚਲੇ ਗਿਆ। ਉਸ ਨੇ ਵੀ ਔਰੰਗਜ਼ੇਬ ਨੂੰ ਗੁਰੂ ਜੀ ਬਾਰੇ ਜਾਣਕਾਰੀ ਦਿਤੀ। ਉਸ ਇਹ ਵੀ ਦੱਸਿਆ ਕਿ ਉਹ ਆਪ ਨੂੰ ਬਿਲਕੁਲ ਨਹੀਂ ਮਿਲਣਾ ਚਾਹੁੰਦੇ।

ਇਨ੍ਹਾਂ ਗੱਲਾਂ ਨੇ ਔਰੰਗਜ਼ੇਬ ਵਿਚ ਮਿਲਣ ਦੀ ਹੋਰ ਵੀ ਤੜਪ ਪੈਦਾ ਕੀਤੀ। ਉਹ ਦਿਨ ਰਾਤ ਸੋਚਦਾ ਸੀ ਕਿ ਕਿਸ ਤਰ੍ਹਾਂ ਗੁਰੂ ਜੀ ਦੇ ਦੀਦਾਰ ਕੀਤੇ ਜਾਣ। ਇਕ ਦਿਨ ਭੇਸ ਬਦਲਨ ਕੇ ਸਵੱਖਤੇ ਹੀ ਆਪਣੇ ਛੋਟੇ ਸ਼ਹਿਜ਼ਾਦੇ ਨੂੰ ਨਾਲ ਲੈ ਕੇ ਉਹ ਗੁਰੂ ਜੀ ਦੇ ਦੀਦਾਰ ਕਰਨ ਨੂੰ ਨਿਕਲ ਤੁਰਿਆ। ਜਦ ਉਹ ਗੁਰੂ ਜੀ ਦੇ ਡੇਰੇ ਪੁੱਜਾ ਤਾਂ ਟਹਿਲੀਆਂ ਨੇ ਔਰੰਗਜ਼ੇਬ ਦੇ ਆਉਣ ਦੀ ਖਬਰ ਦਿਤੀ। ਗੁਰੂ ਜੀ ਨੇ ਉਸੇ ਵੇਲੇ ਦਰਵਾਜ਼ੇ ਬੰਦ ਕਰਵਾ ਦਿਤੇ। ਔਰੰਗਜ਼ੇਬ ਨੇ ਸ਼ਹਿਜ਼ਾਦੇ ਨੂੰ ਵੀ ਭੇਜਿਆ ਪਰ ਗੁਰੂ ਜੀ ਨੇ ਕਿਹਾ ਕਿ

ਉਹ ਸੀਸ ਵਾਰ ਦੇਣਗੇ ਪਰ ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦੇਣਗੇ। ਹਿੰਦੋਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਅੱਧੀ ਘੜੀ ਗੁਰੂ ਜੀ ਦੇ ਦਰਵਾਜ਼ੇ ਬਾਹਰ ਖੜ੍ਹਾ ਰਿਹਾ। ਅਖੀਰ ਨਾਰਾਜ਼ ਹੋ ਕੇ ਮੁੜ ਗਿਆ।

ਗੁਰੂ ਜੀ ਰਾਜਾ ਜੈ ਸਿੰਘ ਅਤੇ ਔਰੰਗਜ਼ੇਬ ਦੀਆਂ ਅਜਿਹੀਆਂ ਚਾਲਾਂ ਤੋਂ ਤੰਗ ਆ ਗਏ ਸਨ। ਇਸ ਲਈ ਉਨ੍ਹਾਂ ਸਲਾਹ ਬਣਾਈ ਕਿ ਡੇਰਾ ਕਿਸੇ ਹੋਰ ਥਾਂ ਕਰ ਲਿਆ ਜਾਵੇ। ਇਸ ਲਈ ਆਪ ਨੇ ਭਾਈ ਕਲਿਆਨੇ ਦੀ ਧਰਮਸ਼ਾਲਾ ਵਿਖੇ ਜਾ ਡੇਰੇ ਲਾਏ। ਇਹ ਧਰਮਸ਼ਾਲਾ ਬੜੀ ਸੰਘਣੀ ਆਬਾਦੀ ਨਾਲ ਘਿਰੀ ਹੋਈ ਸੀ। ਲੋਕ ਗਰੀਬ ਸਨ ਅਤੇ ਉਨ੍ਹਾਂ ਨੂੰ ਪੀਣ ਲਈ ਸਾਫ ਪਾਣੀ ਵੀ ਨਹੀਂ ਸੀ ਮਿਲਦਾ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ ਅਤੇ ਬੜਾ ਦੁਖੀ ਜੀਵਨ ਬਤੀਤ ਕਰ ਰਹੇ ਸਨ। ਉਸ ਆਬਾਦੀ ਵਿਚ ਪਹੁੰਚ ਕੇ ਗੁਰੂ ਜੀ ਨੇ ਦੁਖੀਆਂ ਦੀ ਦੇਖ ਭਾਲ ਦਾ ਕੰਮ ਸੰਭਾਲ ਲਿਆ। ਦੁਖੀ ਲੋਕਾਂ ਨੂੰ ਵੀ ਜਦ ਗੁਰੂ ਜੀ ਦੇ ਇਥੇ ਆਉਣ ਦਾ ਪਤਾ ਲੱਗਾ ਤਾਂ ਉਹ ਵੱਡੀ ਗਿਣਤੀ ਵਿਚ ਧਰਮਸ਼ਾਲਾ ਵਿਚ ਆਉਣ ਲੱਗੇ। ਗੁਰੂ ਜੀ ਹਰ ਇਕ ਦਾ ਦੁੱਖ ਸੁਣਦੇ ਅਤੇ ਜਿਸ ਪ੍ਰਕਾਰ ਵੀ ਕਿਸੇ ਨੂੰ ਲੋੜ ਹੁੰਦੀ, ਉਸ ਤਰ੍ਹਾਂ ਹੀ ਉਸ ਦੀ ਸਹਾਇਤਾ ਕਰਦੇ। ਜਦ ਵੀ ਉਹ ਕਿਸੇ ਦੁੱਖੀ ਦੀ ਪੁਕਾਰ ਸੁਣਦੇ ਤਾਂ ਬੇਸ਼ੱਕ ਕਿੰਨੀ ਦੂਰ ਹੁੰਦਾ ਆਪਣੇ ਸਿੱਖਾਂ ਨੂੰ ਲੈ ਕੇ ਉਥੇ ਪੁੱਜ ਜਾਂਦੇ। ਕਈ ਅਸਾਧ ਰੋਗਾਂ ਵਿਚ ਗ੍ਰੱਸੇ ਰੋਗੀ ਵੀ ਉਨ੍ਹਾਂ ਦੀ ਦ੍ਰਿਸ਼ਟੀ ਪੈਂਦਿਆਂ ਹੀ ਤੰਦਰੁਸਤ ਹੋ ਜਾਂਦੇ। ਭੁੱਖੇ ਅਤੇ ਗਰੀਬ ਲੋਕਾਂ ਵਾਸਤੇ ਉਨ੍ਹਾਂ ਲੰਗਰ ਲਾ ਦਿਤੇ ਅਤੇ ਥਾਂ ਥਾਂ ਸਾਫ ਪਾਣੀ ਦਾ ਪ੍ਰਬੰਧ ਕਰ ਦਿਤਾ।

ਭਾਈ ਕਲਿਆਨੇ ਦੀ ਧਰਮਸ਼ਾਲਾ ਵਿਚ ਹੀ ਦੋਵੇਂ ਵੇਲੇ ਕੀਰਤਨ ਹੋਣ ਲੱਗ ਗਿਆ ਅਤੇ ਦੀਵਾਨ ਲੱਗਦਾ। ਗੁਰੂ ਜੀ ਸਭ ਨੂੰ ਦਰਸ਼ਨ ਦਿੰਦੇ ਅਤੇ ਲੋਕਾਂ ਨੂੰ ਸੱਚੀ ਸੁੱਚੀ ਕਿਰਤ ਕਰਨ ਦਾ ਉਪਦੇਸ਼ ਦਿੰਦੇ। ਉਹ ਸਾਰਿਆਂ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਲਈ ਕਹਿੰਦੇ।

ਗੁਰੂ ਜੀ ਦੇ ਇਸ ਪਰਉਪਕਾਰ ਨੇ ਸਾਰੀ ਦਿੱਲੀ ਦੇ ਵਸਨੀਕਾਂ ਨੂੰ ਆਪਣਾ ਮਤਵਾਲਾ ਬਣਾ ਲਿਆ ਸੀ। ਹਰ ਧਰਮ ਦਾ ਵਿਅਕਤੀ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਆਉਂਦਾ। ਕਈ ਮੁਸਲਮਾਨ ਫਕੀਰ ਵੀ ਉਨ੍ਹਾਂ ਦੇ ਉਪਾਸ਼ਕ ਬਣ ਗਏ ਅਤੇ ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਕੇ ਬਹੁਤ ਪ੍ਰਸੰਨ ਹੁੰਦੇ। ਕਈ ਲੋਕ ਤਾਂ ਇਸ ਗੱਲ 'ਤੇ ਹੀ ਬਹੁਤ ਹੈਰਾਨ ਹੁੰਦੇ ਕਿ ਛੋਟੀ ਉਮਰ ਦਾ ਬਾਲਕ ਹਰ ਪੱਖੋਂ ਨਿਪੁੰਨ ਸੀ। ਜਿਹੜਾ ਵੀ ਕੋਈ ਮਨੋਰਥ ਲੈ ਕੇ ਉਨ੍ਹਾਂ ਪਾਸ ਪੁੱਜਦਾ, ਉਸ ਦਾ ਮਨੋਰਥ ਪੂਰਾ ਹੁੰਦਾ।

ਔਰੰਗਜ਼ੇਬ ਪਾਸ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਸੂਚਨਾ ਪਹੁੰਚਦੀ ਰਹਿੰਦੀ ਸੀ। ਪਰ ਉਹ ਆਪ ਹੀ ਬੇਵਸ ਹੋਇਆ ਸੀ। ਉਹ ਹੁਕਮ ਦੇ ਕੇ ਕੈਦ ਵੀ ਨਹੀਂ ਸੀ ਕਰਨਾ ਚਾਹੁੰਦਾ। ਪਰ ਉਧਰ ਗੁਰੂ ਸਾਹਿਬ ਜੀ ਨੇ ਵੀ ਪ੍ਰਣ ਕੀਤਾ ਕਿ ਉਹ ਔਰੰਗਜ਼ੇਬ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਮਿਲਣਗੇ। ਅੰਤ ਵਿਚ ਆਪਣੇ ਪ੍ਰਣ ਨੂੰ ਪੂਰਾ ਕਰਨ ਵਾਸਤੇ ਉਨ੍ਹਾਂ ਇਕ ਐਸਾ ਰਾਹ ਚੁਣਿਆ ਜਿਹੜਾ ਕਿ ਸੰਸਾਰ ਵਿਚ ਅਜੇ ਤਕ ਕਿਸੇ ਨੇ ਨਹੀਂ ਅਪਣਾਇਆ ਸੀ।

ਉਨ੍ਹਾਂ ਦਿਨਾਂ ਵਿਚ ਹੀ ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲ ਗਈ। ਹਰ ਘਰ ਵਿਚ ਇਕ ਦੋ ਬੀਮਾਰ ਜ਼ਰੂਰ ਸਨ। ਗੁਰੂ ਜੀ ਸਭ ਨੂੰ ਦਵਾਈ ਦੇਣ ਜਾਂਦੇ ਅਤੇ ਮਰੀਜ਼ ਉਨ੍ਹਾਂ ਦੇ ਦਰਸ਼ਨ ਕਰਕੇ ਹੀ ਰਾਜ਼ੀ ਹੋ ਜਾਂਦੇ। ਪਰ ਚੇਚਕ ਦੀ ਬਿਮਾਰੀ ਏਨੀ ਵਧ ਗਈ ਕਿ ਸਾਰਾ ਦਿੱਲੀ ਸ਼ਹਿਰ ਹੀ ਘੇਰੇ ਵਿਚ ਆ ਗਿਆ। ਗੁਰੂ ਜੀ ਦਾ ਕੋਮਲ ਹਿਰਦਾ ਇਹ ਕੁਝ ਜਰ ਨਾ ਸਕਿਆ। ਅਖੀਰ ਆਪ ਨੇ ਮਨ ਬਣਾਇਆ ਕਿ ਸਭ ਰੋਗੀਆਂ ਦਾ ਰੋਗ ਆਪਣੇ ਉਤੇ ਹੀ ਲੈ ਲਿਆ ਜਾਵੇ। ਇਸ ਤਰ੍ਹਾਂ ਕਰਨ ਨਾਲ ਦਿੱਲੀ ਦੇ ਸਭ ਰੋਗੀਆਂ ਦਾ ਦੁੱਖ ਕੱਟਿਆ ਜਾਵੇਗਾ ਅਤੇ ਗੁਰੂ ਜੀ ਦਾ ਪ੍ਰਣ ਵੀ ਪੂਰਾ ਹੋ ਜਾਵੇਗਾ ਕਿ ਉਨ੍ਹਾਂ ਨੇ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ। ਅੰਤ ਚੇਚਕ ਦੇ ਰੋਗ ਨੇ ਗੁਰੂ ਜੀ ਨੂੰ ਆ ਘੇਰਿਆ। ਜਦ ਔਰੰਗਜ਼ੇਬ ਨੂੰ ਇਹ ਪਤਾ ਲੱਗਾ ਕਿ ਗੁਰੂ ਜੀ ਨੂੰ ਚੇਚਕ ਨਿਕਲੀ ਹੈ ਤਾਂ ਉਸ ਦੂਤ ਭੇਜਣੇ ਬੰਦ ਕਰ ਦਿਤੇ ਅਤੇ ਦਰਸ਼ਨਾਂ ਦੀ ਤਾਂਘ ਛੱਡ ਦਿਤੀ। ਗੁਰੂ ਜੀ ਨੂੰ ਦਰਬਾਰ ਹਾਜ਼ਰ ਕਰਨ ਜਾਂ ਉਨ੍ਹਾਂ ਨੂੰ ਮਿਲਣ ਦੀ ਉਸ ਦੀ ਖਾਹਿਸ਼ ਪੂਰੀ ਨਾ ਹੋ ਸਕੀ। ਇਸ ਤਰ੍ਹਾਂ ਗੁਰੂ ਜੀ ਆਪਣਾ ਪ੍ਰਣ ਨਿਭਾ ਗਏ।

ਜੋਤੀ ਜੋਤ ਸਮਾਉਣਾ – ਗੁਰੂ ਹਰਿਕ੍ਰਿਸ਼ਨ ਜੀ ਨੇ ਕੀਰਤਪੁਰ ਤੋਂ ਚਲਦੇ ਸਮੇਂ ਜੋ ਪ੍ਰਣ ਕੀਤਾ ਸੀ ਕਿ ਆਪਣੇ ਪਿਤਾ ਸਤਿਗੁਰੂ ਹਰਿਰਾਇ ਸਾਹਿਬ ਦੇ ਆਦੇਸ਼ ਅਨੁਸਾਰ ਉਹ ਕਿਸੇ ਹਾਲਤ ਵਿਚ ਵੀ ਔਰੰਗਜ਼ੇਬ ਨੂੰ ਨਹੀਂ ਮਿਲਣਗੇ, ਨਿਭਾਉਣ ਵਿਚ ਉਹ ਸਫਲ ਰਹੇ। ਔਰੰਗਜ਼ੇਬ ਬਹੁਤ ਛਟਪਟਾਇਆ ਕਿ ਇਕ ਬਾਲਕ ਗੁਰੂ ਨੂੰ ਵੀ ਉਹ ਡਰਾ ਨਹੀਂ ਸੀ ਸਕਿਆ ਅਤੇ ਆਪਣੇ ਦਰਬਾਰ ਵਿਚ ਲਿਆਉਣ ਵਿਚ ਅਸਫਲ ਰਿਹਾ ਸੀ। ਬਾਬਾ ਰਾਮਰਾਇ ਉਸ ਦਾ ਮਿੱਤਰ ਬਣ ਗਿਆ ਸੀ। ਬਾਦਸ਼ਾਹ ਔਰੰਗਜ਼ੇਬ ਨੂੰ ਖੁਸ਼ ਕਰਕੇ ਉਹ ਵੱਡੀ ਜਾਗੀਰ ਦਾ ਮਾਲਕ ਬਣ ਗਿਆ ਸੀ। ਪਰ ਬਾਬਾ ਰਾਮਰਾਇ ਜਾਗੀਰ ਪ੍ਰਾਪਤ ਕਰਕੇ ਵੀ ਖੁਸ਼ ਨਹੀਂ ਸੀ। ਉਹ ਵੀ ਹਰ ਹੀਲੇ ਗੁਰੂ ਬਣਨ ਦੇ ਹੀ ਸੁਪਨੇ ਲੈ ਰਿਹਾ ਸੀ। ਪਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਕਿਸੇ ਦੀ ਜੱਦੀ ਜਾਇਦਾਦ ਨਹੀਂ ਸੀ। ਇਸ ਨੂੰ ਤਾਂ ਉਹੋ ਪ੍ਰਾਪਤ ਕਰ ਸਕਦਾ ਸੀ ਜਿਹੜਾ ਕਿ ਇਸ ਦੇ ਯੋਗ ਹੋਵੇ। ਇਸ ਤਰ੍ਹਾਂ ਇਕ ਅੱਠ ਸਾਲ ਦੇ ਬਾਲਕ ਨੇ ਇਹ ਸਾਬਤ ਕਰ ਦਿਤਾ ਕਿ ਉਹ ਇਸ ਗੱਦੀ ਲਈ ਹਰ ਪੱਖੋਂ ਯੋਗ ਸਨ। ਜੇ ਰਾਮਰਾਇ ਔਰੰਗਜ਼ੇਬ ਦਾ ਖੁਸ਼ਾਮਦੀ ਬਣਿਆ ਸੀ ਤਾਂ ਗੁਰੂ ਹਰਿਕ੍ਰਿਸ਼ਨ ਜੀ ਔਰੰਗਜ਼ੇਬ ਨੂੰ ਮਿਲਣ ਤੋਂ ਹੀ ਇਨਕਾਰ ਕਰ ਦਿਤਾ ਸੀ। ਇਹ ਕੋਈ ਛੋਟੀ ਜਿਹੀ ਗੱਲ ਨਹੀਂ ਸੀ। ਏਡੇ ਵੱਡੇ ਮੁਗਲ ਬਾਦਸ਼ਾਹ ਜਿਸ ਦੇ ਦਰਸ਼ਨਾਂ ਨੂੰ ਲੋਕ ਤਰਸਦੇ ਰਹਿੰਦੇ ਸਨ, ਪਰ ਅੱਠ ਸਾਲ

ਦੀ ਉਮਰ ਦੇ ਗੁਰੂ ਹਰਿਕ੍ਰਿਸ਼ਨ ਜੀ ਨੇ ਏਨੀ ਦਲੇਰੀ ਵਿਖਾਈ ਕਿ ਮਿਲਣ ਤੋਂ ਹੀ ਨਾਂਹ ਕਰ ਦਿਤੀ। ਇਹ ਗੁਰੂ ਜੀ ਦੀ ਆਤਮਿਕ ਉਚਤਾ ਦਾ ਪ੍ਰਤੀਕ ਸੀ। ਇਸ ਤੋਂ ਵੱਡੀ ਕਿਹੜੀ ਕਰਾਮਾਤ ਹੋ ਸਕਦੀ ਸੀ?

ਅੰਤ ਸਮੇਂ ਗੁਰੂ ਜੀ ਨੇ ਬਚਨ ਕੀਤੇ, "ਸਭ ਕੁਝ ਪ੍ਰਭੂ ਦੀ ਆਗਿਆ ਅਨੁਸਾਰ ਹੋ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਨੂੰ ਕੋਈ ਖਤਰਾ ਨਹੀਂ ਹੈ, ਇਹ ਸਦਾ ਚਲਦੀ ਰਹੇਗੀ।"

ਸੰਗਤਾਂ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਅਤੇ ਭਾਣਾ ਮੰਨਣ ਦਾ ਉਪਦੇਸ਼ ਦਿਤਾ। ਫਿਰ ਸੰਗਤ ਵਿਚੋਂ ਇਕ ਸਿੱਖ ਭਾਈ ਗੁਰਦਿੱਤਾ ਜੀ ਨੇ ਕਿਹਾ ਕਿ ਤੁਸੀਂ ਤਾਂ ਪ੍ਰਭੂ ਦੇ ਦੇਸ਼ ਜਾਣ ਦਾ ਮਨ ਬਣਾ ਲਿਆ, ਪਰ ਸਾਡੀ ਬਾਂਹ ਕਿਸਨੂੰ ਫੜਾ ਚੱਲੇ ਹੋ?" ਤਦ ਗੁਰੂ ਜੀ ਨੇ ਹੁਕਮ ਕੀਤਾ ਕਿ ਇਕ ਨਾਰੀਅਲ, ਪੰਜ ਪੈਸੇ ਲੈ ਕੇ ਆਉਣ। ਬਾਬਾ ਗੁਰਦਿੱਤਾ ਜੀ ਨਾਰੀਅਲ ਅਤੇ ਪੰਜ ਪੈਸੇ ਇਕ ਥਾਲ ਵਿਚ ਰੱਖ ਕੇ ਲਿਆਏ। ਗੁਰੂ ਜੀ ਨੇ ਨਾਰੀਅਲ ਅਤੇ ਪੈਸਿਆਂ ਨੂੰ ਛੁਹਿਆ ਫਿਰ ਸਿਰ ਝੁਕਾਇਆ ਅਤੇ ਬੋਲੇ, "ਗੁਰੂ ਬਾਬਾ ਬਕਾਲੇ।" ਇਹ ਬਚਨ ਕਰਕੇ ਆਪ ਦੀ ਸਮਾਧੀ ਲੱਗ ਗਈ। ਆਪ ਫਿਰ ਹੋਰ ਕੁਝ ਨਾ ਬੋਲੇ ਤੇ ਸੰਗਤਾਂ ਦੇ ਵੇਖਦੇ ਵੇਖਦੇ ਉਨ੍ਹਾਂ ਦੀ ਜੋਤ ਪ੍ਰਭੂ ਦੀ ਜੋਤ ਵਿਚ ਸਮਾਅ ਗਈ।

ਜਮਨਾ ਦਰਿਆ ਦੇ ਕੰਢੇ ਚੰਦਨ ਦੀ ਚਿਖਾ ਬਣਾ ਕੇ ਗੁਰੂ ਜੀ ਦਾ ਸਸਕਾਰ ਕਰ ਦਿਤਾ ਗਿਆ। ਉਥੇ ਅੱਜਕਲ੍ਹ ਇਕ ਸੁੰਦਰ ਗੁਰਦੁਆਰਾ ਬਣਾਇਆ ਗਿਆ ਹੈ ਜਿਸ ਨੂੰ ਗੁਰਦੁਆਰਾ ਬਾਲਾ ਸਾਹਿਬ ਕਹਿੰਦੇ ਹਨ। ਰਾਜਾ ਜੈ ਸਿੰਘ ਦੇ ਬੰਗਲੇ ਜਿਥੇ ਗੁਰੂ ਜੀ ਜਾ ਕੇ ਠਹਿਰੇ ਸਨ, ਉਥੇ ਗੁਰਦੁਆਰਾ ਬੰਗਲਾ ਸਾਹਿਬ ਹੈ। ਇਨ੍ਹਾਂ ਗੁਰਦੁਆਰਿਆਂ ਦੀ ਸਿੱਖ ਜਗਤ ਵਿਚ ਬਹੁਤ ਮਾਨਤਾ ਹੈ।

ਜਦ ਗੁਰੂ ਗੋਬਿੰਦ ਸਿੰਘ ਜੀ ਨੇ 'ਭਗਉਤੀ ਦੀ ਵਾਰ' ਦਾ ਉਚਾਰਨ ਕੀਤਾ ਤਾਂ ਉਨ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਰੇ ਵਿਸ਼ੇਸ਼ ਤੌਰ ਤੇ ਇਹ ਕੁਝ ਲਿਖਿਆ –

ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸ ਡਿਠੈ ਸਭਿ ਦੁਖਿ ਜਾਇ"

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਇਸ ਅਦੁੱਤੀ ਮਹਾਨਤਾ ਨੂੰ ਮੁੱਖ ਰੱਖ ਕੇ ਜਦ ਵੀ ਕਿਸੇ ਵਿਅਕਤੀ ਉਤੇ ਕੋਈ ਦੁੱਖ ਜਾਂ ਕਸ਼ਟ ਆਉਂਦਾ ਹੈ ਤਾਂ ਗੁਰੂ ਸਾਹਿਬ ਨੂੰ ਧਿਆਉਣ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ।

(ਪੰਨਾ 20 ਦੀ ਬਾਕੀ)

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ ਪੰਨਾ – 922

ਸੋ ਦਿਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਕੇ ਦਿਬ ਇੰਦ੍ਰੇ, ਦਿਬ ਹੋਂਦ ਨੂੰ ਪ੍ਰਤੱਖ ਅਨੁਭਵ ਕਰਦੇ ਹਨ।

(iii) ਵਾਸ਼ਨਾ ਖ੍ਰੈ – ਮਨ ਦੇ ਵਿਚੋਂ ਲੋਕ ਵਾਸ਼ਨਾ, ਪੁੱਤਰ ਵਾਸ਼ਨਾ, ਸ਼ਾਸ਼ਤਰ ਵਾਸ਼ਨਾ, ਦੇਹ ਵਾਸ਼ਨਾ, ਅਲੋਪ ਹੋ ਕੇ ਮਨ ਸ਼ੁਧ ਹੋ ਜਾਇਆ ਕਰਦਾ ਹੈ। ਸੰਸਾਰ ਵਿਚ ਜੀਵਨ ਬਤੀਤ ਕਰਦਿਆਂ ਇਹ ਖਿਆਲ ਕਦੇ ਵੀ ਨਹੀਂ ਆਉਂਦਾ ਕਿ ਲੋਕ ਮੇਰੀ ਉਸਤਤ ਕਰਨ ਅਤੇ ਮੈਨੂੰ ਭਲਾ-ਭਲਾ ਕਹਿਣ। ਇਹ ਲੋਕ ਵਾਸ਼ਨਾ ਧਾਰਨੀ ਪੂਰਨ ਮੂਰਖਤਾ ਹੈ ਕਿਉਂਕਿ ਕਦੇ ਵੀ ਕਿਸੇ ਪ੍ਰਾਣੀ ਨੂੰ ਸਾਰੇ ਭਲਾ ਨਹੀਂ ਕਿਹਾ ਕਰਦੇ। ਸੋ ਇਹ ਸਾਰੀਆਂ ਵਾਸ਼ਨਾਵਾਂ ਨਾਸ਼ ਹੋ ਕੇ ਗਿਆਨ ਦੀ ਪੂਰੀ ਤਰ੍ਹਾਂ ਰਾਖੀ ਕਰਦੀਆਂ ਹਨ। ਸੋ ਗਿਆਨ ਦੀ ਰੱਖਿਆ ਵਾਸਤੇ ਉਪਰ ਕਥੇ ਸਾਧਨਾਂ ਰਾਹੀਂ ਗਿਆਨ, ਆਪਣਾ ਆਤਮਾ ਹੋ ਜਾਂਦਾ ਹੈ, ਤਦੋਂ ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਹੋ ਕੇ ਆਪ ਹੀ ਆਪਣੇ ਵਿਚ ਮਗਨ ਹੋ ਜਾਂਦਾ ਹੈ। ਕਰਮ, ਉਪਾਸ਼ਨਾ, ਗਿਆਨ ਨੂੰ ਲੰਘ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰਕੇ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਜੀਵਨ ਨਿਰਭੈ, ਨਿਸ਼ਕਾਮ ਅਤੇ ਰਾਗ ਤੋਂ ਰਹਿਤ ਹੋ ਕੇ ਪ੍ਰਮ ਅਨੰਦ ਵਿਚ ਸਦਾ ਹੀ ਲੀਨ ਰਹਿੰਦਾ ਹੈ। ਐਸੇ ਗਿਆਨਵਾਨ ਪੁਰਸ਼ਾਂ ਦੀ ਸੰਗਤ ਅਤਿਅੰਤ ਉਚੇ ਭਾਗ ਜਾਗਣ, ਤਾਂ ਹੋਇਆ ਕਰਦੀ ਹੈ।

ਜ਼ਰੂਰੀ ਸੂਚਨਾ

ਸੰਗਤਾਂ ਦੇ ਚਰਨਾਂ ਵਿਚ ਨਿੰਮਰ ਬੇਨਤੀ ਹੈ ਕਿ 'ਆਤਮ ਮਾਰਗ' ਲਈ ਜਾਂ ਗੁਰਦਵਾਰਾ ਸਾਹਿਬ ਜਾਂ ਵਿਸ਼ਵ ਗੁਰਤਿ ਰੂਹਾਨੀ ਮਿਸ਼ਨ ਦੇ ਕਿਸੇ ਕਾਰਜ ਹਿਤ ਮਾਇਆ ਦੇਣ ਸਮੇਂ ਰਸੀਦ ਜ਼ਰੂਰ ਪ੍ਰਾਪਤ ਕਰੋ ਜੀ।

ਚਉਥੈ ਪਹਰਿ ਸਬਾਹ ਕੈ

ਸੁਰਤਿਆ ਉਪਜੈ ਚਾਉ

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਐਸੇ ਭੁਲਾਉਣ ਵਾਲੇ ਕਲਜੁਗ ਦੇ ਸਮੇਂ ਦੇ ਅੰਦਰ ਹਰੀ ਦਾ ਜਸ ਪ੍ਰਾਪਤ ਹੋ ਜਾਣਾ ਤੇ ਇਸ ਦੇ ਵਿਚ ਪੰਜੇ ਬਿਰਤੀਆਂ ਇਕਾਗਰਤਾ ਦੇ ਘਰ ਵਿਚ ਆ ਕੇ ਨਿਰੁੱਧ ਵਿਚ ਪਹੁੰਚ ਜਾਣਾ ਬਹੁਤ ਵੱਡੀ ਦੇਣ ਹੈ। ਕੋਈ ਪਿਛਲੇ ਪੁੰਨ ਕਰਮ ਜਾਗੇ ਨੇ ਜਿਸ ਦੇ ਕਰਕੇ ਹਰੀ ਦਾ ਜਸ ਸਾਨੂੰ ਪ੍ਰਾਪਤ ਹੁੰਦਾ ਹੈ। ਗੁਰੂ ਮਹਾਰਾਜ ਜੀ ਨੇ ਜੋ ਹੁਕਮਨਾਮਾ ਸਾਨੂੰ ਸੁਣਾਇਆ ਹੈ ਉਸ ਦੇ ਸਮਝਣ ਦੇ ਵਿਚ ਕੋਈ ਔਖ ਨਹੀਂ ਆਉਂਦੀ, ਬਹੁਤ ਸੁਖਾਲੇ ਅੱਖਰ ਵਰਤੇ ਨੇ ਉਸ ਵਿਚ ਤੇ ਇਸ ਦੇ ਉਤੇ ਜ਼ੋਰ ਦਿਤਾ ਹੈ ਕਿ ਹੇ ਵਾਹਿਗੁਰੂ! ਮੈਂ ਪ੍ਰਮੇਸ਼ਰ ਦਾ ਨਾਮ ਜਪ ਜਪ ਕੇ ਇਕ ਲੋਚਾ ਦੇ ਵਿਚ ਆਇਆ ਹਾਂ, ਇਕ ਮੇਰੇ ਮਨ ਲੋਚਾ ਉਠੀ ਹੈ, ਸਾਰੇ ਫੁਰਨੇ ਖਤਮ ਕਰਨ ਤੋਂ ਬਾਅਦ ਇਕ ਮੇਰਾ ਫੁਰਨਾ, ਇਕ ਮੇਰੀ ਇੱਛਾ ਹੈ ਜਿਸ ਨੂੰ ਮੈਂ ਪੂਰੀ ਕਰਾਉਣ ਵਾਸਤੇ ਤੇਰੇ ਚਰਨਾਂ ਦੇ ਵਿਚ ਅਤਿ ਨਿਮਰਤਾ ਦੇ ਨਾਲ ਬੇਨਤੀ ਕਰਦਾ ਹਾਂ। ਉਹ ਇਹ ਹੈ ਕਿ ਮੈਨੂੰ ਉਨ੍ਹਾਂ ਪਿਆਰਿਆਂ ਦੀ ਜਿਹੜੇ ਤੇਰਾ ਨਾਮ ਜਪ ਕੇ, ਤੇਰਾ ਰੂਪ ਬਣ ਗਏ ਨੇ, ਉਨ੍ਹਾਂ ਦੇ ਚਰਨਾਂ ਦੀ ਮੈਨੂੰ ਧੂੜੀ ਬਖਸ਼ ਦੇਹ, ਹੋਰ ਮੇਰੀ ਕੋਈ ਇੱਛਾ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਵਿਚ ਤੇ ਪ੍ਰਮੇਸ਼ਰ ਦੇ ਵਿਚ ਕੋਈ ਫਰ ਨਹੀਂ ਹੋਇਆ ਕਰਦਾ –

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥
ਪੰਨਾ – 667

ਉਹ ਹਰੀ ਦਾ ਰੂਪ ਬਣ ਜਾਂਦੇ ਨੇ। ਸਾਡੇ ਜੋ ਗਿਆਨ ਦੇ ਚਕਸ਼ੂ ਬੰਦ ਨੇ, ਅੱਖਾਂ ਅੰਨ੍ਹੀਆਂ ਨੇ ਉਨ੍ਹਾਂ ਅੱਖਾਂ ਦੇ ਵਿਚ ਕ੍ਰਿਪਾ ਕਰਕੇ ਗਿਆਨ ਦਾ ਸੁਰਮਾ ਪਾ ਕੇ ਸਾਡੇ ਨੇਤਰ ਖੋਲ੍ਹ ਦੇਹ, ਨੇਤਰ ਖੋਲ੍ਹਣ ਦੇ ਨਾਲ ਪਤਾ ਲੱਗ ਜਾਂਦਾ ਹੈ ਅਸਲੀਅਤ ਦਾ ਕਿ ਅਸਲੀਅਤ ਕੀ ਹੈ। ਮਹਾਰਾਜ ਕਹਿੰਦੇ ਹਨ ਕਿ ਅਸੀਂ ਤਾਂ ਅੰਨ੍ਹੇ ਹੋਏ ਹੋਏ ਸੰਸਾਰ ਦੇ ਵਿਚੋਂ ਲੰਘ ਰਹੇ ਹਾਂ। ਅੰਮ੍ਰਿਤ ਦੀ ਥਾਂ ਤੇ ਵਿਹੁ ਦੇ ਭੰਡਾਰੇ ਇਕੱਠੇ ਕਰ ਕਰ ਕੇ ਜਮ੍ਹਾ ਕਰ ਰਹੇ ਹਾਂ। ਇਨ੍ਹਾਂ ਵਿਹੁ ਦੇ ਭੰਡਾਰਿਆਂ ਨੇ ਕੀ ਸਾਡਾ ਹਾਲ ਕਰਨਾ ਹੈ? ਕਿਸ ਤਰ੍ਹਾਂ ਦੇ ਨਾਲ ਅਸੀਂ ਦੁਖੀ ਹੋਵਾਂਗੇ ਤੇ ਸਾਨੂੰ ਇਹ ਪਛਾਣ ਨਹੀਂ ਆਈ ਕਿ ਵਿਹੁ ਕਿਹੜੀ ਚੀਜ਼ ਹੈ ਤੇ ਅੰਮ੍ਰਿਤ ਕਿਹੜੀ ਚੀਜ਼ ਹੈ। ਜੋ ਅੱਖਾਂ ਸਾਡੇ ਕੋਲ ਨੇ ਉਹ ਵਿਹੁ ਨੂੰ ਪਸੰਦ ਕਰਦੀਆਂ ਨੇ, ਬਿਖਿਆ ਦੇ ਜੰਜਾਲਾਂ ਨੂੰ ਪਸੰਦ ਕਰਦੀਆਂ ਨੇ ਤੇ ਅਨੁਭਵ ਦੀ ਅੱਖ ਨਾ ਹੋਣ ਕਰਕੇ, ਦੁਨਿਆਵੀ ਅੱਖਾਂ ਤਾਂ ਦੁਨਿਆਵੀ ਚੀਜ਼ਾਂ ਨੂੰ ਦੇਖਦੀਆਂ ਨੇ। ਇਕ ਉਹ ਅੰਨ੍ਹੀ ਅੱਖ ਹੈ ਜਿਸ ਨੂੰ ਰੋਸ਼ਨੀ ਦੇ ਵਿਚ ਦਿਸਦਾ ਨਹੀਂ, ਹਨ੍ਹੇਰੇ ਵਿਚ ਦਿਸਦਾ ਹੈ ਉਹ ਹੈ ਬੁੱਧੀ ਦੀ ਅੱਖ। ਉਹ ਹਨ੍ਹੇਰੇ ਵਿਚ ਦੇਖਣ ਵਾਲੀ ਜੋ ਅੱਖ ਹੈ ਉਸ ਨੂੰ ਅੰਮ੍ਰਿਤ ਨਜ਼ਰ ਨਹੀਂ ਆਉਂਦਾ। ਨਾ ਨਜ਼ਰ ਆਉਣ ਕਰਕੇ ਉਹ ਵਿਹੁ ਦੇ ਜੰਜਾਲ ਇਕੱਠੇ ਕਰ ਰਹੀ ਹੈ। ਸੋ ਐਸੀ ਅਵਸਥਾ ਗੁਰੂ ਮਹਾਰਾਜ ਨੇ ਕਹੀ ਹੈ ਕਿ ਹੇ ਪ੍ਰਭੂ! ਆਪ ਹੀ ਦੱਸੋ ਕ੍ਰਿਪਾ ਕਰਕੇ ਕਿਉਂਕਿ ਸਾਡੇ ਵਿਚ ਤਾਂ ਬਿਲਕੁਲ ਉਲਟ ਅਵਸਥਾ ਹੋ ਗਈ। ਇਕ ਤਾਂ ਸਾਡੇ ਕੋਲ ਅੱਖ ਨਹੀਂ, ਉਹ ਨੇਤਰ ਨਹੀਂ ਜਿਸ ਦੇ ਨਾਲ ਅਸੀਂ ਦੇਖ ਸਕੀਏ। ਦੂਸਰਾ ਸਾਡੇ ਕੋਲ ਪਹਿਚਾਣ ਨਹੀਂ ਹੈ ਕਿ ਅੰਮ੍ਰਿਤ ਕੀ ਹੈ ਤੇ ਵਿਹੁ ਕੀ ਹੈ ਤੇ ਫੇਰ ਅਸੀਂ ਵਿਹੁ ਦੇ ਨਾਲ ਐਨਾ ਪਿਆਰ ਪਾ ਲਿਆ ਹੈ ਕਿ ਰੱਤੇ ਗਏ। ਚਾਹੀਦਾ ਤਾਂ ਸੀ ਪਿਆਰ ਪ੍ਰਮੇਸ਼ਰ ਦੇ ਨਾਲ ਲੇਕਿਨ ਸਾਡਾ ਪਿਆਰ ਵਿਹੁ ਦੇ ਨਾਲ ਪੈ ਗਿਆ ਉਹ ਵੀ ਐਨਾ ਪੈ ਗਿਆ। ਜਿਸ ਤਰ੍ਹਾਂ ਆਦਮੀ ਅਫੀਮ ਖਾਣ ਲੱਗ ਗਿਆ, ਨਸ਼ਾ ਖਾਣ ਲੱਗ ਗਿਆ, ਉਹ ਨਸ਼ਾ ਖਾਂਦਾ ਖਾਂਦਾ ਐਸੀ ਅਵਸਥਾ ਵਿਚ ਚਲਿਆ ਜਾਂਦਾ ਹੈ ਕਿ ਨਸ਼ੇ ਦੇ ਟੀਕੇ ਲਾਉਣੇ ਸ਼ੁਰੂ ਕਰ ਦਿੰਦਾ ਹੈ। ਇਕ ਇਕ, ਦੋ ਦੋ, ਚਾਰ ਚਾਰ, ਅੱਠ ਅੱਠ, ਦੱਸ ਦੱਸ ਕਿਉਂਕਿ ਉਹ ਰੱਤਿਆ ਗਿਆ ਉਸ ਦੇ ਅੰਦਰ, ਉਸ ਦਾ ਕੋਈ ਇਲਾਜ ਨਹੀਂ ਹੈ ਉਸ ਦਾ ਸਾਰਾ ਖੂਨ ਜਿਹੜਾ ਹੈ ਉਹ ਵਿਹੁ ਦਾ ਬਣ ਗਿਆ। ਜੇ ਜ਼ਹਿਰ ਉਸ ਦੇ ਅੰਦਰ ਜਾਂਦੀ ਹੈ ਤਾਂ ਉਸ ਦੀ ਮਸ਼ੀਨ ਚਲਦੀ ਹੈ ਜੇ ਨਹੀਂ ਜਾਂਦੀ ਤਾਂ ਉਹ ਖਤਮ ਹੋ ਜਾਂਦਾ ਹੈ। ਆਹੀ ਹਾਲ ਸਾਡੇ ਹੋ ਗਿਆ ਮਹਾਰਾਜ ਜੀ ਕਹਿੰਦੇ –

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥
ਪੰਨਾ – 667

ਵਿਹੁ ਵਿਚ ਰੱਤੇ ਹੋਏ ਅੰਨ੍ਹੇ ਕਿਵੇਂ ਗੁਰੂ ਦੀ ਚਾਲ ਨੂੰ ਸਮਝ ਸਕੀਏ ਤੇ ਕਿਸ ਤਰ੍ਹਾਂ ਦੇ ਨਾਲ ਗੁਰੂ ਦੀ ਚਾਲ ਤੇ ਚੱਲੀਏ। ਇਹੀ ਵੱਡੀ ਮੁਸ਼ਕਲ ਹੈ ਜਿਸਨੂੰ ਮਹਾਰਾਜ ਜੀ ਫੁਰਮਾ ਰਹੇ ਨੇ ਕਿ ਐ ਪਿਆਰਿਓ! ਕਾਲ ਦਾ ਨਹੀਂ ਪਤਾ ਕਿ ਕਿਹੜੇ ਵੇਲੇ ਆ ਕੇ ਝਪਟਾ ਮਾਰੇ, ਉਡੀਕ ਨਾ ਕਰੋ ਕਿ ਫਲਾਣੇ ਵੇਲੇ ਨਾਮ ਜਪਾਂਗੇ, ਨੌਕਰੀਓਂ ਵਿਹਲੇ ਹੋ ਰੇ ਨਾਮ ਜਪਾਂਗੇ, ਮੁੰਡੇ ਵਿਆਹੁਣ ਤੋਂ ਬਾਅਦ ਫੇਰ ਕਿਤੇ

ਇਕਾਂਤ ਵਿਚ ਬਹਿ ਕੇ ਨਾਮ ਜਪਾਂਗੇ। ਕਹਿੰਦੇ ਆਹ ਸਮਾਂ ਨਹੀਂ ਆਉਣਾ, ਕੀ ਪਤਾ ਹੈ –

ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲ੍ਹੀ॥

ਪੰਨਾ – 667

ਸ਼ਾਇਦ ਅੱਜ ਹੀ ਚਲੇ ਜਾਈਏ। ਜੇ ਅੱਜ ਨਾ ਗਏ ਤਾਂ ਕੱਲ੍ਹ ਦਾ ਵੀ ਕੋਈ ਪਤਾ ਨਹੀਂ ਹੈ। ਜਾਣਾ ਹੀ ਜਾਣਾ ਹੈ ਸੰਸਾਰ ਦੇ ਉਤੇ ਰਹਿਣਾ ਨਹੀਂ ਹੈ। ਸੋ ਇਸ ਕਰਕੇ ਜਲਦੀ, ਕਾਹਲੀ ਦੇ ਨਾਲ, ਵੇਗ ਚੱਲੋ, ਵੇਗ ਚੱਲੋ ਕਹਿੰਦੇ ਨੇ ਬਹੁਤ ਤੇਜ਼ੀ ਦੇ ਨਾਲ ਚੱਲੋ, ਸੁਸਤੀ ਨਾ ਕਰੋ, ਨੱਠਣ ਦੀ ਨੌਬਤ ਤੱਕ ਚੱਲੋ। ਕਹਿੰਦੇ ਛੇਤੀ ਸੇਵਾ ਕਰ ਲਓ ਵਾਹਿਗੁਰੂ ਦੀ। ਵਾਹਿਗੁਰੂ ਦੀ ਸੇਵਾ ਕਰਨਾ ਉਸ ਦਾ ਨਾਮ ਜਪਣਾ ਹੋਇਆ ਕਰਦਾ ਹੈ। ਸੋ ਜਲਦੀ ਤੋਂ ਜਲਦੀ ਤੁਸੀਂ ਉਸ ਦੇ ਨਾਮ ਵਿਚ ਰੱਤੇ ਜਾਓ ਤਾਂ ਕਿ ਤੁਹਾਡੀ ਜੋ ਅੱਖ ਬੰਦ ਹੋਈ ਹੋਈ ਹੈ ਉਹ ਖੁਲ੍ਹ ਜਾਵੇ ਤੇ ਤੁਹਾਨੂੰ ਅਸਲੀਅਤ ਦਾ ਪਤਾ ਲਗ ਜਾਵੇ। ਸੋ ਇਹ ਮੁਸ਼ਕਿਲਾਂ ਨੇ ਜੋ ਮਹਾਰਾਜ ਜੀ ਨੇ ਇਥੇ ਪ੍ਰਗਟ ਕਰੀਆ ਨੇ।

ਸੋ ਇਹ ਜੋ ਨੇਤਰ ਬੰਦ ਹੈ, ਕਿੰਨਾ ਜ਼ਬਰਦਸਤ ਬੰਦ ਹੈ, ਉਹ ਆਹ ਅੱਖ ਨਹੀਂ ਹੈ ਪ੍ਰਾਕ੍ਰਿਤੀ ਦੀ – ਇਸ ਦੇ ਵਿਚ ਦੇਖਣ ਵਾਲੀ ਵੀ ਹੋਰ ਚੀਜ਼ ਹੈ, ਅੱਖ ਵੀ ਹੋਰ ਹੈ। ਵਿਸ਼ਵਾਸ਼ ਦੀ ਅੱਖ ਸਾਡੇ ਕੋਲ ਨਹੀਂ ਹੈ, ਭਰੋਸੇ ਦੀ, ਯਕੀਨ ਦੀ, ਗਿਆਨ ਦੇ ਨੇਤਰ ਸਾਡੇ ਕੋਲ ਨਹੀਂ ਹਨ, ਵਿਚਾਰ ਦਾ ਰਤਨ ਸਾਡੇ ਕੋਲ ਨਹੀਂ ਹੈ ਤੇ ਅਸੀਂ ਉਨ੍ਹਾਂ ਚੀਜ਼ਾਂ ਦੇ ਨਾਲ ਬਾਰ-ਬਾਰ ਪਰਚਦੇ ਹਾਂ ਜਿਨ੍ਹਾਂ ਨੂੰ ਅਸੀਂ ਛੱਡ ਜਾਣਾ ਹੈ। ਜਿਨ੍ਹਾਂ ਦੇ ਵਿਚ ਸਾਡੇ ਬਜ਼ੁਰਗ ਵੀ, ਉਨ੍ਹਾਂ ਦੇ ਬਜ਼ੁਰਗ ਅਤੇ ਉਨ੍ਹਾਂ ਦੇ ਵੀ ਬਜ਼ੁਰਗ ਹਾਰ ਹਾਰ ਕੇ ਸੰਸਾਰ ਤੋਂ ਗਏ ਨੇ, ਉਸੇ ਗੱਲ ਦੇ ਵਿਚ ਅਸੀਂ ਲੱਗ ਜਾਂਦੇ ਹਾਂ। ਓਹੀ ਪੈਦਾ ਹੋਣਾ, ਪੜ੍ਹਨਾ ਲਿਖਣਾ ਤੇ ਵੱਡੇ ਹੋ ਜਾਣਾ। ਫੇਰ ਨੌਕਰੀਆਂ ਚਾਕਰੀਆਂ ਕਰਨੀਆਂ, ਵਿਆਹ ਕਰਾ ਲੈਣਾ, ਬੱਚੇ ਹੋ ਜਾਣੇ, ਬੱਚੇ ਪਾਲਣੇ। ਗੁਰੂ ਸਾਹਿਬ ਇਕ ਪਾਸੇ ਆਵਾਜ਼ ਦੇਈ ਜਾਂਦੇ ਨੇ ਤੇਰਾ ਸਾਥ ਕਿਸੇ ਨੇ ਨਹੀਂ ਦੇਣਾ, ਖਬਰਦਾਰ ਹੋ ਤੂੰ, ਜਿਨ੍ਹਾਂ ਦੇ ਵਿਚ ਤੂੰ ਰਚਿਆ ਪਿਆ ਹੈਂ ਇਨ੍ਹਾਂ ਨੇ–

ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥

ਪੰਨਾ – 656

ਇਨ੍ਹਾਂ ਨੇ ਪਾਣੀ ਵੀ ਨਹੀਂ ਤੈਨੂੰ ਦੇਣਾ। ਇਕ ਪ੍ਰੇਮੀ ਮੇਰੇ ਕੋਲ ਆਇਆ ਉਸ ਤੋਂ ਪੁਛਿਆ ਕਿ ਫਲਾਣੇ ਸਿੰਘ ਦਾ ਕੀ ਹਾਲ ਹੈ, ਕਹਿਣ ਲੱਗਿਆ, "ਜੀ! ਉਸ ਦਾ? ਮੈਂ ਕਿਹਾ ਉਸ ਨੇ ਤਾਂ ਬੜੀ ਕਮਾਈ ਕਰੀ ਹੈ, ਜ਼ਿੰਦਗੀ ਭਰ ਬੜੀ ਮਿਹਨਤ ਕਰੀ ਹੈ।

ਕਹਿਣ ਲੱਗਿਆ, "ਜੀ! ਮੈਂ ਉਸ ਦੇ ਕੋਲ ਚਲਿਆ ਗਿਆ, ਖੇਤ ਵਿਚ ਰਹਿੰਦਾ ਹੈ ਉਹ। ਦੂਰੋਂ ਹੀ ਮੈਨੂੰ ਦੇਖ ਕੇ ਅਵਾਜ਼ ਮਾਰੀ। ਜਦੋਂ ਮੈਂ ਕੋਲ ਗਿਆ ਤੇ ਪੁਛਿਆ ਕੀ ਹਾਲ ਹੈ ਤਾਂ ਕਹਿੰਦਾ ਹਾਲ ਤਾਂ ਫੇਰ ਪੁੱਛੀਂ, ਮੈਨੂੰ ਇਕ ਗਲਾਸ ਪਾਣੀ ਦਾ ਲਿਆ ਦੇ। ਕਹਿੰਦਾ ਮੈਂ ਹੈਰਾਨ ਹੋ ਗਿਆ ਕਿ ਦੋ ਨੂੰਹਾਂ ਨੇ, ਦੋ ਮੁੰਡੇ ਨੇ, ਲੜਕੀ ਆਈ ਹੋਈ ਹੈ, ਘਰਵਾਲੀ ਕੋਲ ਹੈ ਤੇ ਉਨ੍ਹਾਂ ਦੇ ਬਾਲ-ਬੱਚੇ ਨਿੱਕੇ ਕੋਲ ਨੇ, ਖੇਡਦੇ ਫਿਰਦੇ ਨੇ, ਕੋਈ ਚੌਥੀ ਵਿਚ ਹੈ, ਕੋਈ ਪੰਜਵੀਂ ਵਿਚ ਹੈ ਫੇਰ ਵਜ੍ਹਾ ਕੀ ਹੈ ਮੈਥੋਂ ਪਾਣੀ ਕਿਉਂ ਮੰਗਦਾ ਫਿਰਦਾ ਹੈਂ।

ਕਹਿੰਦਾ, "ਮੈਂ ਉਸ ਨੂੰ ਕਿਹਾ ਕੀ ਗੱਲ ਪ੍ਰੇਮੀਆਂ, ਤਾਂ ਉਹ ਰੋਣ ਲਗ ਗਿਆ ਤੇ ਕਹਿਣ ਲੱਗਿਆ ਕਿ ਮੈਂ ਪਾਣੀ ਮੰਗ ਰਿਹਾ ਹਾਂ ਸਵੇਰ ਦਾ ਤੇ ਮੈਨੂੰ ਕੋਈ ਪਾਣੀ ਨਹੀਂ ਦੇ ਰਿਹਾ, ਇਕ ਗਿਲਾਸ ਘੜੇ ਵਿਚੋਂ। ਸਾਰੀ ਜ਼ਿੰਦਗੀ ਮੈਂ ਇਨ੍ਹਾਂ ਦੇ ਉਤੇ ਲਾ ਦਿਤੀ ਤੇ ਐਨਾ ਇਨ੍ਹਾਂ ਦਾ ਝੁਕਾਓ ਕਰੜਾ ਹੋ ਗਿਆ ਕਿ ਮੈਨੂੰ ਇਕ ਗਿਲਾਸ ਪਾਣੀ ਦਾ ਨਹੀਂ ਦਿਤਾ, ਕ੍ਰਿਪਾ ਕਰ ਜੇ ਤੂੰ ਆ ਜਾਇਆ ਕਰੇਂ ਤਾਂ ਮੈਨੂੰ ਪਾਣੀ ਤਾਂ ਪਿਲਾ ਜਾਇਆ ਕਰੇਂ, ਹੋਰ ਤਾਂ ਨਹੀਂ, ਮੈਂ ਬਿਮਾਰ ਪਿਆ ਹਾਂ।

ਉਸ ਦੀ ਹਾਲਤ ਸੁਣ ਕੇ ਮੇਰੇ ਮਨ ਵਿਚ ਬੜਾ ਅਸਰ ਹੋਇਆ। ਮੈਂ ਕਿਹਾ ਦੇਖੋ ਬੜੀ ਮਿਹਨਤ ਕਰਿਆ ਕਰਦਾ ਸੀ, ਜਵਾਨੀ ਵਿਚ ਮੈਂ ਉਸ ਨੂੰ ਜਾਣਦਾ ਸੀ। ਮਹਾਰਾਜ ਜੀ ਕਹਿੰਦੇ ਆਹ ਹਾਲ ਹੁੰਦੇ ਹੋਏ ਫੇਰ ਆਦਮੀ ਪ੍ਰਮੇਸ਼ਰ ਨਾਲ ਪਿਆਰ ਨਹੀਂ ਕਰਦਾ, ਜਦੋਂ ਕਰਦਾ ਹੈ ਦੂਜੀ ਚੀਜ਼ ਨਾਲ ਪਿਆਰ ਕਰਦਾ ਹੈ, ਵਿਹੁ ਦੇ ਜੰਜਾਲ ਇਕੱਠੇ ਕਰਨੇ ਸ਼ੁਰੂ ਕਰੇ ਹੋਏ ਨੇ, ਨਿੰਦਿਆ ਦੇ, ਚੁਗਲੀ ਦੇ, ਈਰਖਾ ਦੇ, ਵਾਸ਼ਨਾਵਾਂ ਦੇ। ਸਾਰੀ ਜ਼ਿੰਦਗੀ ਵਾਸ਼ਨਾਵਾਂ ਦੇ ਵਿਚ ਲੰਘ ਜਾਂਦੀ ਹੈ, ਭਜਨ ਕਰਾਂਗੇ ਤਾਂ ਸਾਡੀ ਵਾਸ਼ਨਾ ਨਹੀਂ ਹਟਦੀ, ਕੀਰਤਨ ਕਰਾਂਗੇ ਮਨ ਸੁੱਧ ਨਹੀਂ ਹੁੰਦਾ, ਨੇਤਰਾਂ ਨੂੰ ਅਸੀਂ ਰੋਕ ਨਹੀਂ ਸਕਦੇ, ਬੜੀਆਂ ਵਿਚਾਰਾਂ ਆਉਂਦੀਆਂ ਨੇ, ਫੁਰਨੇ ਆਉਂਦੇ ਨੇ, ਭਜਨ ਹੁੰਦਾ ਹੈ, ਨਾਮ ਜਪਦੇ ਹਾਂ। ਕਹੇ ਕਹਾਏ ਤੇ ਨਾਮ ਜਪਦੇ ਹਾਂ ਲੇਕਿਨ ਜਿਹੜੇ ਵਿਹੁ ਦੇ ਜਾਲ ਸਾਡੇ ਆਲੇ-ਦੁਆਲੇ ਪਏ ਹੋਏ ਨੇ ਤੇ ਵਿਹੁ ਇਕੱਠੀ ਕਰੀ ਹੋਈ ਹੈ ਉਹ ਸਾਡੀ ਪੇਸ਼ ਨਹੀਂ ਜਾਣ ਦਿੰਦੀ। ਸੋ ਮਹਾਰਾਜ ਜੀ ਕਹਿੰਦੇ ਗੁਰੂ ਦੀ ਚਾਲੀ ਕਿਵੇਂ ਚੱਲਾਂਗੇ? ਬੜੀ ਮੁਸ਼ਕਲ ਬਾਤ ਹੈ ਗੁਰੂ ਦੀ ਤਾਂ ਇਕੋ ਬਾਤ ਨਹੀਂ ਮੰਨ ਹੁੰਦੀ ਤੇ ਮਹਾਰਾਜ ਜੀ ਦਸਦੇ ਨੇ ਕਿ 'ਚਾਲੀ' ਕੀ ਹੈ ਕਿ ਸੰਸਾਰ ਨੂੰ ਸਮਝੋ ਪਹਿਲਾਂ, ਜੋ ਗੁਰੂ ਸਮਝਦਾ ਹੈ ਉਹ ਸਮਝੋ ਕਿਉਂਕਿ ਜਦੋਂ ਅਸੀਂ ਗੁਰੂ ਮੰਨ ਲਿਆ ਤਾਂ ਗੁਰੂ ਦੀ ਜੋ ਮੱਤ ਹੈ ਜਿਸ ਨੂੰ ਗੁਰਮਤਿ ਕਹਿੰਦੇ ਨੇ, ਉਹ ਸਾਨੂੰ ਹਿਰਦੇ ਵਿਚ ਧਾਰਨੀ ਪੈਣੀ ਹੈ, ਨਹੀਂ ਤਾਂ ਸਾਡੇ ਛੁਟਕਾਰਾ ਕਿਸੇ ਤਰੀਕੇ ਨਾਲ ਨਹੀਂ ਹੋ ਸਕਦਾ ਕਿਉਂਕਿ ਮੱਤਾਂ ਬੇਅੰਤ ਨੇ। ਕਿਤਾਬਾਂ ਲਿਖਣ ਵਾਲਿਆਂ ਦੀਆਂ ਬੜੀਆਂ ਮੱਤਾਂ ਨੇ ਕਦੇ ਕੋਈ ਕਿਤਾਬ, ਕਦੇ ਕੋਈ ਕਿਤਾਬ। ਸਿਵਾਏ ਸਤਿਪੁਰਸ਼ਾਂ ਦੇ ਜਿੰਨੇ ਵੀ ਬੰਦੇ ਕਿਤਾਬਾਂ ਲਿਖਣ ਵਾਲੇ ਨੇ ਉਹ ਹਨ੍ਹੇਰੇ ਵਿਚ ਹੋਣ ਕਰਕੇ ਟੋਹ ਕੇ ਲਿਖਦੇ ਨੇ, ਦੇਖ ਕੇ ਨਹੀਂ ਲਿਖਦੇ। ਅੰਨ੍ਹਾ ਦੇਖ ਕੇ ਨਹੀਂ ਟੋਹ ਕੇ ਲਿਖਦਾ ਹੈ। ਉਸ ਦੀ ਵਿਚਾਰ ਸਹੀ ਨਹੀਂ ਹੋਇਆ ਕਰਦੀ। ਜੇ ਹਾਥੀ

ਦੇ ਬਾਰੇ ਅੰਨ੍ਹਾ ਦੱਸੇਗਾ ਤਾਂ ਉਹ ਕੋਈ ਸਹੀ ਅੰਦਾਜ਼ਾ judement ਨਹੀਂ ਲਾ ਸਕਦਾ। ਉਹ ਕਹੇਗਾ ਸ਼ਾਇਦ ਥੰਮ ਜਿਹਾ ਹੈ, ਚਾਰ ਥੰਮ ਹੁੰਦੇ ਨੇ, ਥੱਲੇ ਉਪਰ ਹੱਥ ਨਹੀਂ ਜਾਂਦਾ, ਸੁੰਡ ਨੂੰ ਫੜ ਨਹੀਂ ਸਕਦਾ ਕਿਉਂਕਿ ਪੂਰਾ ਗਿਆਨ ਨਹੀਂ ਹੈ, ਪੂਰਾ ਗਿਆਨ ਨਾ ਹੋਣ ਕਰਕੇ ਜਿੰਨੀ ਕੁ ਟੋਹ ਲੱਗੀ, ਜਿੰਨੀ ਕੁ ਬੁੱਧੀ ਹੈ, ਬੁੱਧੀ ਅੰਨ੍ਹੀ ਹੈ, ਇਸ ਨਾਲ ਉਹ ਕਿਤਾਬਾਂ ਲਿਖਦੇ ਹਨ ਉਹ ਕਿਤਾਬਾਂ ਬੰਦਿਆਂ ਨੂੰ ਭੁਲੇਖਿਆਂ ਵਿਚ ਪਾਉਂਦੀਆਂ ਨੇ – ਚਾਹੇ ਇਤਿਹਾਸ ਹੋਵੇ, ਸਾਹੇ ਕਿਸੇ ਨੇ ਕੋਈ ਹੋਰ ਪੁਸਤਕ ਲਿਖੀ ਹੋਵੇ। ਜਿਸ ਨੇ ਸਤਿ ਪੁਰਖ ਨੂੰ ਨਹੀਂ ਜਾਣਿਆ ਉਸ ਦੇ ਨੇਤਰ ਅੰਨ੍ਹੇ ਨੇ, ਅੰਨਾ ਹੈ ਉਹ, ਉਸ ਦਾ ਲਿਖਿਆ ਹੋਇਆ ਵੀ ਸਾਰਾ ਅੰਨ੍ਹਾ ਹੈ, ਉਸ ਦਾ ਗਾਇਆ ਹੋਇਆ ਵੀ ਅੰਨ੍ਹਾ ਹੈ, ਉਸ ਦੇ ਭਾਸ਼ਣ ਦਿਤੇ ਹੋਏ ਵੀ ਅੰਨ੍ਹੇ ਨੇ ਉਸ ਦੀਆਂ ਗੱਲਾਂ ਕੀਤੀਆਂ ਹੋਈਆਂ ਵੀ ਅੰਨ੍ਹੀਆਂ ਨੇ। ਸੋ ਅਸੀਂ ਤਾਂ ਹਨ੍ਹੇਰੇ ਵਿਚ ਫਸ ਗਏ ਤੇ ਗੁਰੂ ਦੀ ਚਾਲ ਦਾ ਸਾਨੂੰ ਪਤਾ ਨਹੀਂ ਲਗਦਾ ਕਿ ਕਿਵੇਂ ਅਸੀਂ ਚੱਲੀਏ ਉਸ ਚਾਲ ਦੇ ਉਤੇ, ਹੇ ਵਾਹਿਗੁਰੂ! ਤੂੰ ਹੀ ਕ੍ਰਿਪਾ ਕਰ, ਸਾਨੂੰ ਆਪਣੇ ਪੱਲੇ ਲਾ ਲੈ, ਚਰਨਾਂ ਨਾਲ ਲਾ ਲੈ, ਸਾਨੂੰ ਨੇਤਰ ਬਖਸ਼ ਦੇਹ ਜਿਨ੍ਹਾਂ ਨਾਲ ਅਸੀਂ ਦੇਖ ਲਈਏ ਕਿ ਗੁਰੂ ਕਿਵੇਂ ਚਲਦਾ ਹੈ। ਸੋ ਗੁਰੂ ਦੀ ਜੋ ਚਾਲ ਹੈ ਉਹ ਸਾਡੀ ਸਮਝ ਵਿਚ ਨਹੀਂ ਆਉਂਦੀ, ਨਾ ਸਾਡੇ ਵਿਸ਼ਵਾਸ਼ ਵਿਚ ਆਉਂਦੀ ਹੈ।

ਗੁਰੂ ਇਹ ਕਹਿੰਦਾ ਹੈ ਕਿ ਪਿਆਰਿਓ! ਇਸ ਸੰਸਾਰ ਵਿਚ ਤੁਹਾਨੂੰ ਜੋ ਕੁਝ ਵੀ ਨਜ਼ਰ ਆਉਂਦਾ ਹੈ, ਜਿੰਨਾ ਵੀ ਤੁਸੀਂ ਦੇਖਦੇ ਹੋ, ਜੋ ਤੁਹਾਡਾ ਆਲਾ ਦੁਆਲਾ ਹੈ, ਉਹ ਸਮੁੱਚਾ ਜਦੋਂ ਤੁਸੀਂ ਦੇਖਦੇ ਹੋ ਤਾਂ ਸਾਰਾ ਹੀ ਪ੍ਰਮੇਸ਼ਰ ਹੈ ਇਥੇ, ਹੋਰ ਕੋਈ ਹੈ ਨਹੀਂ –

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਪੰਨਾ – 1

ਲੇਕਿਨ ਬਾਵਜੂਦ ਇਸ ਦੇ ਉਹ ਇਹ ਗੱਲ ਕਹਿੰਦੇ ਨੇ –

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
(ਜਾਪੁ ਸਾਹਿਬ)

ਇਕ ਮੂਰਤ ਨੇ ਅਨੇਕ ਦਰਸ਼ਨਾਂ ਵਿਚ ਪ੍ਰਗਟ ਹੋ ਕੇ ਬੇਅੰਤ ਰੂਪ ਪ੍ਰਗਟ ਕਰ ਲਏ ਜਿਨ੍ਹਾਂ ਵਿਚ ਚੰਗੇ ਵੀ ਨੇ, ਮੰਦੇ ਵੀ ਨੇ, ਦੁਅੰਧ ਪਾ ਦਿਤੀ, ਬੁੱਧੀ ਦੇ ਅੰਦਰ, ਵਿਚਾਰ ਪਾ ਦਿਤੀ ਕਿ ਇਹ ਚੰਗੇ ਨੇ, ਇਹ ਮੰਦੇ ਨੇ। ਜਦੋਂ ਬੁੱਧੀ ਤੋਂ ਉਪਰ ਹੋ ਜਾਂਦਾ ਹੈ ਤਾਂ ਮਹਾਰਾਜ ਜੀ ਕਹਿੰਦੇ ਫੇਰ ਇਹ ਦਵੰਦ ਖਤਮ ਹੋ ਜਾਇਆ ਕਰਦੀ ਹੈ, ਨਾ ਕੋਈ ਚਿੰਤਾ ਨਾ ਕੁਝ ਹੋਰ।

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ॥ ਪੰਨਾ – 610

ਜਿਸਨੂੰ ਪਛਾਣ ਆ ਗਈ ਉਸ ਦੇ ਵਾਸਤੇ ਕੋਈ ਵੀ ਨਹੀਂ ਮੰਦਾ, ਜੇ ਕੋਈ ਕਹਿੰਦਾ ਹੈ ਤਾਂ ਇਹ ਕਹਿੰਦਾ ਹੈ–

ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪੰਨਾ – 728

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥
ਪੰਨਾ – 991

ਕਹਿੰਦੇ ਮੈਂ ਹੀ ਮੰਦਾ ਹਾਂ ਬਾਕੀ ਸਾਰਾ ਸੰਸਾਰ ਭਲਿਆਂ ਦਾ ਹੈ ਕਿਉਂਕਿ ਉਸ ਦੀ ਦ੍ਰਿਸ਼ਟੀ ਦੇ ਵਿਚ ਫਰਕ ਪੈ ਗਿਆ। ਬੁੱਧੀਵਾਨ ਕਹੇਗਾ ਕਿ ਇਸ ਦੀ ਨਿਰਣਾ ਸ਼ਕਤੀ ਗਲਤ ਹੋ ਗਈ, ਮੰਨਣ ਵਾਲੀ ਨਹੀਂ ਹੈ, ਬੁਰੇ ਬੁਰੇ ਹੀ ਹੁੰਦੇ ਹਨ ਲੇਕਿਨ ਦੂਜੇ ਦੀ ਦ੍ਰਿਸ਼ਟੀ ਇਹ ਹੁੰਦੀ ਹੈ ਕਿ ਇਹ ਤਾਂ ਇਕ ਖੇਲ੍ਹ ਰਚਿਆ ਜਾ ਰਿਹਾ ਹੈ। ਕਰਮਾਂ ਦੇ ਹਿਸਾਬ ਨਾਲ ਜੀਵ ਆਪਣੇ ਖੇਲ੍ਹ ਖੇਲ੍ਹਦੇ ਨੇ –

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥
ਪੰਨਾ – 433

ਇਹ ਤਾਂ ਜੋ ਕੁਝ ਹੋ ਰਿਹਾ ਹੈ ਹੁਕਮ ਦੇ ਅੰਦਰ ਹੀ ਹੋ ਰਿਹਾ ਹੈ –

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਪੰਨਾ – 1

ਸੋ ਜੋ ਗੁਰੂ ਦੀ ਦ੍ਰਿਸ਼ਟੀ ਹੈ, ਜੋ ਗੁਰੂ ਦੀ ਮਤਿ ਹੈ ਜੋ ਗੁਰੂ ਦੀ ਚਾਲ ਹੈ ਉਸ ਅਨੁਸਾਰ ਅਸੀਂ ਨਹੀਂ ਚਲ ਸਕਦੇ। ਸਾਡੇ ਵਾਸਤੇ ਦੁਸ਼ਮਣ ਨੇ, ਬਿਗਾਨੇ ਨੇ, ਅਸੀਂ ਵੈਰੀ ਨੂੰ ਹਿਰਦੇ ਵਿਚ ਧਾਰਨ ਕਰਕੇ ਰਖਦੇ ਹਾਂ ਵਾਹਿਗੁਰੂ ਦੀ ਥਾਂ ਦਿੰਦੇ ਹਾਂ ਉਸਨੂੰ। ਜੋ ਸਾਡਾ ਨੁਕਸਾਨ ਕਰਦਾ ਹੈ ਉਸ ਦਾ ਸਾਡੇ ਹਿਰਦੇ ਵਿਚ ਖਾਸ ਥਾਂ ਹੈ, ਉਹ ਬੈਠਾ ਹੈ ਤੇ ਅੰਦਰ ਸਾਡੇ ਨੁਕਸਾਨ ਕਰ ਰਿਹਾ ਹੈ। ਇਹ ਥਾਂ ਨਾ ਅਸੀਂ ਗੁਰੂ ਨੂੰ ਦਿੰਦੇ ਹਾਂ ਤੇ ਨਾ ਵਾਹਿਗੁਰੂ ਨੂੰ ਦਿੰਦੇ ਹਾਂ, ਗੁਰੂ ਤੇ ਪ੍ਰਮੇਸ਼ਰ ਇਕ ਨੇ। ਗੁਰੂ ਸਾਡੇ ਹਿਰਦੇ ਵਿਚ ਵਸੇ। ਸਾਨੂੰ ਕੁਝ ਵੀ ਨਹੀਂ ਆਉਂਦਾ ਕਿਉਂਕਿ ਪਹਿਲਾਂ ਤਾਂ ਵਸਦਾ ਹੀ ਨਹੀਂ ਹੈ, ਜੇ ਵਸੇ ਤਾਂ ਸਾਰੀਆਂ ਖੁਸ਼ੀਆਂ, ਸਾਰੇ ਅਨੰਦ ਉਸੇ ਵੇਲੇ ਪ੍ਰਾਪਤ ਹੋ ਜਾਂਦੇ ਹਨ। ਉਸੇ ਵੇਲੇ ਝਰਨਾਹਟ ਹੋਣੀ ਸ਼ੁਰੂ ਹੋ ਜਾਏਗੀ ਕਿਉਂਕਿ ਸਾਡੇ ਅੰਦਰ ਗੁਰੂ ਵਸ ਗਿਆ। ਸਾਡੇ ਅੰਦਰ ਵੈਰੀ ਵਸਦਾ ਹੈ, ਜਦੋਂ ਵੀ ਯਾਦ ਆਏਗਾ ਅੰਦਰੋਂ ਨਫਰਤ ਦੇ ਵਰੋਲੇ ਉਠਣਗੇ, ਬੁਰੇ ਖਿਆਲ ਆਉਣਗੇ ਕਿਉਂਕਿ ਵਸਦਾ ਹੈ ਉਹ ਚੰਗੀ ਤਰ੍ਹਾਂ ਨਾਲ, ਉਸ ਨੇ ਥਾਂ ਲਿਆ ਹੋਇਆ ਹੈ ਸਾਡੇ ਅੰਦਰ, ਅਸੀਂ ਓਸ ਨੂੰ ਕੱਢ ਨਹੀਂ ਸਕਦੇ ਬਾਹਰ ਤੇ ਮਜ਼ਬੂਰ ਹੋਏ ਪਏ ਹਾਂ। ਮਹਾਰਾਜ ਕਹਿੰਦੇ ਕਿਉਂਕਿ ਗਲਤ ਗੱਲਾਂ ਵਿਚ ਪਿਆ ਹੋਇਆ ਹੈ –

ਜਬ ਧਾਰੈ ਕੋਊ ਬੈਰੀ ਮੀਤੁ॥
ਤਬ ਲਗੁ ਨਿਹਚਲੁ ਨਾਹੀ ਚੀਤੁ॥ ਪੰਨਾ – 278

ਜਦੋਂ ਤਕ ਤੇਰਾ ਚਿੱਤ ਨਿਹਚਲ ਨਹੀਂ ਹੁੰਦਾ ਓਨੀਂ ਦੇਰ ਤਕ ਤੂੰ ਦਵੰਦ ਦੇ ਵਿਚ ਹੈਂ।

ਜਬ ਲਗੁ ਮੋਹ ਮਗਨ ਸੰਗਿ ਮਾਇ॥ ਪੰਨਾ – 278

ਜਿੰਨੀ ਦੇਰ ਤਕ ਤੂੰ ਮੋਹ ਤੇ ਮਾਇਆ ਦੇ ਵਿਚ ਮਗਨ ਹੈਂ, ਪ੍ਰਮੇਸ਼ਰ ਵਲ ਤੇਰੀ ਬਿਰਤੀ ਗਈ –

ਤਬ ਲਗੁ ਧਰਮੁ ਰਾਇ ਦੇਇ ਸਜਾਇ॥ ਪੰਨਾ – 278

ਕਹਿੰਦੇ ਪਿਆਰਿਆ! ਤੈਨੂੰ ਨਹੀਂ ਥਾਂ ਮਿਲਣੀ ਦਰਗਾਹ ਦੇ ਵਿਚ। ਪਿਛੋਂ ਅਰਦਾਸਾਂ ਕਰਾਏਂਗਾ ਕਿ ਸੱਚੇ ਪਾਤਸ਼ਾਹ! ਸੱਚਖੰਡ 'ਚ ਥਾਂ ਦੇ ਦਿਓ। ਨਾ ਅਰਦਾਸ ਕਰਨ ਵਾਲੇ ਨੂੰ ਪਤਾ ਹੈ ਕਿ ਸਚਖੰਡ ਕਿਥੇ ਹੈ ਤੇ ਨਾ ਇਸ ਦੇ ਭਾਵ ਦਾ ਪਤਾ ਕਿ ਮੈਂ ਕਹਿ ਕੀ ਰਿਹਾ ਹਾਂ, ਗੁਰੂ ਮੰਨ ਲਏਗਾ ਜਾਂ ਨਹੀਂ। ਗੁਰੂ ਵੀ ਓਹੀ ਗੱਲ ਮੰਨੇਗਾ ਪਹਿਲਾਂ ਹੱਕਦਾਰ ਬਣ। ਫੇਰ ਗੁਰੂ ਤੇਰੀ ਬਾਤ ਮੰਨੇਗਾ। ਐਵੇਂ ਨਹੀਂ ਹੈ ਕਿ ਗੱਲਾਂ ਕਰੀ ਜਾਈਏ। ਜਿਹੜੀ ਬਾਤ ਕਰਦਾ ਹੈ ਉਹ ਵੀ ਹਿਰਦੇ ਵਿਚੋਂ ਨਹੀਂ ਕਰਦਾ, ਅੱਖਰ ਰਟੇ ਹੋਏ ਨੇ ਉਨ੍ਹਾਂ ਦੇ ਨਾਲ ਤੂੰ ਬਾਤ ਕਰ ਰਿਹਾ ਹੈਂ। ਸੋ ਏਸ ਤਰ੍ਹਾਂ ਦੇ ਨਾਲ ਸਾਨੂੰ ਪਤਾ ਨਾ ਹੋਣ ਕਰਕੇ ਅਸੀਂ ਸੰਸਾਰ ਦੇ ਵਿਚੋਂ ਅੰਨ੍ਹੇ ਦੇ ਅੰਨ੍ਹੇ ਤੁਰੇ ਜਾਂਦੇ ਹਾਂ, ਗੁਰੂ ਦੀ ਚਾਲ ਤੇ ਅਸੀਂ ਚੱਲ ਨਹੀਂ ਸਕਦੇ। ਗੁਰੂ ਸਾਨੂੰ ਇਸ ਰਸਤੇ ਤੇ ਚੱਲਣ ਵਾਸਤੇ ਨੁਕਤਾ ਦਸਦਾ ਹੈ ਕਿ –

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਪੰਨਾ – 305

ਹਰੀ ਦੇ ਨਾ ਦਾ ਧਿਆਨ ਕਰੇ।

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ....॥
ਪੰਨਾ – 305

ਇਥੋਂ ਤੱਕ ਦੀ ਗੱਲ ਅਸੀਂ ਸਮਝ ਜਾਂਦੇ ਹਾਂ ਕਿ ਉਠ ਕੇ ਇਨਸਾਨ ਕਰੇ –

.... ਅੰਮ੍ਰਿਤ ਸਰਿ ਨਾਵੈ॥ ਪੰਨਾ – 305

ਦੀ ਬਾਤ ਨੂੰ ਸਮਝ ਨਹੀਂ ਆਉਂਦੀ ਕਿਉਂਕਿ ਅਸੀਂ ਬਾਹਰਲੀਆਂ ਚੀਜ਼ਾਂ ਦਾ ਨਾ ਵੀ ਅੰਮ੍ਰਿਤਸਰ ਰੱਖਿਆ ਹੋਇਆ ਹੈ। ਮਹਾਰਾਜ ਜੀ ਕਹਿੰਦੇ ਜੋ ਅੰਮ੍ਰਿਤ ਦਾ ਸਰੋਵਰ ਹੈ, ਉਹ ਲਬਾ-ਲਬ ਤੇਰੇ ਅੰਦਰ ਭਰਿਆ ਪਿਆ ਹੈ –

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ
ਮਨਮੁਖਾ ਸਾਦੁ ਨ ਪਾਇਆ॥ ਪੰਨਾ – 644

ਨਹੀਂ ਪਤਾ ਲਗਦਾ ਮਨ ਦੇ ਪਿਛੇ ਲੱਗਣ ਵਾਲੇ ਨੂੰ ਕਿ ਮੇਰੇ ਅੰਦਰ ਇਕ ਅੰਮ੍ਰਿਤ ਦਾ ਸਰੋਵਰ ਹੈ ਉਸ ਨੂੰ ਆਤਮ ਤੀਰਥ ਕਹਿੰਦੇ ਨੇ ਜਿਸ ਥਾਂ ਤੇ ਜਾ ਕੇ ਸੱਚ ਦੀ ਪਹਿਚਾਣ ਹੋ ਜਾਂਦੀ ਹੈ –

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ....॥ ਪੰਨਾ – 468

ਆਪਣੇ ਆਪ ਨਹੀਂ, ਸਤਿਗੁਰੂ ਤੋਂ ਪੁੱਛ, ਜੁਗਤ ਪੁਛ –

.... ਬਹਿ ਰਹੈ ....॥
ਪੰਨਾ – 468

ਫੇਰ ਉਥੋਂ ਹਿੱਲੀਂ ਨਾ, ਉਥੇ ਹੀ ਤੂੰ ਆਪਣਾ ਘਰ ਬਣਾ ਲੈ –

.... ਕਰੇ ਨਿਵਾਸੁ॥ ਪੰਨਾ – 468

ਫੇਰ ਤੈਨੂੰ ਸੱਚ ਦੀ ਪਛਾਣ ਹੋ ਜਾਏਗੀ। ਸੋ ਅੰਮ੍ਰਿਤ ਦਾ ਜੋ ਸਰੋਵਰ ਤੇਰੇ ਅੰਦਰ ਭਰਿਆ ਪਿਆ ਹੈ ਉਸ ਦੇ ਵਿਚ ਤੂੰ ਇਸ਼ਨਾਨ ਕਰ। ਫੇਰ ਸਾਡਾ ਖਿਆਲ ਹੋ ਜਾਂਦਾ ਹੈ ਕਿ ਪਾਣੀ ਵਾਲਾ ਚਾਰ ਕੋਨਿਆਂ ਵਾਲਾ ਕੋਈ ਜ਼ਰੂਰ ਸਾਡੇ ਅੰਦਰ ਥਾਂ ਹੈ ਜਿਥੇ ਅਸੀਂ ਨਹਾਉਣਾ ਹੈ। ਮਹਾਰਾਜ ਜੀ ਕਹਿੰਦੇ, ਭੁਲੇਖਾ ਨਾ ਖਾਹ –

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਪੰਨਾ – 538

ਇਹ ਅੰਮ੍ਰਿਤ ਪ੍ਰਮੇਸ਼ਰ ਦਾ ਨਾਮ ਹੈ। ਇਹ ਤੈਨੂੰ ਗੁਰੂ ਦੀ ਮਤਿ ਧਾਰਨ ਕਰਨ ਤੋਂ ਬਾਅਦ ਮਿਲੇਗਾ। ਜਦੋਂ ਤਕ ਤੂੰ ਆਪਣੀ ਮਤਿ ਰਖਦਾ ਹੈਂ, ਤੇਰੇ ਅੰਦਰ ਆਪਣੇ ਖਿਆਲ ਉਠਦੇ ਨੇ, ਤੂੰ ਅਜੇ ਹੁਕਮ ਵਿਚ ਇਕ ਸੁਰ ਨਹੀਂ ਹੁੰਦਾ, ਜਦੋਂ ਤਕ ਤੇਰੇ ਅੰਦਰ ਹਾਲਾਤ ਦਾ ਅਸਰ ਪੈਂਦਾ ਹੈ ਤੇ ਚੰਗਾ ਤੇ ਮਾੜਾ ਤੇਰੇ ਅੰਦਰ ਅਸਰ ਆਉਂਦਾ ਹੈ ਉਨੀਂ ਦੇਰ ਤਕ ਤੂੰ ਗੁਰੂ ਦੀ ਮਤਿ ਨਹੀਂ ਧਾਰੀ। ਜਦੋਂ ਤੂੰ ਗੁਰੂ ਦੀ ਮਤਿ ਧਾਰਨ ਕਰ ਲਏਂਗਾ ਫੇਰ ਤੈਨੂੰ ਪ੍ਰਮੇਸ਼ਰ ਦਾ ਹੁਕਮ ਪਿਆਰਾ ਲੱਗਣ ਲਗ ਜਾਣਾ ਹੈ। ਜੋ ਕੁਝ ਵੀ ਵਰਤਦਾ ਹੈ ਚਾਹੇ ਚੰਗਾ ਵਰਤਦਾ ਹੈ, ਚਾਹੇ ਬੁਰਾ, ਸਭ ਹੁਕਮ ਵਿਚ ਹੈ –

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਪੰਨਾ – 757

ਦੁੱਖ ਦੇ ਵਿਚ ਬਾਗੀ ਨਹੀਂ ਹੁੰਦਾ, ਸੁੱਖ ਦੇ ਵਿਚ ਆਫਰਦਾ ਨਹੀਂ, ਸੋ ਮਹਾਰਾਜ ਜੀ ਕਹਿੰਦੇ ਜਦੋਂ ਤੈਨੂੰ ਹੁਕਮ ਪਿਆਰਾ ਲੱਗਣ ਲਗ ਜਾਏਗਾ–

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥ ਪੰਨਾ – 275

ਉਸ ਵੇਲੇ ਤੈਨੂੰ ਜੀਵਨ ਦਾ ਆਨੰਦ ਆ ਜਾਏਗਾ।

ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥ ਪੰਨਾ – 275

ਖੁਸ਼ੀ ਤੇ ਗਮੀ ਤੇਰੀ ਬਰਾਬਰ ਹੋ ਜਾਏਗੀ। ਸਦਾ ਹੀ ਅਨੰਦ ਵਿਚ ਰਹੇਂਗਾ, ਕਦੇ ਤੈਨੂੰ ਢਹਿੰਦੀ ਕਲਾ ਨਹੀਂ ਆਏਗੀ –

ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਪੰਨਾ – 275

ਸੋਨੇ ਨੇ ਤੈਨੂੰ ਮੋਹਣਾ ਨਹੀਂ ਹੈ, ਖਿੱਚਣਾ ਨਹੀਂ ਹੈ, ਮਿੱਟੀ ਤੋਂ ਤੈਨੂੰ ਨਫਰਤ ਨਹੀਂ ਹੋਏਗੀ, ਇਕੋ ਜਿਹਾ ਜਾਣੇਗਾ ਤੂੰ ਦੋਹਾਂ ਨੂੰ –

ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥
ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥
ਪੰਨਾ – 275

ਸੋ ਇਹ ਗੁਰੂ ਦੀ ਚਾਲੀ ਹੈ। ਗੁਰੂ ਜੋ ਰਸਤਾ ਸਾਨੂੰ ਦਸਦਾ ਹੈ ਕਿ ਅੰਮ੍ਰਿਤ ਜੋ ਹੈ ਉਹ ਤੇਰੇ ਅੰਦਰ ਹੀ ਪਿਆ ਹੈ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਪੰਨਾ - 538

ਇਸ ਅੰਮ੍ਰਿਤ ਦੇ ਵਿਚ ਅਸੀਂ ਇਸ਼ਨਾਨ ਕਰਨਾ ਹੈ। ਇਸ਼ਨਾਨ ਨੇ ਕਰਨਾ ਕੀ ਹੈ? ਕਹਿੰਦੇ ਜਿਹੜੀ ਤੇਰੇ ਅੰਦਰ ਜ਼ਹਿਰ ਇਕੱਠੀ ਹੋ ਗਈ ਇਹ ਬਿਨਸ ਜਾਣੀ ਹੈ -

ਬਿਨਸਿ ਜਾਇ ਹਉਮੈ ਬਿਖੁ ਫੈਲੁ॥ ਪੰਨਾ - 289

ਜਿਹੜੀ ਵਿਹੁ ਫੈਲ ਗਈ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਤੇ ਤੇਰੇ ਸੂਖਸ਼ਮ ਸਰੀਰ ਦੇ ਕਣ ਕਣ ਵਿਚ ਤੇ ਕਾਰਨ ਸਰੀਰ ਦੇ ਸਾਰੇ ਵਜੂਦ ਵਿਚ ਰਚੀ ਹੋਈ ਹੈ। ਤਿੰਨਾਂ ਹੀ ਸਰੀਰਾਂ ਵਿਚ। ਇਸ ਸਾਰੀ ਦੀ ਸਾਰੀ ਜ਼ਹਿਰ ਨੂੰ ਇਸ ਅੰਮ੍ਰਿਤ ਨੇ ਲਾਹ ਦੇਣਾ ਹੈ ਇਸ ਦੇ ਵਿਚ ਇਹ ਸ਼ਕਤੀ ਹੈ -

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ - 538

ਇਸ ਅੰਮ੍ਰਿਤ ਦੀ ਜੇਕਰ ਤੈਨੂੰ ਪ੍ਰਾਪਤੀ ਹੋ ਗਈ ਤਾਂ ਇਹ ਵਿਹੁ ਲਹਿ ਜਾਏਗੀ। ਸੋ ਤੂੰ ਇਸ ਦੇ ਵਿਚ ਰੋਜ਼ ਇਸ਼ਨਾਨ ਕਰ -

ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ - 305

ਸਰੋਵਰ ਤੇਰੇ ਅੰਦਰ ਨਕੋ-ਨੱਕ ਭਰਿਆ ਪਿਆ ਹੈ, ਉਹ-

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਪੰਨਾ - 293

ਨੌਂ ਨਿੱਧੀਆਂ ਵਾਲਾ ਸਾਰੀਆਂ ਸ਼ਕਤੀਆਂ ਦਾ ਮਾਲਕ ਉਹ ਪ੍ਰਮੇਸ਼ਰ ਦਾ ਨਾਮ ਹੈ। ਉਸ ਦਾ ਬਿਸਰਾਮ ਸਰੀਰ ਵਿਚ ਹੈ -

ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਪੰਨਾ - 293

ਇਹ ਦੇਹੀ ਵਿਚ ਰਹਿੰਦਾ ਹੈ। ਹੁਣ ਨਿਸ਼ਾਨੀ ਦੱਸ ਦਿੰਦੇ ਹਾਂ। ਜਦੋਂ ਤੂੰ ਚਿੱਤ ਬਿਰਤੀ ਨੂੰ ਇਕਾਗਰ ਕਰੇਂਗਾ, ਇਕਾਗਰ ਕਰਕੇ ਚੌਥੀ ਬਿਰਤੀ ਦੇ ਵਿਚ ਜਿਸ ਨੂੰ ਇਕਾਗਰਤਾ ਕਹਿੰਦੇ ਨੇ। ਇਸ ਤੋਂ ਬਾਅਦ ਤੂੰ ਲੀਨਤਾ ਵਿਚ ਚਲਿਆ ਜਾਏਂਗਾ, ਲੀਨ ਹੋ ਜਾਏਂਗਾ ਜਿਸਨੂੰ ਨਿਰੁੱਧ ਕਹਿੰਦੇ ਨੇ। ਨਿਰੁੱਧ ਤੋਂ ਬਾਅਦ ਤੈਨੂੰ ਲਿਸ਼ਕਾਰੇ ਵੱਜਣਗੇ, ਰੌਸ਼ਨੀ ਤੇਰੇ ਅੰਦਰ ਪ੍ਰਗਟ ਹੋਏਗੀ, ਉਸ ਵੇਲੇ ਤੂੰ ਉਸ ਦੇ ਵਿਚ ਲੀਨ ਹੋ ਜਾਏਂਗਾ ਜਿਸ ਨੂੰ ਆਤਮ ਵਿਸ਼ੈਣੀ ਬੁੱਧੀ ਕਹਿੰਦੇ ਨੇ, ਉਨਮਨ ਦਾ ਮੰਡਲ ਕਹਿੰਦੇ ਨੇ -

ਅਬ ਮਨੁ ਉਲਟਿ ਸਨਾਤਨੁ ਹੂਆ॥ ਪੰਨਾ - 327

ਜੋ ਉਹ sphere (ਮੰਡਲ) ਹੈ ਉਸ ਦੇ ਵਿਚ ਤੇਰਾ ਦਾਖਲਾ ਹੋ ਜਾਏਗਾ ਫੇਰ ਤੇਰੀ ਅੱਖ ਖੁਲ੍ਹ ਜਾਏਗੀ, ਉਥੇ ਅਨੰਦ ਕਿੰਨਾ ਹੈ?

ਸੁੰਨ ਸਮਾਧਿ ਅਨਹਤ ਤਹ ਨਾਦ॥ ਪੰਨਾ - 293

ਉਸ ਥਾਂ ਦੇ ਉਤੇ ਕੋਈ ਫੁਰਨਾ ਨਹੀਂ ਹੈ। ਮਹਾਨ ਰਸ ਹੈ ਉਸ ਸਥਾਨ ਦੇ ਉਤੇ ਜਿਸ ਰਸ ਨੂੰ ਕੋਈ ਦੱਸ ਹੀ ਨਹੀਂ ਸਕਦਾ ਕਿ ਕਿੰਨਾ ਆਨੰਦ ਹੈ ਤੇ ਅਨਹਦ ਨਾਦ ਹੈ ਓਸ ਥਾਂ ਦੇ ਉਤੇ, ਬ੍ਰਹਿਮੰਡੀ ਸੰਗੀਤ ਹੈ, ਆਤਮਕ ਸੰਗੀਤ ਹਰ ਵਕਤ ਚਲਦਾ ਹੈ। ਉਸ ਦੀਆਂ ਤਰਬਾਂ ਆਪਣੇ ਆਪ ਹਿੱਲ ਕੇ ਝਰਨ੍ਹਾਟਾਂ ਪੈਦਾ ਕਰਦੀਆਂ ਹਨ ਤੇਰੀ ਦੇਹੀ ਦੇ ਅੰਦਰ, ਕਣ ਕਣ ਦੇ ਅੰਦਰ ਰਸ ਭਰ ਦਿੰਦੀਆਂ ਹਨ ਤੇ ਉਸ ਰਸ ਦੇ ਬਾਰੇ ਜੇ ਕੋਈ ਤੈਨੂੰ ਪੁੱਛੇ ਤਾਂ ਤੂੰ ਕਹਿ ਨਹੀਂ ਸਕਦਾ -

ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥ ਪੰਨਾ - 293

ਜਿਹੜਾ ਤਰਲੇ ਲੈਂਦਾ ਹੈ, ਬੇਨਤੀਆਂ ਕਰਦਾ ਹੈ, ਜਿਸ ਦੀ ਇਕੋ ਹੀ ਲੋਚਾ ਰਹਿ ਗਈ ਹੈ ਕਿ ਹੇ ਪ੍ਰਭੂ! ਤੂੰ ਕ੍ਰਿਪਾ ਕਰ, ਸੱਚੇ ਦਿਲੋਂ ਜਿਸ ਦੇ ਅੰਦਰੋਂ ਲੋਚਾ ਨਿਕਲਦੀ ਹੈ ਕਿ ਹੇ ਪ੍ਰਭੂ! ਤੂੰ ਮੈਨੂੰ ਉਨ੍ਹਾਂ ਦਾ ਮਿਲਾਪ ਤਾਂ ਕਰਾ ਦੇਹ-

ਜਿਨ ਹਰਿ ਜਪਿਆ ਸੇ ਹਰਿ ਹੋਏ ....॥
ਪੰਨਾ - 667

ਜਿਹੜੇ ਰੱਬ ਦਾ ਰੂਪ ਬਣੇ ਹੋਏ ਨੇ ਉਨ੍ਹਾਂ ਦੇ ਚਰਨਾਂ ਦੀ ਧੂੜੀ ਹੀ ਦਵਾ ਦੇ, ਇਕ ਨਿਗ੍ਹਾ ਉਨ੍ਹਾਂ ਦੀ ਸਾਡੇ ਉਤੇ ਪੈ ਜਾਵੇ, ਇਕ ਨਿਗ੍ਹਾ ਪੈਣ ਦੇ ਨਾਲ ਸਾਡਾ ਉਧਾਰ ਹੋ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਸਾਨੂੰ ਕਹਿੰਦੇ ਨੇ ਕਿ ਅਸੀਂ ਤਾਂ ਅੰਨ੍ਹੇ ਹਾਂ, ਅੰਨ੍ਹੇ ਹੋਏ ਹੋਏ ਸਾਨੂੰ ਗਿਆਨ ਨਹੀਂ ਹੈ। ਗੁਰੂ ਕਹਿੰਦਾ ਹੈ ਕਿ ਤੇਰੇ ਆਲੇ ਦੁਆਲੇ ਚਾਰੇ ਪਾਸੇ -

ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥
ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥
(ਅਕਾਲ ਉਸਤਤਿ)

ਉਹ ਤੇਰੇ ਆਲੇ-ਦੁਆਲੇ ਫੈਲੀ ਹੋਈ ਜੋਤ, ਉਸ ਦੇ ਵਿਚ ਤੂੰ ਐਵੇਂ ਰਹਿੰਦਾ ਹੈ ਜਿਵੇਂ ਸਮੁੰਦਰ ਵਿਚ ਮੱਛੀ ਰਹਿੰਦੀ ਹੈ, ਤਾਰੀਆਂ ਲਾਉਂਦੀ ਹੈ ਲੇਕਿਨ ਤੈਨੂੰ ਪਤਾ ਨਹੀਂ ਲਗਦਾ। ਮੱਛੀ ਨੂੰ ਵਹਿਮ ਹੋ ਗਿਆ ਸਮੁੰਦਰ ਦੀ ਮਹਿਮਾ ਸੁਣ ਕੇ ਕਿ ਮੈਂ ਸਮੁੰਦਰ ਦੇ ਦਰਸ਼ਨ ਕਰਾਂ, ਬੜੇ ਤਰਲੇ ਲਏ, ਬਹੁਤ ਰੋਂਦੀ ਹੈ। ਕਿਸੇ ਅਨੁਭਵੀ ਮਹਾਂਪੁਰਸ਼ ਨੇ ਦੇਖਿਆ ਕਿ ਇਹ ਮੱਛੀ ਤਰਲੇ ਲੈ ਰਹੀ ਹੈ ਕਿ ਮੈਂ ਸਮੁੰਦਰ ਨੂੰ ਮਿਲਾਂ। ਉਸ ਨੇ ਆਵਾਜ਼ ਦਿਤੀ ਕਿ ਜੇ ਤੂੰ ਕਿਨਾਰੇ ਤੇ ਆ ਜਾਵੇ ਤਾਂ ਮੈਂ ਤੈਨੂੰ ਸਮੁੰਦਰ ਨਾਲ ਮਿਲਾ ਸਕਦਾ ਹਾਂ। ਬੜੇ ਚਾਓ ਦੇ ਨਾਲ ਉਹ ਕਿਨਾਰੇ ਤੇ ਚਲੀ ਗਈ। ਕਿਨਾਰੇ ਤੇ ਜਾਣ ਤੋਂ ਬਾਅਦ ਜਿਸ ਵਕਤ ਮਹਾਂਪੁਰਸ਼ ਨੇ ਉਸਨੂੰ ਪਾਣੀ ਤੋਂ ਬਾਹਰ ਕੱਢਿਆ ਤਾਂ ਉਹ ਤੜਫਣ ਲਗ ਗਈ।

ਕਹਿੰਦੀ, "ਮੇਰੀ ਜਾਨ ਗਈ, ਕ੍ਰਿਪਾ ਕਰ।"

ਉਹ ਕਹਿੰਦਾ, "ਤੇਰੀ ਜਾਨ ਗਈ ਕਿਉਂਕਿ ਤੂੰ ਸਮੁੰਦਰ ਵਿਚੋਂ ਬਾਹਰ ਨਿਕਲ ਆਈ।" ਉਸ ਨੇ ਦੁਬਾਰਾ ਸਮੁੰਦਰ ਵਿਚ ਸੁੱਟ ਦਿਤਾ।

ਕਹਿਣ ਲੱਗਿਆ, "ਆਹ, ਜਿਸ ਦੇ ਵਿਚ ਜਾ ਕੇ ਤੂੰ ਜੀਉਂਦੀ ਹੈਂ ਆਹੀ ਸਮੁੰਦਰ ਹੈ। ਸਮੁੰਦਰ ਕਿਥੋਂ ਤੂੰ ਭਾਲਦੀ ਫਿਰਦੀ ਹੈਂ।

ਸੋ ਇਸੇ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਤੇਰੇ ਆਲੇ-ਦੁਆਲੇ, ਜਿਸ ਪ੍ਰਮੇਸ਼ਰ ਨੂੰ ਤੂੰ ਮਿਲਣਾ ਹੈਂ ਉਸ ਦੇ ਵਿਚ ਕੇਵਲ ਤੇਰੀ 'ਮੈਂ' ਸ਼ੰਕਾ ਬਣੀ ਹੋਈ ਹੈ। 'ਮੈਂ' ਦੀ ਢੇਰੀ ਢਾਹ ਦੇਹ, ਜਦੋਂ ਢਹਿ ਜਾਏਗੀ ਤਾਂ -

ਹਉ ਮੂਆ ਖੁਦਾ ਹੂਆ।

ਉਸ ਵੇਲੇ ਤੂੰ ਆਪ ਹੀ ਉਸ ਦਾ ਰੂਪ ਬਣ ਜਾਏਂਗਾ, ਕਿਉਂਕਿ ਹੋਰ ਹੈ ਨਹੀਂ।

ਸੋ ਇਹ ਜੋ ਚਾਲ ਹੈ ਗੁਰੂ ਦੀ ਅਸੀਂ ਇਹ ਇਸ ਕਰਕੇ ਨਹੀਂ ਚੱਲ ਸਕਦੇ ਕਿਉਂਕਿ ਸਾਡੇ ਅੰਦਰ ਹਨ੍ਹੇਰਾ ਹੈ, ਅਸੀਂ ਅੰਨ੍ਹੇ ਹੋਏ ਹੋਏ ਹਾਂ, ਅੰਨ੍ਹੇ ਹੋਏ ਹੋਏ ਦੁਨੀਆਂ ਵਿਚ ਪਰਚੇ ਹੋਏ ਹਾਂ। ਆਹ ਅੱਖ ਸਾਨੂੰ ਧੋਖਾ ਦੇ ਰਹੀ ਹੈ, ਇਹ ਹੋਰ ਕੁਝ ਦੇਖਦੀ ਹੈ, ਵੈਰੀ ਦੇਖਦੀ ਹੈ, ਮਿੱਤਰ ਦੇਖਦੀ ਹੈ, ਆਪਣੇ ਦੇਖਦੀ ਹੈ, ਬੇਗਾਨੇ ਦੇਖਦੀ ਹੈ ਇਸ ਦੇ ਵਿਚ ਬੜਾ ਹੀ ਭਾਰਾ ਦੋਸ਼ ਪਿਆ ਹੋਇਆ ਹੈ। ਇਹ ਅੱਖਾਂ ਜਿਸ ਵਕਤ ਸਾਡੀਆਂ ਬਦਲ ਕੇ ਸੱਚ ਦੇ ਵਿਚ ਤਬਦੀਲ ਹੋ ਜਾਣਗੀਆਂ ਜਿਸਨੂੰ ਗੁਰੂ ਮਹਾਰਾਜ ਜੀ ਨੇ ਕਿਹਾ ਹੈ -

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥
ਪੰਨਾ - 577

ਜਦੋਂ ਉਹ ਅੱਖ ਖੁਲ੍ਹ ਗਈ ਫੇਰ ਅਸੀਂ ਗੁਰੂ ਦੀ ਚਾਲ ਤੇ ਚੱਲ ਸਕਦੇ ਹਾਂ। ਸੋ ਮਹਾਰਾਜ ਜੀ ਕਹਿੰਦੇ ਉਹ ਅੱਖ ਤੇਰੀ ਤਾਂ ਖੁਲ੍ਹਣੀ ਹੈ ਜੇ ਪ੍ਰਮੇਸ਼ਰ ਦੇ ਪਿਆਰਿਆਂ ਦੀ ਤੈਨੂੰ ਧੂੜ ਪ੍ਰਾਪਤ ਹੋ ਜਾਵੇ। ਉਨ੍ਹਾਂ ਤੇ ਫੇਰ ਤੂੰ 100% ਵਿਸ਼ਵਾਸ਼ ਰੱਖ। ਜੋ ਬਚਨ ਉਹ ਕਹਿੰਦੇ ਨੇ ਉਸ ਨੂੰ ਹਿਰਦੇ ਵਿਚ ਧਾਰਨ ਕਰ, ਫੇਰ ਤੇਰੀ ਅੱਖ ਖੁਲ੍ਹ ਜਾਏਗੀ, ਫੇਰ ਤੇਰਾ ਜਿਹੜਾ ਅੰਧੇਰਾ ਹੈ ਮਨ ਦਾ, ਇਹ ਦੂਰ ਹੋ ਜਾਏਗਾ, ਜਿਸਨੂੰ ਨਾ ਕੋਈ ਰੋਸ਼ਨੀ ਦੂਰ ਸਕਦੀ ਹੈ, ਨਾ ਸੂਰਜ, ਨਾ ਚੰਦਰਮਾ, ਨਾ ਤਾਰੇ ਜਿਸਨੂੰ ਸਿਰਫ ਗੁਰੂ ਦੇ ਬਚਨ ਦੂਰ ਕਰ ਸਕਦੇ ਨੇ।

ਸੋ ਅਸੀਂ ਆਉਂਦੇ ਹਾਂ ਸਤਿਸੰਗ ਦੇ ਅੰਦਰ, ਨਿਸ਼ਾਨਾ ਸਾਡਾ ਸ਼ੇਰ ਵਾਲਾ ਹੋਣਾ ਚਾਹੀਦਾ ਹੈ। ਸ਼ੇਰ ਹਮੇਸ਼ਾ ਸਬੰਧਤ ਚੀਜ਼ਾਂ ਤੋਂ ਪਾਰ ਉਸ ਬੰਦੇ ਵਲ ਦੇਖਦਾ ਹੈ ਜਿਹੜਾ ਓਸ ਨੂੰ ਮਾਰਨ ਦੀ ਤਿਆਰੀ ਕਰ ਰਿਹਾ ਹੈ - ਤੀਰ ਕਮਾਣ ਚਲਾ ਰਿਹਾ ਹੈ, ਬਰਛਾ ਮਾਰ ਰਿਹਾ ਹੈ ਜਾਂ ਦੂਰ ਬੈਠ ਕੇ ਗੋਲੀ ਚਲਾ ਰਿਹਾ ਹੈ। ਕੁੱਤੇ ਦੀ ਦ੍ਰਿਸ਼ਟੀ ਹੁੰਦੀ ਹੈ ਵਸਤੂ ਵਲ, ਸ਼ੇਰ ਦੀ ਦ੍ਰਿਸ਼ਟੀ ਕਰਤਾ ਵਲ ਹੁੰਦੀ ਹੈ। ਇਸੇ ਤਰ੍ਹਾਂ ਸਾਰੀ ਸ੍ਰਿਸ਼ਟੀ ਦੇ ਸਿਰੇ ਤੇ ਵਾਹਿਗੁਰੂ ਹੈ ਕਿਉਂਕਿ ਉਹ ਪਹਿਲਾਂ ਆਪ ਹੀ ਸੀ। ਆਪਣੇ ਆਪ ਤੋਂ ਉਸ ਨੇ ਆਪਣਾ ਨਾਉਂ ਪੈਦਾ ਕੀਤਾ-

ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।
ਏਕੰਕਾਰਹੁ ਸਬਦ ਧੁਨਿ ....।
ਭਾਈ ਗੁਰਦਾਸ ਜੀ ਦੀ ਵਾਰ 26/2

ਏਕੰਕਾਰੋਂ ਨਾਮ ਪੈਦਾ ਹੋਇਆ। ਉਹ ਸ਼ਬਦ ਧੁਨ ਜਿਹੜੀ ਹੈ ਉਹ ਸਾਰੇ ਪਰੀਪੂਰਨ ਹੈ।

ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋਹ ਰਹਾ।

ਉਹ ਨਾਮ ਦੀ ਸ਼ਕਤੀ ਇਸ ਧੁਨ ਦੇ ਵਿਚ ਪ੍ਰਗਟ ਹੋਈ, ਉਹ ਨਾਮ ਹੈ ਵਿਆਪਕ ਨਾਮ। ਉਹ ਅੱਖ ਜਦੋਂ ਖੁਲ੍ਹ ਜਾਂਦੀ ਹੈ ਤਾਂ ਸਾਰੇ ਨਾਮ ਹੀ ਨਾਮ ਦਿਸਦਾ ਹੈ ਕਿਉਂਕਿ ਸਾਰੇ ਆਕਾਰ ਨਾਮ ਦੇ ਹੀ ਧਾਰਨ ਕੀਤੇ ਹੋਏ ਨੇ।

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ - 284

ਨਾਮ ਅੰਦਰ ਵੀ ਤੇ ਨਾਮ ਬਾਹਰ ਵੀ। ਹਰ ਥਾਂ ਦੇ ਉਤੇ ਉਹ ਪ੍ਰਮੇਸ਼ਰ ਦਾ ਨਾਮ ਹੈ। ਜਦੋਂ ਸਾਡੀ ਬਿਰਤੀ ਉਸ ਵਿਆਪਕ ਨਾਮ ਦੇ ਵਿਚ ਚਲਦੀ ਜਾਂਦੀ ਹੈ, ਉਸ ਵੇਲੇ ਸਾਡੀ ਅੱਖ ਖੁਲ੍ਹ ਜਾਂਦੀ ਹੈ ਤੇ ਉਸ ਦੀ ਸਾਨੂੰ ਪ੍ਰਾਪਤੀ ਹੋ ਜਾਇਆ ਕਰਦੀ ਹੈ ਜੋ ਜ਼ਿੰਦਗੀ ਦਾ ਉਦੇਸ਼ ਹੈ। ਮਹਾਰਾਜ ਜੀ ਕਹਿੰਦੇ ਹਨ੍ਹੇਰੇ ਵਿਚੋਂ ਉਠੋ। ਹਨ੍ਹੇਰੇ ਵਿਚ ਤੁਹਾਡਾ ਜੀਵਨ ਬਤੀਤ ਹੋ ਗਿਆ। ਹਨ੍ਹੇਰੇ ਨੂੰ ਤੁਸੀਂ ਜੱਫੀਆਂ ਪਾਉਂਦੇ ਹੋ, ਹਨ੍ਹੇਰੇ ਵਲ ਲੋਚਾ ਕਰਦੇ ਹੋ ਤੇ ਚਾਨਣੇ ਵਲ ਜਾਣ ਵਾਸਤੇ ਇਕ ਵੀ ਕਦਮ ਨਹੀਂ ਪੁੱਟਦੇ ਕਿਉਂਕਿ ਤੁਹਾਡੇ ਅੰਦਰ ਅੱਖਾਂ ਨਾ ਹੋਣ ਕਰਕੇ ਤੁਹਾਨੂੰ ਪਤਾ ਹੀ ਨਹੀਂ ਹੈ ਕਿ ਚਾਨਣਾ ਕੀ ਚੀਜ਼ ਹੈ। ਸੋ ਤੁਸੀਂ ਪ੍ਰਕਾਸ਼ ਵਿਚ ਆਓ। ਜੇ ਇਸ ਤਰ੍ਹਾਂ ਦੇ ਨਾਲ ਗੁਰੂ ਦੀ ਮੱਤ ਅਸੀਂ ਧਾਰਨ ਕਰਾਂਗੇ ਤਾਂ ਹੌਲੀ ਹੌਲੀ ਚਲਦੇ-ਚਲਦੇ ਸਤਿਸੰਗ ਸੁਣ ਕੇ ਤੇ ਕਮਾ ਕੇ ਫੇਰ ਹੋ ਸਕਦਾ ਹੈ ਕਿ ਗੁਰੂ ਮਹਾਰਾਜ ਕ੍ਰਿਪਾ ਕਰ ਦੇਣ ਤੇ ਸਾਡੇ ਨੇਤਰਾਂ ਵਿਚ ਪ੍ਰਕਾਸ਼ ਕਰ ਦੇਵੇ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

ਸੰਤ ਤੁਮਾਰੇ ਤੁਮਰੇ ਪ੍ਰੀਤਮ

(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-57)

ਪ੍ਰੋ. ਗੁਰਦੇਵ ਸਿੰਘ

ਜੀਅ ਦਇਆ

ਸੋ ਇਸ ਤਰ੍ਹਾਂ ਨਾਲ ਆਪ ਜੀ ਨੂੰ ਬਹੁਤ ਮਿਹਨਤ, ਮੁਸ਼ੱਕਤ ਕਰਨੀ ਪਈ ਜਿਸ ਵਿਚ ਸਤਿਕਾਰਯੋਗ ਬੀਜੀ ਦਾ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ। ਘਰ ਦਾ ਸਾਰਾ ਕੰਮ ਬੀਜੀ ਦੇ ਜ਼ੁੰਮੇ ਸੀ। ਪਸ਼ੂਆਂ ਦੀ ਸੰਭਾਲ, ਧਾਰਾਂ ਕੱਢਣੀਆਂ, ਖੇਤਾਂ ਵਿਚ ਕੰਮ ਕਰ ਰਹੇ ਕਾਮਿਆਂ ਦੀਆਂ ਲੋੜਾਂ ਦਾ ਖਿਆਲ ਰੱਖਣਾ ਆਦਿ। ਬਾਬਾ ਜੀ ਦੱਸਿਆ ਕਰਦੇ ਸੀ ਕਿ ਸਾਡੇ ਨਾਲ ਕੰਮ ਕਰਕੇ ਕਾਮੇ ਬਹੁਤ ਖੁਸ਼ ਰਹਿੰਦੇ ਸੀ ਤੇ ਜਦੋਂ ਵੀ ਸਾਨੂੰ ਵਢਾਈ, ਬੀਜਾਈ, ਗੁਡਾਈ ਵਾਸਤੇ ਲੋੜ ਪੈਂਦੀ ਤਾਂ ਇਕ ਇਸ਼ਾਰੇ ਨਾਲ ਹੀ ਕਾਮੇ ਆ ਜਾਇਆ ਕਰਦੇ ਸਨ। ਇਸ ਦਾ ਖਾਸ ਕਾਰਨ ਇਹ ਸੀ ਕਿ ਬੀਜੀ ਇਨ੍ਹਾਂ ਕਾਮਿਆਂ ਦੀ ਕੰਮ ਕਰਨ ਦੀ ਰੁਚੀ ਦੇ ਨਾਲ ਨਾਲ ਇਨ੍ਹਾਂ ਦੀ ਧਾਰਮਿਕ ਰੁਚੀ ਦਾ ਵੀ ਖਿਆਲ ਰੱਖਿਆ ਕਰਦੇ ਸੀ। ਅਕਸਰ ਸਾਰੇ ਕਾਮੇ ਇਸਲਾਮ ਮੱਤ ਨਾਲ ਸਬੰਧ ਰੱਖਣ ਵਾਲੇ ਹੁੰਦੇ ਸਨ। ਰੋਜ਼ਿਆਂ ਦੇ ਦਿਨਾਂ ਵਿਚ ਇਨ੍ਹਾਂ ਸਾਰਿਆਂ ਨੂੰ ਘਰ ਬੁਲਾ ਕੇ ਇਨ੍ਹਾਂ ਨੂੰ ਰੋਜ਼ੇ ਰੱਖਣ ਲਈ ਕਿਹਾ ਕਰਦੇ ਸਨ। ਉਨ੍ਹਾਂ ਦੇ ਖਾਣ ਪੀਣ ਦਾ ਖਾਸ ਧਿਆਨ ਰੱਖਦੇ ਸਨ। ਸਾਰਿਆਂ ਲਈ ਉਚੇਚੇ ਤੌਰ ਤੇ ਦੁਧ ਦਾ ਇੰਤਜ਼ਾਮ ਕਰਦੇ ਸਨ ਕਿਉਂਕਿ ਘਰ ਵਿਚ ਦੁੱਧ ਘਿਓ ਦੀ ਕੋਈ ਕਮੀ ਨਹੀਂ ਸੀ। ਇਸ ਤਰ੍ਹਾਂ ਜਦੋਂ ਰੋਜ਼ੇ ਖੋਲ੍ਹਦੇ ਸਨ ਤਾਂ ਉਨ੍ਹਾਂ ਦੇ ਖਾਣ ਵਾਸਤੇ ਖੀਰ ਕੜਾਹ ਆਦਿ ਪਦਾਰਥ ਬਣਾ ਕੇ ਸਭ ਨੂੰ ਪਿਆਰ ਨਾਲ ਛਕਾਉਂਦੇ ਸਨ। ਇਸ ਕਰਕੇ ਸੁਭਾਵਿਕ ਸੀ ਕਿ ਜਿਸ ਤਰ੍ਹਾਂ ਕੰਮ ਕਰਨ ਵਾਲਿਆਂ ਨਾਲ ਇੰਨੀ ਅਪਣੱਤ ਦਿਖਾਈ ਜਾਂਦੀ ਸੀ ਤਾਂ ਫਿਰ ਉਹ ਵੀ ਕੰਮ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ ਸਨ ਤੇ ਸਾਰਾ ਕੰਮ ਆਪਣੇ ਘਰ ਵਾਂਗ ਹੀ ਕਰਿਆ ਕਰਦੇ ਸਨ। ਬਾਬਾ ਜੀ ਤੇ ਬੀਜੀ ਲਈ ਉਨ੍ਹਾਂ ਦੇ ਦਿਲਾਂ ਵਿਚ ਇਕ ਖਾਸ ਤਰ੍ਹਾਂ ਦਾ ਮਾਣ ਤੇ ਸਤਿਕਾਰ ਸੀ। ਇਹੀ ਵਰਤਾਰਾ ਘਰ ਵਿਚ ਰੱਖੇ ਹੋਏ ਮਾਲ ਡੰਗਰ ਨਾਲ ਸੀ, ਉਨ੍ਹਾਂ ਨੂੰ ਸਮੇਂ ਸਿਰ ਪਾਣੀ, ਪੱਠੇ ਆਦਿ ਪਾਉਣਾ ਤੇ ਉਨ੍ਹਾਂ ਦੀ ਥਾਂ ਸਾਫ ਸੁਥਰੀ ਰੱਖਣੀ, ਇਕੱਲੇ ਇਕੱਲੇ ਪਾਸ ਜਾ ਕੇ ਪਿਆਰ ਕਰਨਾ, ਥਾਪੜਾ ਦੇਣਾ। ਇਸ ਕਰਕੇ ਗਾਵਾਂ ਮੱਝਾਂ ਦੁੱਧ ਜ਼ਿਆਦਾ ਦਿੰਦੀਆਂ ਸਨ। ਬਾਬਾ ਜੀ ਦੱਸਿਆ ਕਰਦੇ ਸੀ ਕਿ ਪਿੰਡ ਵੀ ਜਦੋਂ ਖੇਤੀ ਕਰਿਆ ਕਰਦੇ ਸੀ ਤੇ ਬੱਲਦਾਂ ਨਾਲ ਹੱਲ ਵਾਹੁਣਾ, ਖੂਹ ਜੋਤਣਾ ਆਦਿ ਤਾਂ ਬਲਦਾਂ ਨੂੰ ਕਦੀ ਵੀ ਚਾਬਕ ਜਾਂ ਡੰਡਾ ਨਹੀਂ ਸੀ ਮਾਰਦੇ ਸਗੋਂ ਹਰੀ ਫਸਲ ਦਾ ਨਰਮ ਤੀਲਾ ਜਾਂ ਕਪੜੇ ਦੇ ਪਰਨੇ ਨਾਲ ਬਲਦਾਂ ਨੂੰ ਹੱਕਿਆ ਕਰਦੇ ਸਨ। ਦੇਖਿਆ ਜਾਂਦਾ ਸੀ ਕਿ ਆਮ ਕਿਸਾਨ ਲੋਕ ਬਾਂਸ ਦੇ ਡੰਡੇ ਨਾਲ ਚਮੜੇ ਦਾ ਚਾਬਕ ਮੜ੍ਹਾ ਲੈਂਦੇ ਸਨ ਅਤੇ ਇਕ ਪਾਸੇ ਲੋਹੇ ਦੀ ਤਿੱਖੀ ਕਿੱਲ ਜਿਸ ਨੂੰ 'ਆਰ' ਕਿਹਾ ਜਾਂਦਾ ਸੀ ਲਗਾ ਲੈਂਦੇ ਤੇ ਬੜੀ ਨਿਰਦੈਅਤਾ ਨਾਲ ਬਲਦਾਂ ਦੇ ਮਾਰਦੇ ਸਨ ਤਾਂਕਿ ਬਲਦ ਪੂਰੇ ਬਲ ਨਾਲ ਦੌੜ ਕੇ ਗੇੜਾ ਪੂਰਾ ਕਰਨ ਤੇ ਕੰਮ ਛੇਤੀ ਖਤਮ ਹੋਵੇ। ਪਰੰਤੂ ਇਸ ਨਾਲ ਬੇਜ਼ੁਬਾਨ ਜਾਨਵਰ ਨੂੰ ਬਹੁਤ ਪੀੜ ਪਹੁੰਚਦੀ ਸੀ ਜੋ ਕਿ ਨਿਰਦਈਪੁਣਾ ਹੁੰਦਾ ਹੈ। ਬਾਬਾ ਜੀ ਦਾ ਤਾਂ ਬਚਪਨ ਤੋਂ ਹੀ ਦਇਆ ਵਾਲਾ ਸੁਭਾਅ ਸੀ। ਆਪ ਦੱਸਿਆ ਕਰਦੇ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਦੋਂ ਕਰਤਾਰਪੁਰ ਵਿਖੇ ਖੇਤੀ ਕਰਿਆ ਕਰਦੇ ਸਨ ਤਾਂ ਬਲਦਾਂ ਨੂੰ ਹੱਕਣ ਵਾਸਤੇ ਕਪੜੇ ਦਾ ਪਰਨਾ ਵਰਤਿਆ ਕਰਦੇ ਸੀ। ਮਹਾਰਾਜ ਜੀ ਨੇ ਆਪਣੇ ਸਿੱਖਾਂ ਨੂੰ ਜੀਵਾਂ ਤੇ ਦਇਆ ਕਰਨਾ ਦ੍ਰਿੜ੍ਹ ਕਰਵਾਇਆ ਹੈ। ਇਹ ਬੇਜ਼ੁਬਾਨ ਹੁੰਦੇ ਹਨ, ਬੋਲ ਕੇ ਆਪਣੀ ਪੀੜਾ ਨਹੀਂ ਦੱਸ ਸਕਦੇ, ਜਿਵੇਂ ਸਾਨੂੰ ਆਪਣੇ ਸਰੀਰ ਤੇ ਸੱਟ ਜਾਂ ਚੋਟ ਵੱਜਣ ਵਾਲ ਪੀੜਾ ਹੁੰਦੀ ਹੈ, ਉਸੇ ਤਰ੍ਹਾਂ ਇਹ ਮਹਿਸੂਸ ਕਰਦੇ ਹਨ। ਸੋ ਇਨ੍ਹਾਂ ਤੇ ਦਇਆ ਕਰਨਾ ਵੱਡਾ ਪੁੰਨ ਹੁੰਦਾ ਹੈ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥

ਪੰਨਾ - 136

ਜਿਹੋ ਜਿਹਾ ਅਠਾਹਠ ਤੀਰਥਾਂ ਤੇ ਇਸ਼ਨਾਨ ਕਰ ਲਿਆ ਜਾਂ ਪ੍ਰਮੇਸ਼ਰ ਦੇ ਜੀਵ ਤੇ ਦਇਆ ਕਰ ਦਿਤੀ ਤੇ ਇਹ ਦਇਆ ਪ੍ਰਭੂ ਨੂੰ ਪ੍ਰਵਾਨ ਹੋ ਜਾਂਦੀ ਹੈ ਤੇ ਇਸ ਦਾ ਵੱਡਾ ਫਲ ਮਿਲਦਾ ਹੈ। ਮਨੁੱਖਾਂ ਤੇ ਦਇਆ ਕਰਨ ਨਾਲ ਮਨੁੱਖ ਆਪਣੀ ਜ਼ੁਬਾਨ ਤੋਂ ਬੋਲ ਕੇ ਆਪਣੇ ਹਿਰਦੇ ਤੋਂ ਅਸੀਸ ਦੇ ਦਿੰਦਾ ਹੈ ਜਿਸ ਦੀ ਭਾਵਨਾ ਦਇਆਵਾਨ ਤੀਕਰ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਉਨ੍ਹਾਂ ਦੇ ਅੰਦਰੋਂ ਵੀ ਦਇਆ ਕਰਨ ਵਾਲੇ ਪ੍ਰਤੀ ਅਸੀਸ ਨਿਕਲਦੀ ਹੈ।

ਇਸ ਤਰ੍ਹਾਂ ਦੀ ਅਰਦਾਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਹਸਕ੍ਰਿਤੀ ਸਲੋਕਾਂ ਵਿਚ ਇਕ ਫੁਰਮਾਨ ਹੈ ਕਿ-

ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ ਆਵਧਹ॥

ਪੰਨਾ - 1355

ਜੰਗਲ ਵਿਚ ਇਕ ਹਿਰਨੀ ਚਾਰੇ ਪਾਸਿਓਂ ਮੁਸੀਬਤ ਨਾਲ ਘਿਰ ਗਈ। ਇਕ ਪਾਸੇ ਬਧਕ ਨੇ ਘਾਤ ਲਾਹੁੰਣ ਵਾਸਤੇ ਕੁੱਤਾ ਬਿਠਾ ਦਿਤਾ, ਦੂਜੇ ਪਾਸੇ ਉਸ ਨੇ ਜਾਲ ਲਾ ਦਿਤਾ, ਤੀਸਰੇ ਪਾਸੇ ਅੱਗ ਲਾ ਦਿਤੀ ਅਤੇ ਚੌਥੇ ਪਾਸੇ ਉਹ ਆਪ ਨਿਸ਼ਾਨਾ ਲਾ ਕੇ ਬੈਠ ਗਿਆ। ਮੁਸੀਬਤ ਵਿਚ ਘਿਰੀ ਹੋਈ ਹਿਰਨੀ ਨੇ ਪ੍ਰਭੂ ਅੱਗੇ ਅਰਦਾਸ ਕੀਤੀ, ਵਾਹਿਗੁਰੂ ਜੀ ਦੇ ਦਰ ਤੇ ਉਸ ਬੇਜ਼ੁਬਾਨ ਦੀ ਅਰਦਾਸ ਪੁੱਜੀ ਤਾਂ ਕੀ ਹੋਇਆ ਕਿ ਜ਼ੋਰ ਦੀ ਹਵਾ ਚੱਲ ਪਈ ਤੇ ਅੱਗ ਲੱਗੇ ਹੋਏ ਜਾਲ ਨੂੰ ਲੱਗ ਗਈ। ਜਿਥੇ ਬੱਧਕ ਸ਼ਿਸ਼ਤ ਲਾ ਕੇ ਬੈਠਾ ਹੋਇਆ ਸੀ, ਉਥੋਂ ਇਕ ਫਨੀਅਰ ਸੱਪ ਨਿਕਲਿਆ ਤੇ ਉਸ ਦੇ ਹੱਥ ਤੇ ਡੰਗ ਮਾਰਿਆ ਤੇ ਉਸ ਪਾਸੋਂ ਗੋਲੀ ਚਲ ਗਈ ਤੇ ਗੋਲੀ ਜਾ ਕੇ ਕੁੱਤੇ ਦੇ ਲੱਗੀ। ਇਸ ਤਰ੍ਹਾਂ ਨਾਲ ਚਾਰੇ ਪਾਸੇ ਮੋਕਲੇ ਹੋ ਗਏ ਤੇ ਹਿਰਨੀ ਨੂੰ ਪ੍ਰਮੇਸ਼ਰ ਨੇ ਮੌਤ ਦੇ ਮੂੰਹ ਵਿਚੋਂ ਕੱਢ ਲਿਆ। ਪ੍ਰਮੇਸ਼ਰ ਸਭ ਦੀ ਸੁਣਦਾ ਹੈ, ਕੀੜੀ ਤੋਂ ਹਾਥੀ ਤਕ ਸਭ ਦੀ ਪੁਕਾਰ ਸੁਣਦਾ ਹੈ ਜਿਸ ਬਾਰੇ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਹੈ -

ਚੀਟੀ ਤੇ ਕੁੰਚਰ ਅਸਥੂਲਾ
ਸਭ ਪਰ ਕਿਰਪਾ ਦ੍ਰਿਸ਼ਟ ਕਰ ਫੂਲਾ॥

ਇਸ ਹਿਰਨੀ ਨੇ ਤਾਂ ਪ੍ਰਭੂ ਅੱਗੇ ਆਪਣੀ ਰੱਖਿਆ ਦੀ ਅਰਦਾਸ ਕੀਤੀ ਕਿਉਂਕਿ ਸ਼ਿਕਾਰੀ ਉਸ ਨੂੰ ਮਾਰਨਾ

ਚਾਹੁੰਦਾ ਸੀ। ਵਾਹਿਗੁਰੂ ਜੀ ਨੇ ਅਰਦਾਸ ਸੁਣ ਕੇ ਉਸਨੂੰ ਸਿਰਫ ਅਜ਼ਾਦ ਹੀ ਨਹੀਂ ਕੀਤਾ ਸਗੋਂ ਹਤਿਆਰੇ ਨੂੰ ਉਸ ਵੇਲੇ ਉਸ ਦੀ ਕਰੂਰਤਾ ਦੀ ਸਜ਼ਾ ਦੇ ਕੇ ਫਨੀਅਰ ਸੱਪ ਰਾਹੀਂ ਉਸ ਦਾ ਅੰਤ ਕਰ ਦਿਤਾ। ਇਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਜਿਸ ਤਰ੍ਹਾਂ ਇਹ ਪਸ਼ੂ, ਪੰਛੀ ਵਾਹਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦੇ ਪਾਤਰ ਹਨ ਉਸੇ ਤਰ੍ਹਾਂ ਇਹ ਪਸ਼ੂ ਪੰਛੀ ਮਨੁੱਖ ਦੀ ਦਇਆ ਦੇ ਪਾਤਰ ਵੀ ਹਨ। ਮਨੁੱਖ ਨੂੰ ਕੋਈ ਹੱਕ ਨਹੀਂ ਕਿ ਆਪਣੇ ਸਵਾਦ ਦੀ ਖਾਤਰ ਉਨ੍ਹਾਂ ਦਾ ਬੱਧ ਕਰਕੇ ਇਨ੍ਹਾਂ ਨਾਲ ਆਪਣੇ ਤਮੋ ਗੁਣੀ ਭੋਜਨ ਦੀ ਪੂਰਤੀ ਕਰੇ।

ਜੀਵ ਦਇਆ ਤੇ ਇਕ ਸਾਖੀ ਅਕਸਰ ਬਾਬਾ ਜੀ ਸੁਣਾਇਆ ਕਰਦੇ ਸੀ ਕਿ ਇਕ ਆਜੜੀ ਦਾ ਲੜਕਾ ਜੰਗਲ ਵਿਚ ਭੇਡਾਂ ਚਾਰਿਆ ਕਰਦਾ ਸੀ। ਇਕ ਦਿਨ ਜਦੋਂ ਉਹ ਸ਼ਾਮ ਦੇ ਸਮੇਂ ਆਪਣੇ ਇੱਜੜ ਨੂੰ ਵਾਪਸ ਘਰ ਵਲ ਲੈ ਕੇ ਆ ਰਿਹਾ ਸੀ ਤਾਂ ਉਸ ਨੇ ਦੇਖਿਆ ਕਿ ਹਿਰਨਾਂ ਦੀ ਇਕ ਡਾਰ ਬੜੀ ਤੇਜ਼ੀ ਨਾਲ ਉਸ ਦੇ ਕੋਲੋਂ ਦੀ ਲੰਘੀ। ਕੀ ਵੇਖਦਾ ਹੈ ਕਿ ਹਿਰਨੀ ਦਾ ਇਕ ਛੋਟਾ ਜਿਹਾ ਬੱਚਾ ਜੋ ਡਾਰ ਤੋਂ ਵਿਛੜ ਗਿਆ ਤੇ ਭੇਡਾਂ ਦੇ ਇੱਜੜ ਵਿਚ ਆ ਰਲਿਆ ਤੇ ਉਸ ਨੇ ਦੇਖਿਆ ਛੋਟਾ ਬੱਚਾ ਹੈ, ਇਸ ਤੋਂ ਤੇਜ਼ ਚਲਿਆ ਨਹੀਂ ਜਾਂਦਾ, ਇਸ ਨੇ ਆਪਣੀਆਂ ਬਾਹਾਂ ਨਾਲ ਚੁੱਕ ਲਿਆ ਜਿਵੇਂ ਛੋਟੇ ਬੱਚੇ ਨੂੰ ਚੁਕੀਦਾ ਹੈ। ਥੋੜ੍ਹੀ ਦੇਰ ਬਾਅਦ ਉਸ ਨੇ ਪਿਛੇ ਨਜ਼ਰ ਘੁਮਾ ਕੇ ਵੇਖਿਆ ਤਾਂ ਇਕ ਹਿਰਨੀ ਉਸ ਦੇ 15-20 ਕਦਮ ਪਿਛੇ ਪਿਛੇ ਤੁਰਦੀ ਆ ਰਹੀ ਹੈ। ਇਸ ਨੇ ਅੰਦਾਜ਼ਾ ਲਗਾ ਲਿਆ ਕਿ ਇਹ ਇਸ ਛੋਟੇ ਬੱਚੇ ਦੀ ਮਾਂ ਹੈ, ਪਰ ਉਸ ਨੇ ਧਿਆਨ ਨਾ ਦਿਤਾ ਸਗੋਂ ਇਸ ਦੇ ਮਨ ਵਿਚ ਇਸ ਹਿਰਨੀ ਦੇ ਬੱਚੇ ਪ੍ਰਤੀ ਹੋਰ ਤਰ੍ਹਾਂ ਦੇ ਤਾਮਸੀ ਵਿਚਾਰ ਆਉਣ ਲਗ ਪਏ। ਉਸ ਨੇ ਸੋਚਿਆ ਕਿ ਅੱਜ ਰਾਤ ਨੂੰ ਘਰ ਜਾ ਕੇ ਇਸ ਨੂੰ ਕੱਟ ਕੇ ਇਸ ਦਾ ਗੋਸ਼ਤ ਖਾਵਾਂਗਾ। ਉਸ ਮਮਤਾ ਮਾਰੀ ਬੱਚੇ ਦੀ ਮਾਂ ਵੀ ਪਿਛੇ ਪਿਛੇ ਤੁਰਦੀ ਆ ਰਹੀ ਹੈ। ਜਦੋਂ ਜੰਗਲ ਖਤਮ ਹੋਇਆ ਤੇ ਉਸ ਦੇ ਪਿੰਡ ਦੀ ਜੂਹ ਆ ਗਈ ਤਾਂ ਆਜੜੀ ਕੀ ਵੇਖਦਾ ਹੈ ਕਿ ਹਾਲੇ ਵੀ ਹਿਰਨੀ ਉਸੇ ਤਰ੍ਹਾਂ ਪਿਛੇ ਆ ਰਹੀ ਹੈ। ਉਹ ਥੋੜ੍ਹੀ ਦੇਰ ਲਈ ਉਤੇ ਰੁਕ ਗਿਆ ਤੇ ਧਿਆਨ ਨਾਲ ਉਸ ਹਿਰਨੀ ਦੇ ਚਿਹਰੇ ਵਲ ਤੱਕਿਆ, ਕੀ ਵੇਖਦਾ ਹੈ ਕਿ ਉਸ ਦੀਆਂ ਅੱਖਾਂ ਵਿਚੋਂ ਛਮ ਛਮ ਅੱਥਰੂ ਵਰਸ ਰਹੇ ਹਨ ਤੇ ਬਹੁਤ ਬੇਬਸੀ ਨਾਲ ਉਸ ਵਲ ਤਕ ਰਹੀ ਹੈ। ਹਿਰਨੀ ਦੀ ਇਹ ਹਾਲਤ ਦੇਖ ਕੇ ਉਸ ਦਾ ਮਨ ਪਸੀਜ ਗਿਆ ਤੇ ਅੱਲਾਹ ਦੀ ਮਿਹਰ ਸਦਕਾ ਉਸ ਦੇ ਮਨ ਵਿਚ ਹਿਰਨੀ ਦੇ ਬੱਚੇ ਪ੍ਰਤੀ ਦਇਆ ਆ ਗਈ ਅਤੇ ਉਸ ਦੇ ਮਾਸ ਨਾਲ ਤਾਮਸੀ ਭੋਜਨ ਬਣਾਉਣ ਦਾ ਖਿਆਲ ਤਿਆਗ ਦਿਤਾ। ਉਸ ਨੇ ਬੱਚੇ ਨੂੰ ਆਪਣੀਆਂ ਬਾਹਾਂ ਦੀ ਪਕੜ ਤੋਂ ਆਜ਼ਾਦ ਕਰ ਦਿਤਾ ਤੇ ਆਪ ਇਸ ਨਜ਼ਾਰੇ ਨੂੰ ਤੱਕਣ ਲਈ ਥੋੜ੍ਹੀ ਦੇਰ ਉਥੇ ਹੀ ਖੜ੍ਹਾ ਰਿਹਾ। ਬੱਚਾ ਦੌੜ ਕੇ ਮਾਂ ਪਾਸ ਪਹੁੰਚਿਆ, ਮਾਂ ਨੇ ਉਸ ਨੂੰ ਚੁੰਮਿਆ, ਜੀਭ ਨਾਲ ਚੱਟਿਆ। ਉਹ ਕੀ ਦੇਖਦਾ ਹੈ ਕਿ ਮਾਂ ਹਿਰਨੀ ਉਸ ਵਲ ਬੜੇ ਸ਼ੁਕਰਾਨੇ ਭਰੀ ਨਜ਼ਰ ਨਾਲ ਤੱਕ ਰਹੀ ਹੈ ਜਿਵੇਂ ਕਿ ਉਸ ਦਾ ਧੰਨਵਾਦ ਕਰ ਰਹੀ ਹੋਵੇ। ਜਿਵੇਂ ਉਹ ਪ੍ਰਮੇਸ਼ਰ ਕੋਲ ਇਸ ਆਜੜੀ ਦੇ ਭਲੇ ਦੀ ਅਰਦਾਸ ਕਰ ਰਹੀ ਹੋਵੇ ਕਿ ਹੇ ਖੁਦਾ! ਇਸ ਤੇ ਰਹਿਮਤ ਕਰੀਂ, ਇਸ ਨੇ ਮੇਰੇ ਬੱਚੇ ਦੀ ਜਾਨ ਬਖ਼ਸ਼ੀ ਕੀਤੀ ਹੈ। ਇਸ ਤੋਂ ਬਾਅਦ ਉਸ ਨੇ ਇਕ ਵੇਰ ਫਿਰ ਆਜੜੀ ਵਲ ਤੱਕਿਆ ਤੇ ਛਾਲ ਮਾਰ ਕੇ ਬੱਚੇ ਸਮੇਤ ਜੰਗਲ ਵਲ ਦੌੜ ਕੇ, ਉਸ ਦੀ ਨਜ਼ਰ ਤੋਂ ਓਹਲੇ ਹੋ ਗਈ। ਆਜੜੀ ਦੇ ਦਿਲ ਤੇ ਇਸ ਘਟਨਾ ਦਾ ਗਹਿਰਾ ਅਸਰ ਹੋਇਆ। ਉਪਰੰਤ ਉਹ ਆਪਣੇ ਕੰਮ ਕਾਜ ਵਿਚ ਰੁਝ ਗਿਆ। ਭੇਡਾਂ ਨੂੰ ਵਾੜੇ ਵਿਚ ਬੰਦ ਕਰਕੇ, ਰਾਤ ਨੂੰ ਰੋਟੀ ਪਾਣੀ ਖਾ ਪੀ ਕੇ ਸੌਂ ਗਿਆ। ਅੰਮ੍ਰਿਤ ਵੇਲੇ ਉਸ ਨੂੰ ਇਕ ਸੁਪਨਾ ਆਇਆ। ਉਸ ਨੇ ਦੇਖਿਆ ਕਿ ਇਕ ਫਰਿਸ਼ਤੇ ਨੇ ਆਪਣੇ ਹੱਥ ਵਿਚ ਸੋਨੇ ਦਾ ਝਿਲਮਿਲ-ਝਿਲਮਿਲ ਕਰਦਾ ਤਾਜ ਪਕੜਿਆ ਹੋਇਆ ਹੈ। ਉਹ ਫਰਿਸ਼ਤਾ ਇਸ ਦਾ ਕੋਲ ਆਇਆ ਤੇ ਕਹਿਣ ਲੱਗਾ, "ਐ ਸੂਬਕਤਦੀਨ! ਤੂੰ ਅੱਜ ਬਹੁਤ ਚੰਗਾ ਤੇ ਨੇਕ ਕੰਮ ਕੀਤਾ ਹੈ, ਇਸ ਤੇ ਅੱਲਾਹ ਤਾਲਾਹ ਤੇਰੇ ਤੇ ਬਹੁਤ ਪ੍ਰਸੰਨ ਹੋਇਆ ਹੈ। ਅੱਲਾਹ ਨੇ ਮੈਨੂੰ ਤੇਰੇ ਸਿਰ ਤੇ ਇਹ ਤਾਜ ਪਹਿਨਾਉਣ ਲਈ ਭੇਜਿਆ ਹੈ। ਇਹ ਕਹਿ ਕੇ ਉਸ ਨੇ ਉਸ ਆਜੜੀ ਦੇ ਸਿਰ ਤੇ ਤਾਜ ਪਹਿਨਾ ਦਿਤਾ ਅਤੇ ਫਰਿਸ਼ਤਾ ਉਸ ਨੂੰ ਅਸ਼ੀਰਵਾਦ ਦੇ ਕੇ ਗਾਇਬ ਹੋ ਗਿਆ। ਸਵੇਰੇ ਜਦੋਂ ਉਸ ਦੀ ਅੱਖ ਖੁਲ੍ਹੀ, ਉਸ ਨੂੰ ਉਹ ਸੁਪਨਾ ਉਸੇ ਤਰ੍ਹਾਂ ਸਾਕਾਰ ਵਾਂਗੂੰ ਨਜ਼ਰ ਆਈ ਜਾ ਰਿਹਾ ਹੈ ਕਿ ਹੈਂ, ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਖੁਦਾ ਨੇ ਮੈਨੂੰ ਤਾਜ ਪਹਿਨਾਅ ਦਿਤਾ, ਮੈਂ ਤਾਂ ਗਰੀਬ ਆਜੜੀ ਹਾਂ, ਤਾਂ ਜੋ ਤਖਤ ਦਾ ਮੈਂ ਸੋਚ ਵੀ ਨਹੀਂ ਸਕਦਾ, ਮੇਰੀ ਇੰਨੀ ਹੈਸੀਅਤ ਕਿਵੇਂ ਹੋ ਸਕਦੀ ਹੈ।

ਥੋੜ੍ਹੇ ਦਿਨਾਂ ਬਾਅਦ ਗਜ਼ਨੀ ਦੇ ਹਾਕਮ ਵਲੋਂ ਫੌਜੀ ਭਰਤੀ ਦਾ ਐਲਾਨ ਹੋਇਆ ਤੇ ਉਹ ਉਸ ਦੀ ਫੌਜ ਵਿਚ ਭਰਤੀ ਹੋ ਗਿਆ। ਕੰਮ ਵਿਚ ਨਿਪੁੰਨਤਾ ਅਤੇ ਕੁਸ਼ਲ ਕਾਰਜ ਤੇ ਸੇਵਾ ਸਦਕਾ, ਜਲਦੀ ਹੀ ਸਿਪਾਹੀ ਤੋਂ ਤਰੱਕੀ ਕਰਦਾ ਕਰਦਾ ਸਿਪਾਹ ਸਿਲਾਰ ਦੇ ਅਹੁਦੇ ਤਕ ਪਹੁੰਚ ਗਿਆ। ਉਥੋਂ ਦਾ ਹਾਕਮ ਚੜ੍ਹਾਈ ਕਰ ਗਿਆ ਤੇ ਅਮੀਰਾਂ ਵਜ਼ੀਰਾਂ ਨੇ ਇਸ ਨੂੰ ਦੇਸ਼ ਦਾ ਰਾਜਾ ਬਣਾ ਦਿਤਾ। ਇਹ ਸਭ ਕੁਝ ਉਸ ਦੀ 'ਜੀਅ ਦਇਆ' ਦੇ ਸਦਕੇ ਹੋਇਆ ਕਿਉਂਕਿ ਪ੍ਰਮੇਸ਼ਰ ਦੇ ਦਰ ਤੇ ਉਸ ਦੀ ਹਰਨੀ ਦੇ ਬੱਚੇ ਤੇ ਕੀਤੀ ਦਇਆ ਪ੍ਰਵਾਨ ਹੋ ਗਈ।

ਪਰੰਤੂ ਦੂਜੇ ਪਾਸੇ ਸਤਾ ਵਿਚ ਆਉਂਦਿਆਂ ਹੀ ਇਹ ਇਕ ਤਾਕਤਵਰ ਹਾਕਮ ਬਣ ਗਿਆ ਤੇ ਇਸ ਨੂੰ ਪਤਾ ਲੱਗਾ ਕਿ ਭਾਰਤ ਦੇਸ਼ ਸੋਨੇ ਦੀ ਚਿੜੀਆ ਹੈ। ਇਸ ਨੇ ਫੌਜ ਇਕੱਤਰ ਕਰਕੇ ਭਾਰਤ ਤੇ ਪਹਿਲਾਂ ਹਮਲਾ ਸਤਵੀਂ ਸਦੀ ਦੇ ਮੱਧ ਵਿਚ ਕੀਤਾ ਸੀ। ਇਸ ਤੋਂ ਬਾਅਦ ਹੀ ਮੁਹੰਮਦ ਗੌਰੀ ਤੇ ਮਹਿਮੂਦ ਗਜ਼ਨਵੀ ਨੇ ਭਾਰਤ ਤੇ ਹਮਲੇ ਕਰਨੇ ਸ਼ੁਰੂ ਕੀਤੇ ਸੀ ਪਰੰਤੂ ਇਸ ਸਿਲਸਿਲੇ ਦੀ ਸ਼ੁਰੂਆਤ ਇਸ ਨੇ ਹੀ ਕੀਤੀ ਸੀ।

ਹਿਮਾਲੀਅਨ ਯੋਗੀ ਦਾ ਸੰਗ
(Walking With Himalayan Master)

ਡਾ. ਜਸਟਿਨ ਓਬਰਾਇਨ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

ਲਕਸ਼ਿਆ ਟਿਲਕ (ਦੁਧ ਵਿਚ ਕੇਸਰ ਤੇ ਹੋਰ ਚੀਜ਼ਾਂ ਪਾ ਕੇ ਤਿਆਰ ਕੀਤਾ)

ਨਾ ਤਾਂ ਥਰੀਸਾ, ਨਾ ਹੀ ਮੈਂ ਕੋਈ ਵੀ ਥਰਮਸ ਤੋਂ ਬਿਨਾਂ ਸਰਦੀਆਂ ਨਹੀਂ ਸੀ ਕੱਟ ਸਕਦੇ। ਜੋ ਓਥੇ ਬਿਜਲੀ ਦਾ ਕੰਮ ਕਰਦਾ ਸੀ ਇਸਨੂੰ ਜ਼ਰੂਰ ਕੋਈ ਬਖਸ਼ਿਸ਼ ਹੋਈ ਹੋਵੇਗੀ ਕਿ ਉਹ ਸੰਸਾਰ ਨੂੰ ਚੰਗਾ ਤੇ ਪ੍ਰਸੰਨ ਰੱਖਣਾ ਚਾਹੁੰਦਾ ਸੀ। ਜੋ ਚਾਹੁੰਦਾ ਸੀ ਕਿ ਸੈਂਟਰ ਖ਼ੂਬ ਚਮਕਦਾ ਹੋਵੇ, ਹੋ ਸਕਦਾ ਹੈ ਕਿ ਉਹ ਸੂਰਜ ਤੋਂ ਹੀ ਪ੍ਰੇਰਤ ਹੁੰਦਾ ਹੋਵੇ। ਮੈਂ ਉਸ ਨੂੰ ਬਹੁਤ ਵਾਰੀ ਦੱਸਿਆ ਕਿ ਅੰਦਰ ਦੇ ਰਸਤੇ ਵਿਚ ਸਾਨੂੰ ਹੋਰ ਲਾਈਟ ਨਹੀਂ ਚਾਹੀਦੀ, ਜਿੰਨੀਆਂ ਕੁ ਟਿਊਬਾਂ ਲਗ ਚੁੱਕੀਆਂ ਹਨ ਉਹ ਓਪਰੇਸ਼ਨ ਕਰਨ ਲਈ ਕਾਫੀ ਹਨ, ਕਾਫੀ ਮੁਸ਼ਕਲ ਨਾਲ ਹੀ ਉਹ ਮੇਰੀ ਗੱਲ ਨਾਲ ਸਹਿਮਤ ਹੋਏ।

ਥਰੀਸਾ ਸਾਰੇ ਪਾਸਿਆਂ ਤੋਂ ਹੋਈ ਥਕਾਵਟ ਨਾਲ ਬਿਮਾਰ ਹੋਣ ਦੇ ਚਿੰਨ ਦਰਸਾਉਣ ਲਗ ਪਈ, ਟਾਈਪ ਕਰਦਿਆਂ ਉਸ ਨੂੰ ਘੜੀ ਘੜੀ ਖੰਘ ਆਉਣ ਲਗ ਪਈ ਭਾਵੇਂ ਉਹ ਦਸਤਾਨੇ ਪਾ ਕੇ ਹੀ ਟਾਈਪ ਕਰਦੀ ਸੀ। ਉਸ ਨੂੰ ਵੱਡੇ ਕੁੱਤੇ ਤੋਂ ਐਲਰਜੀ ਸੀ, ਕੁੱਤਾ ਉਸ ਦੇ ਪੈਰਾਂ ਤੇ ਲੇਟਦਾ ਰਹਿੰਦਾ। ਸੋ ਉਹ ਕੋਟ ਪਾ ਕੇ ਮਫਲਰ ਪਾ ਕੇ ਹੀ ਬੈਠ ਕੇ ਕੰਮ ਕਰਦੀ, ਮੈਨੂੰ ਥਰੀਸਾ ਦੀ ਸਿਹਤ ਦੀ ਚਿੰਤਾ ਸੀ, ਜੋਅ ਤੋਂ ਵੀ ਥਰੀਸਾ ਦੀ ਹਾਲਤ ਕੋਈ ਗੁੱਝੀ ਨਹੀਂ ਸੀ। ਇਕ ਦਿਨ ਜੋਅ ਆਪਣੀ ਥਰਮਸ ਲੈ ਕੇ ਆਇਆ ਤੇ ਉਸ ਵਿਚੋਂ ਗਰਮ ਗਰਮ ਟਿਲਕ ਥਰੀਸਾ ਲਈ ਇਕ ਪਿਆਲੇ ਵਿਚ ਪਾ ਕੇ ਕਹਿਣ ਲੱਗਾ ਬਸ ਹੁਣ ਇਸ ਨੂੰ ਪੀ ਜਾਓ। ਥਰੀਸਾ ਨੂੰ ਭਰੋਸਾ ਹੀ ਨਹੀਂ ਸੀ ਹੋ ਰਿਹਾ ਕਿ ਉਹ ਪੀਣ ਤੋਂ ਬਾਅਦ ਉਸ ਨੂੰ ਕਿੰਨਾ ਆਰਾਮ ਮਹਿਸੂਸ ਹੋ ਰਿਹਾ ਸੀ। ਉਸ ਵਿਚ ਜਿਵੇਂ ਮੁੜ ਕੇ ਤਾਕਤ ਆ ਗਈ ਹੋਵੇ ਉਸ ਦੀ ਖੰਘ ਘਟ ਗਈ। ਜੋਅ ਇਹ ਜ਼ੋਰ ਪਾ ਰਿਹਾ ਸੀ ਕਿ ਥਰੀਸਾ ਇਕ ਪਿਆਲਾ ਹੋਰ ਪੀਵੇ। ਜੋਅ ਨੇ ਫੇਰ ਥਰੀਸਾ ਲਈ ਜ਼ਰੂਰੀ ਕਰ ਦਿਤਾ ਕਿ ਥਰੀਸਾ ਰੋਜ਼ ਹੀ ਟਿਲਕ ਪੀਵੇ।

ਕੁਝ ਹਫਤਿਆਂ ਬਾਅਦ ਮੇਰਾ ਵੀ ਬੁਰਾ ਹਾਲ ਹੋ ਗਿਆ, ਮੈਂ ਵੀ ਬਹੁਤ ਹੀ ਥੱਕ ਗਿਆ। ਜੋਅ ਫੇਰ ਆਪਣੀ ਥਰਮਸ ਲੈ ਕੇ ਆਇਆ। ਉਸ ਨੇ ਮੈਨੂੰ ਟਿਲਕ ਦਾ ਪਿਆਲਾ ਭਰ ਕੇ ਦਿਤਾ। ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਪਹਿਲਾਂ ਕਦੇ ਵੀ ਇਹੋ ਜਿਹਾ ਟਿਲਕ ਨਹੀਂ ਸੀ ਪੀਤਾ, ਇਹ ਗਲੈਨਵੀਊ ਵਿਚ ਸਭ ਦਾ ਮਨ ਭਾਉਂਦਾ ਟਿਲਕ ਹੋ ਗਿਆ ਸੀ।

"ਕੀ ਇਹ ਬੱਕਰੀ ਦਾ ਦੁੱਧ ਹੈ।" ਮੈਂ ਜੋਅ ਨੂੰ ਪੁਛਿਆ, ਜੋਅ ਨੇ ਇਕ ਮਿੱਠੀ ਜਿਹੀ ਮੁਸਕਾਨ ਦਿਤੀ, ਮੈਂ ਚੁੱਪ ਕਰ ਗਿਆ, ਮੈਂ ਸੋਚਿਆ ਜੋਅ ਇਸ ਦੇ ਬਣਾਉਣ ਦਾ ਤਰੀਕਾ ਨਹੀਂ ਦੱਸਣਾ ਚਾਹੁੰਦਾ। ਮੈਂ ਟਿਲਕ ਪੀ ਕੇ ਬਹੁਤ ਠੀਕ ਮਹਿਸੂਸ ਕਰਨ ਲਗ ਪਿਆ, ਜਿਸ ਤਰ੍ਹਾਂ ਕੋਈ ਜਾਦੂ ਹੋ ਗਿਆ ਹੋਵੇ, ਉਸ ਤੋਂ ਬਾਅਦ ਅਸੀਂ ਰੋਜ਼ ਹੀ ਬੜੀ ਤਾਂਘ ਨਾਲ ਟਿਲਕ ਦਾ ਇੰਤਜ਼ਾਰ ਕਰਨ ਲਗ ਪਏ ਤੇ ਅਸੀਂ ਉਸੇ ਟਿਲਕ ਦੇ ਸਹਾਰੇ ਹੀ ਸਾਰੀਆਂ ਸਰਦੀਆਂ ਕੱਟੀਆਂ।

ਡਾ. ਸਵਾਮੀ ਰਾਮ ਜੀ

ਇਕ ਦਿਨ ਮੈਂ ਥਰਮਸ ਵਿਚੋਂ ਆਖਰੀ ਤੁਪਕਾ ਟਿਲਕ ਦਾ ਪਾ ਲਿਆ, ਨਾ ਹੀ ਮੈਂ ਸੋਚਿਆ ਜੇ ਜੋਅ ਨੂੰ ਚਾਹੀਦਾ ਹੋਵੇਗਾ ਫੇਰ। ਮੈਂ ਥਰਮਸ ਉਥੇ ਹੀ ਰੱਖ ਕੇ ਆ ਗਿਆ। ਬਾਅਦ ਵਿਚ ਮੈਂ ਉਥੋਂ ਲੰਘ ਰਿਹਾ ਸੀ, ਮੈਂ ਦੇਖਿਆ ਜੋ ਆਪਣੇ ਪਿਆਲੇ ਵਿਚ ਟਿਲਕ ਪਾ ਰਿਹਾ ਸੀ, ਮੈਨੂੰ

ਯਕੀਨ ਨਾ ਹੋਇਆ, ਥੋੜ੍ਹੀ ਦੇਰ ਪਹਿਲਾਂ ਹੀ ਤਾਂ ਮੈਂ ਇਹ ਥਰਮਸ ਖਾਲੀ ਕੀਤੀ ਸੀ, ਇਹ ਵੀ ਮੈਨੂੰ ਪਤਾ ਸੀ ਜੋ ਕੋਲ ਇਕ ਹੀ ਥਰਮਸ ਹੈ, ਮੈਂ ਸੋਚਿਆ ਇਸ ਬਾਰੇ ਤਾਂ ਖੋਜ ਹੀ ਕਰਨੀ ਪਵੇਗੀ।

ਥੋੜ੍ਹੇ ਦਿਨਾਂ ਬਾਅਦ ਫੇਰ ਕੁਝ ਹੋਇਆ, ਦੁਪਹਿਰ ਦੇ ਸਮੇਂ ਮੈਂ ਸਾਰਾ ਹੀ ਟਿਲਕ ਆਪਣੇ ਪਿਆਲੇ ਵਿਚ ਪਾ ਲਿਆ, ਕਿਸੇ ਨੇ ਜ਼ੋਰ ਦੀ ਆਵਾਜ਼ ਦਿਤੀ ਕਿ ਮੇਰਾ ਟੈਲੀਫੋਨ ਹੈ, ਮੈਂ ਥਰਮਸ ਚੰਗੀ ਤਰ੍ਹਾਂ ਬੰਦ ਕਰਕੇ ਆਸ ਪਾਸ ਬੂਰੇ ਵਿਚ ਦੱਬ ਦਿਤੀ ਤਾਂ ਜੋ ਜਦੋਂ ਕੋਈ ਇਸ ਨੂੰ ਹਿਲਾਏਗਾ ਤਾਂ ਮੈਨੂੰ ਪਤਾ ਲਗ ਜਾਵੇਗਾ। ਮੈਂ ਦੌੜਦਾ ਦਫਤਰ ਗਿਆ, ਮੈਂ ਸਮਾਂ ਵੀ ਦੇਖਿਆ, ਫੋਨ ਸੁਣ ਕੇ ਮੈਂ ਦੌੜਦਾ ਹੀ ਮੁੜ ਆਇਆ ਤੇ ਥਰਮਸ ਦੇਖ, ਮੈਨੂੰ ਜਾਣ ਆਉਣ ਵਿਚ ਕੇਵਲ 80 ਸਕਿੰਟ ਲੱਗੇ ਸੀ ਤੇ ਥਰਮਸ ਕਿਸੇ ਨੇ ਨਾਹ ਛੇੜੀ ਸੀ ਨਾਹ ਹਿਲਾਈ ਸੀ, ਮੈਂ ਮੁੜ ਕੇ ਜਾਣ ਹੀ ਵਾਲਾ ਸੀ ਮੈਂ ਸੋਚਿਆ ਮੈਂ ਖੋਲ੍ਹ ਕੇ ਤਾਂ ਦੇਖਾਂ, ਮੈਂ ਥਰਮਸ ਖੋਲ੍ਹੀ, ਮੇਰਾ ਮੂੰਹ ਸੜਨ ਤੋਂ ਬਚ ਗਿਆ, ਐਨੀ ਜ਼ੋਰ ਦੀ ਭਾਫ ਨਿਕਲੀ।

ਜੋਅ ਮੈਂ ਤੇਰੇ ਨਾਲ ਗੱਲ ਕਰਨੀ ਹੈ, ਮੈਂ ਆਖਿਆ।

ਜੋਅ ਬੜਾ ਝੇਂਪਦਾ ਮੇਰੇ ਕੋਲ ਆਇਆ। ਅਸੀਂ ਤਾਂ ਪੁਰਾਣੇ ਮਿਤਰ ਹਾਂ, ਤੂੰ ਅੱਜ ਘਰ ਨਹੀਂ ਜਾਵੇਂਗਾ ਜਦੋਂ ਤਕ ਤੂੰ ਮੈਨੂੰ ਇਹ ਨਹੀਂ ਦੱਸੇਂਗਾ ਕਿ ਤੇਰੀ ਥਰਮਸ ਦਾ ਕੀ ਕਿੱਸਾ ਹੈ।

ਰਾਜ਼ ਖੁਲ੍ਹ ਗਿਆ। ਜੋਅ ਨੇ ਮੈਨੂੰ ਦੱਸਿਆ ਜਦੋਂ ਸਵਾਮੀ ਜੀ ਭਾਰਤ ਜਾ ਰਹੇ ਸੀ ਤਾਂ ਉਹ ਜੋਅ ਨੂੰ ਨਾਲ ਲੈ ਕੇ ਬਿਲਡਿੰਗ ਵਿਚ ਗਏ, ਸਾਰਾ ਚੱਕਰ ਲਗਾਇਆ ਤੇ ਜਾਣ ਲੱਗਿਆਂ ਇਹ ਥਰਮਸ ਮੇਰੇ ਹੱਥ ਫੜਾ ਦਿਤੀ, ਜੋਅ ਨੇ ਇਸ ਵਿਚ ਰੋਜ਼ ਟਿਲਕ ਪੀਣਾ ਸੀ, ਜੇ ਕੋਈ ਥੱਕ ਜਾਵੇ, ਬਿਮਾਰ ਹੋ ਜਾਵੇ ਤਾਂ ਉਸ ਨੂੰ ਵੀ ਇਸ ਵਿਚੋਂ ਟਿਲਕ ਪਿਲਾਉਣਾ ਹੈ। ਨਾਲ ਹੀ ਸਵਾਮੀ ਜੀ ਨੇ ਮੈਨੂੰ ਕਿਹਾ ਕਿ ਰਾਤ ਨੂੰ ਥਰਮਸ ਮੈਂ ਘਰ ਲੈ ਜਾਣੀ ਹੈ ਤੇ ਆਪਣੀ ਰਸੋਈ ਦੇ ਫੱਟੇ ਉਤੇ ਰੱਖ ਦੇਣੀ ਹੈ।

ਇਹ ਆਪਣੇ ਆਪ ਹੀ ਭਰ ਜਾਂਦੀ ਹੈ, ਜੋਅ ਕਹਿਣ ਲੱਗਾ।

ਅਪ੍ਰੈਲ ਦਾ ਮਹੀਨਾ ਆ ਗਿਆ ਸੀ, ਮੁਰੰਮਤਾਂ ਤਕਰੀਬਨ ਪੂਰੀਆਂ ਹੋ ਗਈਆਂ ਸੀ। ਇਕ ਦਿਨ ਮੈਂ ਟਿਲਕ ਪਿਆਲੇ ਵਿਚ ਪਾਇਆ। ਜਿਵੇਂ ਹੀ ਮੈਂ ਰੱਖਣ ਲੱਗਾ, ਥਰਮਸ ਮੇਰੇ ਹੱਥੋਂ ਫਿਸਲ ਗਈ ਤੇ ਥੱਲੇ ਫਰਸ਼ ਤੇ ਡਿੱਗ ਪਈ ਤੇ ਅੰਦਰ ਦਾ ਸ਼ੀਸ਼ਾ ਚੂਰ ਚੂਰ ਹੋ ਗਿਆ। ਮੈਂ ਤੇ ਜੋਅ ਨੇ ਇਕ ਦੂਸਰੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ ਤੇ ਅਸੀਂ ਦੋਨਾਂ ਨੇ ਇਕ ਗੱਲ ਸੋਚੀ, ਉਹ ਹੀ ਅਬੜਵਾਹੇ ਸਾਡੇ ਮੂੰਹ ਵਿਚੋਂ ਨਿਕਲੀ, ਸਵਾਮੀ ਆ ਰਹੇ ਹੋਣੇ ਨੇ।

ਦੂਸਰੇ ਦਿਨ ਐਤਵਾਰ ਦੇ ਇਕੱਠ ਤੋਂ ਬਾਅਦ ਟੈਲੀਫਨ ਆਇਆ, ਥਰੀਸਾ ਸੁਣਨ ਗਈ, ਜਿਵੇਂ ਹੀ ਉਸ ਨੇ ਟੈਲੀਫੋਨ ਰੱਖਿਆ, ਇਸ ਤਰ੍ਹਾਂ ਲੱਗਾ ਜਿਵੇਂ ਕੋਈ ਆਇਆ ਹੋਵੇ। ਇਸ ਤੋਂ ਪਹਿਲਾਂ ਉਹ ਮੁੜ ਕੇ ਦੇਖਦੀ ਹੈ, ਉਸ ਦੀ ਪਿੱਠ ਤੇ ਐਨੀ ਜ਼ੋਰ ਦੀ ਥੱਪੜ ਮਾਰਿਆ ਕਿ ਉਹ ਅੱਗੇ ਪਏ ਮੇਜ਼ ਤੇ ਟੇਢੀ ਹੋ ਗਈ। ਉਸ ਨੇ ਗੁੱਸੇ ਦੀ ਭਰੀ ਹੋਈ ਨੇ ਜਿਵੇਂ ਹੀ ਪਿਛੇ ਮੁੜ ਕੇ ਦੇਖਿਆ, ਉਹ ਖੁਸ਼ੀ ਨਾਲ ਉਛਲ ਪਈ, ਜਦੋਂ ਉਸ ਨੇ ਸਵਾਮੀ ਜੀ ਦਾ ਮੁਸਕਰਾਉਂਦਾ ਚਿਹਰਾ ਦੇਖਿਆ, ਸਵਾਮੀ ਜੀ ਨੇ ਥੋੜ੍ਹੀ ਜਿਹੀ ਦਾਹੜ੍ਹੀ ਵਧਾਈ ਹੋਈ ਸੀ ਤੇ ਮੁੱਛਾਂ ਵੀ ਰੱਖੀਆਂ ਹੋਈਆਂ ਸੀ।

ਹੇ ਬੱਚਿਓ, ਆਓ ਸਾਰੇ ਪੀਜ਼ਾ ਖਾਈਏ।

ਸ਼ਾਨਦਾਰ ਉਦਘਾਟਨ

ਸਵਾਮੀ ਜੀ ਦੇ ਆਉਣ ਨਾਲ ਮੁਰੰਮਤਾਂ ਦਾ ਕੰਮ ਬਹੁਤ ਹੀ ਥੋੜ੍ਹੇ ਸਮੇਂ ਵਿਚ ਪੂਰਾ ਹੋ ਗਿਆ, ਅੰਦਰ ਦਾ ਕੰਮ ਖਤਮ ਹੋਣ ਤੋਂ ਬਾਅਦ ਸਾਰੇ ਦੇ ਸਾਰੇ ਬਾਹਰ ਦੇ ਕੰਮ ਵਿਚ ਜੁਝ ਪਏ। ਸਾਰੀ ਜਗ੍ਹਾ ਐਡੀ ਸੋਹਣੀ ਲਗਣ ਲਗ ਪਈ ਜਿਵੇਂ ਕਿਸੇ ਸੰਸਥਾ ਦਾ ਸੋਹਣਾ ਕੇਂਦਰ ਦਫਤਰ ਹੋਵੇ। ਸਵਾਮੀ ਜੀ ਉਤਸ਼ਾਹ ਭਰੇ ਕਦੇ ਇਕ ਜਗ੍ਹਾ ਕਦੀ ਦੂਸਰੀ ਜਗ੍ਹਾ ਭਾਵ ਜਿਥੇ ਵੀ ਕੰਮ ਹੋ ਰਿਹਾ ਸੀ ਉਥੇ ਹੀ ਸਵਾਮੀ ਜੀ ਦੇਖਣ ਆਉਂਦੇ, ਕਿਤੇ ਸਵਾਮੀ ਜੀ ਦਰਖਤ ਲਗਾ ਰਹੇ ਹੁੰਦੇ, ਕਿਤੇ ਜੀਨਜ਼ ਖਰੀਦ ਰਹੇ ਹੁੰਦੇ, ਕਿਤੇ ਡਾ. ਬੈਲਨਟਾਈਨ ਲਈ ਉਨ੍ਹਾਂ ਦੀ ਡਿਸਪੈਂਸਰੀ ਦੇਖ ਰਹੇ ਹੁੰਦੇ, ਕਿਤੇ ਹੋਮਿਓਪੈਥਿਕ ਦਵਾਈਆਂ ਦਾ ਆਰਡਰ ਦੇ ਰਹੇ ਹੁੰਦੇ, ਫੇਰ ਸ਼ਾਮ ਨੂੰ ਪ੍ਰਵਚਨ ਕਰ ਰਹੇ ਹੁੰਦੇ, ਰਾਤ ਨੂੰ ਫੇਰ ਬੱਤੀਆਂ ਲਗਵਾ ਰਹੇ ਹੁੰਦੇ, ਬਾਹਰ ਦੇ ਗੇਟ ਤੇ ਵੱਡੀ ਸਾਰੀ ਬੱਤੀ ਲਗਵਾਈ, ਫੇਰ ਸ਼ਾਮ ਨੂੰ ਸਾਰੇ ਕੰਮ ਕਰਨ ਲਈ ਖਾਣਾ ਵੀ ਤਿਆਰ ਕਰ ਰਹੇ ਹੁੰਦੇ, ਕੀ ਨਹੀਂ ਸੀ ਸਵਾਮੀ ਜੀ ਕਰਦੇ, ਫੁੱਲ ਲਗਾਉਣੇ, ਆਪਣੀ ਕੁਟੀਆ ਦੇ ਆਸ ਪਾਸ ਬਾੜ ਕਰਨੀ, ਆਪਣੇ ਕੁੱਤੇ ਲਈ ਦੌੜਨ ਦੀ ਜਗ੍ਹਾ ਬਣਾਉਣੀ। ਇਹ ਕਦੀ ਵੀ ਦਫਤਰ ਵਿਚ ਬੈਠ ਕੇ ਕਿਸੇ ਚੀਜ਼ ਲਈ ਵੀ ਹੁਕਮ ਨਹੀਂ ਸੀ ਕਰਦੇ, ਉਨ੍ਹਾਂ ਦਾ ਕੰਮ ਕਰਵਾਉਣ ਦਾ ਤਰੀਕਾ ਨਾਲ ਹੋ ਕੇ ਕੰਮ ਕਰਨਾ ਹੀ ਸੀ। ਸਾਨੂੰ ਸਾਰਿਆਂ ਨੂੰ ਕਦੀ ਵੀ ਇਹ ਨਹੀਂ ਸੀ ਲਗਦਾ ਜੋ ਸਵਾਮੀ ਜੀ ਕੰਮ ਕਰਨ ਦਾ ਹੁਕਮ ਦੇ ਰਹੇ ਹਨ। ਸਵਾਮੀ ਜੀ ਨੂੰ ਸੜਕਾਂ ਬਨਵਾਉਣ ਦਾ ਬਹੁਤ ਹੀ ਅਨੁਭਵ ਸੀ, ਇਸੇ ਕਰਕੇ ਉਨ੍ਹਾਂ ਨੇ ਸਾਰੇ ਬਾਗ ਵਿਚ ਪੱਥਰ ਲਗਾ ਕੇ ਚੱਲਣ ਲਈ ਰਾਹ ਬਣਾਇਆ, ਸਵਾਮੀ ਜੀ ਨੇ ਆਪਣੇ ਦਫਤਰ ਦਾ ਕਮਰਾ ਬਹੁਤ ਹੀ ਸੋਹਣਾ ਬਣਾਇਆ। ਸਵਾਮੀ ਜੀ ਨੇ ਰਸੋਈ ਵਿਚ ਸਾਰੇ ਭਾਂਡੇ ਦੇਖੇ ਤੇ ਸਾਰਾ ਪ੍ਰਬੰਧ ਕੀਤਾ ਤਾਂ ਜੋ ਕੋਈ ਵੀ ਚੀਜ਼ ਨਾ ਭਾਂਡੇ, ਨਾ ਖਾਣ ਦਾ ਸਮਾਨ ਥੋੜ੍ਹਾ ਹੋ ਜਾਵੇ। ਸਵਾਮੀ ਜੀ ਨੇ ਥਰੀਸਾ ਨੂੰ

ਕਿਹਾ ਕਿ ਉਹ ਟਾਈਪ ਦਾ ਕਮਰਾ ਦਫਤਰ ਪੂਰਾ ਠੀਕ ਕਰਕੇ ਸੈਟ ਕਰ ਦੇਣ। ਗੁਪਾਲ ਨੇ ਸਾਡਾ ਪਹਿਲਾਂ ਪ੍ਰੈਸ ਫਿੱਟ ਕੀਤਾ। ਇਹ ਸਾਰਾ ਕੁਝ ਕਰਕੇ ਗੈਰਜ ਵਿਚਕਾਰ ਖੜ੍ਹੀ ਕਰਨ ਦੀ ਕੋਈ ਜਗ੍ਹਾ ਨਾਂਹ ਰਹੀ। ਜਦੋਂ ਵੀ ਕੋਈ ਨਵਾਂ ਬੰਦਾ ਆਉਂਦਾ ਸਵਾਮੀ ਜੀ ਨੂੰ ਉਸ ਦੇ ਸਾਰੇ ਗੁਣ ਝੱਟ ਹੀ ਪਤਾ ਲਗ ਜਾਂਦੇ, ਸਭ ਤੋਂ ਵਿਸ਼ੇਸ਼ ਗੱਲ ਇਹ ਕਿ ਬਹੁਤ ਵਾਰੀ ਉਸ ਨੂੰ ਆਪ ਵੀ ਇਹ ਨਹੀਂ ਪਤਾ ਹੁੰਦਾ ਕਿ ਉਸ ਵਿਚ ਇਹ ਗੁਣ ਹਨ। ਲੋਹੇ ਦਾ ਕੰਮ ਕਰਨ ਵਾਲੇ ਇਕ ਸੱਜਣ ਆਏ, ਉਸ ਤੋਂ ਬਾਅਦ ਅਸੀਂ ਦੇਖਿਆ ਅਗਲੇ ਦਿਨ ਵੱਡਾ ਸਾਰਾ ਲੋਹੇ ਦਾ ਗਾਰਡਰ ਹਾਲ ਵਿਚ ਲੱਗਿਆ ਹੋਇਆ ਸੀ।

ਕਾਨ੍ਹਪੁਰ ਤੋਂ ਸਵਾਮੀ ਜੀ ਦੇ ਸ਼ਿਸ਼ ਮਿਸ਼ਰਾ ਜੀ ਆਏ ਤੇ ਉਨ੍ਹਾਂ ਨੂੰ ਐਡਮਨਿਸਟਰੇਟਰ ਬਣਾ ਦਿਤਾ ਗਿਆ ਭਾਵ ਮੇਰਾ ਕੰਮ ਉਨ੍ਹਾਂ ਨੂੰ ਦੇ ਦਿਤਾ ਗਿਆ। ਪਹਿਲਾਂ ਤਾਂ ਮੈਨੂੰ ਐਨ ਦੇ ਫੈਸਲੇ ਤੇ ਬੜੀ ਹੈਰਾਨੀ ਹੋਈ, ਮੈਨੂੰ ਬਹੁਤ ਗੁੱਸਾ ਵੀ ਆਇਆ, ਮੈਂ ਸੋਚਿਆ ਐਨ ਨੂੰ ਇਕ ਦਮ ਮੈਨੂੰ ਇਸ ਤਰ੍ਹਾਂ ਹਟਾਉਣ ਦਾ ਕੋਈ ਹੱਕ ਨਹੀਂ ਸੀ, ਕੋਈ ਗੱਲ ਬਣਦੀ ਹੀ ਨਹੀਂ, ਜਦੋਂ ਐਨ ਨੂੰ ਪਿਛਲੀ ਪਤਝੜ ਕੋਈ ਨਹੀਂ ਮਿਲ ਰਿਹਾ ਸੀ ਉਦੋਂ ਕਿਸ ਤਰ੍ਹਾਂ ਐਨ ਨੇ ਮੇਰੀਆਂ ਮਿੰਨਤਾਂ ਕੀਤੀਆਂ, ਮੇਰੀ ਹਉਮੈ ਨੂੰ ਠੇਸ ਪਹੁੰਚੀ, ਮੈਨੂੰ ਚੰਗਾ ਨਹੀਂ ਲੱਗਿਆ, ਕਿਸੇ ਨੂੰ ਇਹ ਨਹੀਂ ਦਿਸਿਆ ਮੈਂ ਕਿੰਨਾ ਕੰਮ ਕੀਤਾ ਹੈ? ਕੀ ਮੈਂ ਚੰਗਾ ਕੰਮ ਨਹੀਂ ਕੀਤਾ? ਕਿੰਨੀ ਮਿਹਨਤ ਮੈਂ ਕੀਤੀ, ਮੇਰਾ ਧੰਨਵਾਦ ਕਿਥੇ ਗਿਆ? ਕੀ ਕੁਝ ਮੈਂ ਨਹੀਂ ਕੀਤਾ? ਕਿਉਂਕਿ ਹੁਣ ਅਉਖੀ ਘੜੀ ਲੰਘ ਗਈ, ਬਹੁਤ ਸਾਰਾ ਕੰਮ ਹੋ ਚੁੱਕਾ ਸੀ, ਔਖਾ ਤੇ ਬਹੁਤਾ ਕੰਮ ਹੋ ਚੁੱਕਾ ਸੀ। ਹੁਣ ਐਨ ਸਿਹਰਾ ਉਸ ਭਾਰਤੀ ਨੂੰ ਦੇਣਾ ਚਾਹੁੰਦੀ ਸੀ। ਇਹ ਸਾਰੀਆਂ ਗੱਲਾਂ ਸੋਚ ਕੇ ਮੇਰਾ ਦਿਮਾਗ ਘੁੰਮ ਗਿਆ, ਮੈਂ ਬਹੁਤ ਦੁਖੀ ਹੋ ਗਿਆ, ਮੈਨੂੰ ਐਨਾ ਗੁੱਸਾ ਆ ਗਿਆ, ਮੈਨੂੰ ਇਸ ਤਰ੍ਹਾਂ ਲਗਣ ਲੱਗਾ ਕਿ ਮੈਂ ਫਟ ਜਾਵਾਂਗਾ।

ਮੈਂ ਛੇਤੀ ਛੇਤੀ ਐਨ ਕੋਲ ਗਿਆ, ਐਨ ਸਵਾਮੀ ਜੀ ਦੇ ਕਮਰੇ ਵਿਚ ਬੈਠੀ ਚਾਹ ਪੀ ਰਹੀ ਸੀ। ਮੈਂ ਐਨ ਨੂੰ ਕਿਹਾ, ਐਨ ਤੂੰ ਗਲਤ ਕੰਮ ਕਰ ਰਹੀ ਹੈਂ। ਐਨ ਬੜੀ ਹੀ ਧੀਰਜ ਨਾਲ ਕਹਿਣ ਲੱਗੀ ਮੈਂ ਚੇਅਰਪਰਸਨ ਹਾਂ, ਮੈਂ ਆਪਣੇ ਫੈਸਲੇ ਆਪ ਕਰ ਸਕਦੀ ਹਾਂ। ਮੈਂ ਦੇਖ ਰਿਹਾ ਸੀ, ਮੇਰੇ ਸਾਮ੍ਹਣੇ ਇਹ ਬੜੀ ਹੰਡੀ ਹੋਈ ਜ਼ਿੱਦੀ, ਕਾਰੋਬਾਰ ਕਰਨ ਵਾਲੀ ਬੀਬੀ ਬੈਠੀ ਹੈ। ਮੈਂ ਐਨ ਬਾਰੇ ਸੁਣਿਆ ਸੀ। ਮੈਂ ਐਨ ਦੀ ਆਵਾਜ਼ ਤੋਂ ਉਸ ਦੇ ਬੋਲਣ ਦੇ ਤਰੀਕੇ ਤੋਂ ਸਮਝ ਗਿਆ ਸੀ ਜੋ ਉਸ ਨੇ ਕੀਤਾ ਹੈ, ਮੈਨੂੰ ਮੰਨਣਾ ਹੀ ਪਵੇਗਾ ਹੋਰ ਕੋਈ ਤਰੀਕਾ ਹੀ ਨਹੀਂ ਹੈ, ਮੈਂ ਸਵਾਮੀ ਜੀ ਵਲ ਦੇਖਿਆ, ਉਹ ਤਾਂ ਆਪਣੀ ਆਰਾਮ ਦੇਹ ਕੁਰਸੀ ਤੇ ਪੂਰੀ ਤਰ੍ਹਾਂ ਆਰਾਮ ਹੀ ਕਰ ਰਹੇ ਸੀ, ਕਦੀ ਕਦੀ ਉਹ ਸਾਨੂੰ ਦੇਖ ਲੈਂਦੇ। ਉਨ੍ਹਾਂ ਨੇ ਕੁਝ ਨਹੀਂ ਕਿਹਾ, ਪਰ ਉਹ ਸਾਡੀ ਗੱਲ ਸੁਣਦੇ ਰਹੇ ਜੋ ਜੋ ਮੈਂ ਕਹਿੰਦਾ ਰਿਹਾ। ਹਾਰ ਕੇ ਮੈਂ ਮੰਨ ਗਿਆ ਕਿ ਮੇਰੀ ਬਹਿਸ ਕਰਨੀ ਜਾਂ ਕੁਝ ਵੀ ਕਹਿਣਾ ਬੇਅਰਥ ਹੈ। ਮੈਂ ਉਠਿਆ ਤੇ ਤੁਰਦੇ ਤੁਰਦੇ ਨੇ ਕਿਹਾ, "ਐਨ ਮੈਂ ਹਾਲੇ ਵੀ ਕਹਾਂਗਾ ਕਿ ਤੂੰ ਗਲਤੀ ਕਰ ਰਹੀ ਹੈਂ, ਮੈਨੂੰ ਕੋਈ ਨੌਕਰੀ ਨਹੀਂ ਚਾਹੀਦੀ, ਇਸ ਵਿਚ ਕੋਈ ਤਨਖਾਹ ਤਾਂ ਸੀ ਹੀ ਨਹੀਂ।"

ਦੂਸਰੇ ਦਿਨ ਸਵਾਮੀ ਜੀ ਮੈਨੂੰ ਬਾਹਰ ਮਿਲੇ ਤੇ ਕਹਿਣ ਲੱਗੇ, "ਜਸਟਿਨ! ਤੂੰ ਐਨ ਨਾਲ ਚੰਗਾ ਵਾਦ ਵਿਵਾਦ ਕੀਤਾ ਪਰ ਤੈਨੂੰ ਗੁੱਸਾ ਨਹੀਂ ਸੀ ਕਰਨਾ ਚਾਹੀਦਾ, ਨਾ ਹੀ ਉਚਾ ਬੋਲਣਾ ਚਾਹੀਦਾ ਸੀ, ਉਚੀ ਬੋਲਣ ਨਾਲ, ਗੁੱਸਾ ਕਰਨ ਨਾਲ ਐਨ ਨੂੰ ਵਧੇਰੇ ਜ਼ਿੱਦ ਆ ਗਈ, ਉਹ ਜ਼ਿੱਦੀ ਹੋ ਗਈ। ਸਵਾਮੀ ਜੀ ਅੱਗੇ ਲੰਘ ਗਏ ਪਰ ਉਨ੍ਹਾਂ ਦੇ ਸ਼ਬਦ ਮੇਰੇ ਕੰਨਾਂ ਵਿਚ ਵਜਦੇ ਰਹੇ।

ਥੋੜ੍ਹੇ ਦਿਨਾਂ ਬਾਅਦ ਜਦੋਂ ਠੰਢਾ ਹੋ ਕੇ ਮੈਂ ਸਭ ਕੁਝ ਸੋਚ ਰਿਹਾ ਸੀ, ਮੈਂ ਮਹਿਸੂਸ ਕੀਤਾ ਕਿੰਨਾ ਚੰਗਾ ਹੋਇਆ, ਮੈਂ ਸਵਾਮੀ ਜੀ ਦੀ ਸੰਸਥਾ ਵਿਚੋਂ ਵਿਹਲਾ ਹੋ ਗਿਆ ਤੇ ਮੈਂ ਪੂਰੀ ਤਰ੍ਹਾਂ ਨਾਲ ਆਪਣਾ ਪੜ੍ਹਾਉਣ ਦਾ ਹੀ ਕੰਮ ਕਰ ਰਿਹਾ ਹਾਂ। ਮੈਂ ਬਹੁਤ ਹੀ ਹਲਕਾ ਮਹਿਸੂਸ ਕੀਤਾ, ਉਹ ਮੇਰੇ ਜੀਵਨ ਦਾ ਕਾਜ ਨਹੀਂ ਸੀ, ਰੋਜ਼ ਦੇ ਕਾਰਜ ਕਰਨਾ, ਮੈਨੂੰ ਤਾਂ ਆਪਣਾ ਪੜ੍ਹਨਾ ਲਿਖਣਾ ਚਾਹੀਦਾ ਹੈ। ਕੁਝ ਹੋਰ ਕਰਨਾ ਚਾਹੀਦਾ ਹੈ, ਮੁਸਕਰਾ ਕੇ ਮੈਂ ਸਾਰੀ ਗੱਲਬਾਤ ਨੂੰ ਮੁੜ ਕੇ ਸੋਚਿਆ, ਐਨ ਨੂੰ ਪਤਾ ਸੀ ਕੰਮ ਕਿਵੇਂ ਕਰੀਦਾ ਹੈ, ਸੰਸਥਾ ਕਿਵੇਂ ਚਲਾਈਦੀ ਹੈ। ਮੈਨੂੰ ਤਾਂ ਕੇਵਲ ਪੜ੍ਹਾਉਣਾ ਹੀ ਆਉਂਦਾ ਹੈ। ਉਨ੍ਹਾਂ ਨੇ ਮਿਸ਼ਰਾ ਜੀ ਨੂੰ ਕੰਮ ਤੇ ਰਖ ਲਿਆ ਸੀ। ਮੈਂ ਆਪਣੀਆਂ ਕਲਾਸਾਂ ਤੇ ਮੁੜ ਕੇ ਚਲਾ ਗਿਆ ਸੀ, ਮੈਂ ਬਿਲਕੁਲ ਆਜ਼ਾਦ ਮਹਿਸੂਸ ਕਰਦਾ ਸੀ ਜਿਸ ਵੇਲੇ ਮਰਜ਼ੀ ਆਵਾਂ ਜਿਸ ਵੇਲੇ ਮਰਜ਼ੀ ਜਾਵਾਂ। ਜਦੋਂ ਮੈਂ ਫੈਸਲਾ ਕਰ ਲਿਆ ਸੀ, ਮੈਨੂੰ ਸਵਾਮੀ ਜੀ ਨੇ ਬੁਲਾਇਆ ਤੇ ਕਹਿਣ ਲੱਗੇ, "ਜਸਟਿਨ, ਤੂੰ ਐਡਮਨਿਸਟਰੇਸ਼ਨ ਕਰਨਾ ਚਾਹੁੰਦਾ ਹੈ ਕਿ ਪੜ੍ਹਾਉਣਾ ਚਾਹੁੰਦਾ ਹੈਂ? ਇਹ ਦੋਨੋਂ ਇਕ ਨਹੀਂ ਹਨ।

ਉਨ੍ਹਾਂ ਦੇ ਸਵਾਲ ਪੁੱਛਣ ਦੇ ਤਰੀਕੇ ਤੋਂ ਮੈਨੂੰ ਪਤਾ ਲਗ ਗਿਆ ਸੀ ਕਿ ਜਵਾਬ ਕੀ ਹੋਣਾ ਚਾਹੀਦਾ ਹੈ, ਮੈਂ ਬੇਨਤੀ ਕੀਤੀ, ਸਵਾਮੀ ਜੀ, ਮੈਂ ਇਕ ਚੰਗਾ ਅਧਿਆਪਕ ਬਣਨਾ ਚਾਹੁੰਦਾ ਹਾਂ, ਇਕ ਮਹਾਂਪੁਰਖ ਬਣਨਾ ਚਾਹੁੰਦਾ ਹਾਂ, ਤੁਹਾਡੀ ਤਰ੍ਹਾਂ ਹੀ। ਸਵਾਮੀ ਜੀ ਨੇ ਮੇਰੇ ਮੋਢਿਆਂ ਤੇ ਬਾਂਹ ਰੱਖੀ ਤੇ ਅਸੀਂ ਇਕੱਠੇ ਹਾਲ ਕਮਰੇ ਵਲ ਤੁਰ ਪਏ ਤੇ ਆਪਣੇ ਆਪਣੇ ਕੰਮ ਲਗ ਗਏ। ਉਸ ਰਾਤ ਨੂੰ ਮੈਂ ਤੇ ਐਨ ਨੇ ਇਕ ਦੂਸਰੇ ਨੂੰ ਗਲਵਕੜੀ ਪਾਈ ਤੇ ਉਸ ਮੈਨੂੰ ਮਾਂ ਦਾ ਨਿੱਘ ਦਿਤਾ ਤੇ ਮੇਰੇ ਕੋਲੋਂ ਐਨ ਨੂੰ ਪੁੱਤਰ ਦਾ ਨਿੱਘ ਪ੍ਰਾਪਤ ਕੀਤਾ।

(ਬਾਕੀ ਪੰਨਾ 59 ਤੇ)

ਸੰਸਾ ਇਹ ਸੰਸਾਰ ਹੈ

ਸੰਤ ਵਰਿਆਮ ਸਿੰਘ ਜੀ
ਉਤਾਰਾ ਕਰਤਾ – ਬੀਬੀ ਦੇਵਿੰਦਰ ਕੌਰ

(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ –16)

ਇਕ ਵਾਰੀ ਨਾਮਦੇਵ ਜੀ ਨੂੰ ਬਹੁਤ ਸਾਰੇ ਸਾਥੀਆਂ ਸਮੇਤ ਆਪ ਜੀ ਨੂੰ ਸੱਦਾ ਆਇਆ ਕਿ ਮਹਾਰਾਜ ਆਪ ਕੇਵਲ ਦੱਖਣ ਦੇ ਅੰਦਰ ਹੀ ਨਾ ਬੈਠੋ, ਥੋੜ੍ਹਾ ਫਿਰ ਤੁਰ ਕੇ ਦਰਸ਼ਨ ਦਿਓ ਕਿਉਂਕਿ ਤੀਰਥ ਅਸਥਾਨ ਬਣਾਏ ਸੀ, ਜਿਥੇ ਸਾਧੂ ਮਹਾਤਮਾ ਇਕੱਠੇ ਹੋਇਆ ਕਰਦੇ ਸਨ, ਉਥੇ ਆ ਕੇ ਸੰਗਤਾਂ ਵੀ ਦਰਸ਼ਨ ਕਰਦੀਆਂ ਸਨ ਤੇ ਮਹਾਤਮਾ ਉਪਦੇਸ਼ ਦਿਆ ਕਰਦੇ ਸਨ। ਤੀਰਥ ਹੁੰਦੇ ਹੀ ਇਸ ਵਾਸਤੇ ਸਨ ਕਿ ਉਥੇ ਇਸ਼ਨਾਨ ਵੀ ਕਰ ਲਓ ਤੇ ਸੰਤਾਂ ਦੇ ਬਚਨ ਵੀ ਸੁਣ ਲਓ। ਸੋ ਨਾਮਦੇਵ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਵਾਹਿਗੁਰੂ ਜੀ ਤੁਹਾਡੇ ਬਹੁਤ ਨੇੜੇ ਹਨ, ਤੁਸੀਂ 72 ਵਾਰੀ ਵਾਹਿਗੁਰੂ ਜੀ ਦੇ ਸਾਕਾਰ ਰੂਪ ਵਿਚ ਦਰਸ਼ਨ ਕੀਤੇ ਹਨ। ਸੋ ਤੁਸੀਂ ਹੁਣ ਏਥੇ ਨਾ ਬੈਠੋ, ਸੰਗਤਾਂ ਨੂੰ ਘੁੰਮ ਫਿਰਕੇ ਦਰਸ਼ਨ ਦਿਓ, ਕਿਉਂਕਿ ਸਾਰੇ ਮਹਾਤਮਾ ਤਾਂ ਆਪ ਪਾਸ ਪਹੁੰਚ ਨਹੀਂ ਸਕਦੇ, ਪਰ ਮਹਾਤਮਾ ਤਾਂ ਤੀਰਥ ਹੋਇਆ ਕਰਦੇ ਹਨ। ਇਕ ਜੜ੍ਹ ਤੀਰਥ ਹੁੰਦੇ ਹਨ, ਇਕ ਜੰਗਮ ਤੀਰਥ ਹੁੰਦੇ ਹਨ। ਜੜ੍ਹ ਤੀਰਥ ਕੋਲ ਕੇਵਲ ਇਕ ਫਲ ਹੋਇਆ ਕਰਦਾ ਹੈ। ਮਹਾਤਮਾ ਚਾਰ ਫਲ ਚੱਕੀਂ ਫਿਰਦੇ ਹਨ –

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥

ਪੰਨਾ – 266

ਸਚਖੰਡ ਵਾਸੀ ਸੰਤ ਵਰਿਆਮ ਸਿੰਘ ਜੀ ਮਹਾਰਾਜ

ਧਰਮ ਉਹਨਾਂ ਕੋਲ ਹੁੰਦਾ ਹੈ, ਅਰਥ ਉਹਨਾਂ ਕੋਲ ਹੁੰਦਾ ਹੈ, ਕਾਮਨਾਵਾਂ ਪੂਰੀਆਂ ਕਰਨ ਦੀ ਸ਼ਕਤੀ ਉਹਨਾਂ ਕੋਲ ਹੁੰਦੀ ਹੈ, ਮੁਕਤੀ ਦਾ ਰਸਤਾ ਦੱਸਣ ਦੀ ਸ਼ਕਤੀ ਉਹਨਾਂ ਕੋਲ ਹੋਇਆ ਕਰਦੀ ਹੈ। ਫਿਰ ਕੀ?

ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।
ਗੁਰੂ ਮਿਲੇ ਫਲ ਅਨੇਕ ਹੈ ਕਹਤ ਕਬੀਰ ਵੀਚਾਰ।

ਸੋ ਮਹਾਤਮਾ ਤੁਰ ਫਿਰ ਕੇ ਜੰਗਮ ਤੀਰਥ ਕਹਾਉਂਦੇ ਹਨ। ਜੰਗਮ ਉਸਨੂੰ ਆਖਦੇ ਹਨ ਜਿਹੜਾ ਤੁਰ ਕੇ, ਅੱਗੇ ਜਾ ਕੇ ਫਿਰ ਤੀਰਥ ਬਣਾ ਲਵੇ। ਜਿਥੇ ਜਾਏਗਾ ਉਥੇ ਹਜ਼ਾਰਾਂ ਬੰਦੇ ਬਚਨਾਂ ਦਾ ਇਸ਼ਨਾਨ ਕਰਨ ਆ ਜਾਣਗੇ ਤੇ ਹਜ਼ਾਰਾਂ ਬੰਦੇ ਉਹਨਾਂ ਦੇ ਬਚਨਾਂ ਦੇ ਪ੍ਰਭਾਵ ਨਾਲ ਜੀਵਨ ਬਦਲ ਲੈਣਗੇ, ਬੇਅੰਤ ਪਾਪਾਂ ਦਾ, ਕ੍ਰੋੜਾਂ ਪਾਪਾਂ ਦਾ ਨਾਸ ਹੋ ਜਾਵੇਗਾ। ਸੋ ਉਹ ਤੀਰਥ ਮਹਾਤਮਾ ਹੋਇਆ ਕਰਦੇ ਹਨ ਤੇ ਉਹਨਾਂ ਦੀ ਧੂੜੀ ਨੂੰ ਜਿਹੜੇ ਜੜ੍ਹ ਤੀਰਥ ਹਨ ਉਹ ਅਕਾਲ ਪੁਰਖ ਪਾਸ ਬੇਨਤੀ ਕਰਦੇ ਹਨ –

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥

ਪੰਨਾ – 1263

ਕਿਉਂ ਕਰਦੇ ਹਨ, ਕਹਿੰਦੇ ਸਾਡੇ ਵਿਚ ਪਾਪੀ ਨਹਾ ਗਏ।

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥

ਪੰਨਾ – 1263

ਜੇਕਰ ਸਾਧੂ ਦੀ ਧੂੜ ਮਿਲ ਜਾਵੇ ਤਾਂ ਉਹ ਮੈਲ ਹਟਾ ਦਿੰਦੀ ਹੈ। ਇਸ ਤਰ੍ਹਾਂ ਪੜ੍ਹ ਲਓ –

ਧਾਰਨਾ – ਤੀਰਥ ਵੀ ਲੋਚਦੇ ਸੰਤਾਂ ਦੀ
ਧੂੜੀ ਤਾਈ –2, 2.

ਸਾਰੀ ਗੱਲ ਵਿਚਾਰ ਕੇ ਨਾਮਦੇਵ ਜੀ ਨੇ ਤੀਰਥਾਂ ਤੇ ਇਸ਼ਨਾਨ ਕਰਨਾ, ਸੰਗਤਾਂ ਨੂੰ ਦਰਸ਼ਨ ਦੇਣੇ ਤੇ ਦੇਸ਼ ਵਿਚ ਭ੍ਰਮਣ ਕਰਨ ਦਾ ਸੰਕਲਪ ਬਣਾ ਲਿਆ ਤਾਂ ਕਾਫੀ ਸਾਥੀ ਨਾਲ ਲੈ ਕੇ ਤੇ ਕਾਫੀ ਸਮੇਂ ਤਕ ਆਪ ਘੁੰਮਦੇ ਰਹੇ। ਪੰਜਾਬ ਵੀ ਆਏ, ਦਿੱਲੀ ਵੀ ਆਏ, ਬੜੀ ਜੈ ਜੈਕਾਰ ਹੋਈ। ਕਾਫੀ ਸਮੇਂ ਤੋਂ ਬਾਅਦ ਜਦ ਕਾਫੀ ਸਾਲ ਲੰਘ ਗਏ, ਜਦੋਂ ਵਾਪਸ ਗਏ ਤੇ ਦੇਖਿਆ ਜਿਹੜੀਆਂ ਉਹਨਾਂ ਦੀਆਂ ਝੌਂਪੜੀਆਂ ਹੁੰਦੀਆਂ ਸਨ, ਹੁਣ ਹੈ ਹੀ ਨਹੀਂ। ਉਥੇ ਵੱਡਾ ਸਾਰਾ ਕਿਲਾ ਬਣਿਆ ਪਿਆ ਹੈ। ਮਹੱਲ ਬਣਿਆ ਪਿਆ ਹੈ, ਕੰਧਾਂ ਖਿਚੀਆਂ ਪਈਆਂ ਹਨ, ਬਹੁਤ ਵੱਡੀ ਹਵੇਲੀ ਬਣਾ ਲਈ, ਮਕਾਨ ਬਣ ਗਏ, ਮਹਿਲ ਬਣਾ ਲਿਆ ਤਾਂ ਨਾਮਦੇਵ ਜੀ ਨੇ ਜਾ ਕੇ ਪੁਛਿਆ ਕਿ ਸਾਡੇ ਘਰ ਕਿਥੇ ਚਲੇ ਗਏ? ਪਤਾ ਲਗਾ ਕਿ ਜਿਹੜਾ ਰਾਜਾ ਹੈ, ਉਸਨੇ ਬਣਾ ਲਏ ਹਨ। ਨਾਮਦੇਵ ਜੀ ਨੇ ਕਿਹਾ ਕਿ ਰਾਜੇ ਦਾ ਧਰਮ ਤਾਂ ਹੁੰਦਾ ਹੈ, ਨਿਆ ਕਰਨਾ। ਇਸ ਤਰ੍ਹਾਂ ਥੋੜ੍ਹੀ ਹੁੰਦਾ ਹੈ ਕਿ ਅਗਲਿਆਂ ਦੇ ਘਰ ਢਾਹ ਕੇ ਆਪਣੇ ਮਹਿਲ ਬਣਾ ਲਓ।

ਰਾਜੇ ਚੁਲੀ ਨਿਆਵ ਕੀ …………॥***ਪੰਨਾ – 1240***

ਰਾਜੇ ਦਾ ਧਰਮ ਹੀ ਨਿਆ ਕਰਨਾ ਹੁੰਦਾ ਹੈ।

ਸੋ ਨਾਮਦੇਵ ਜੀ! ਰਾਜੇ ਪਾਸ ਚਲੇ ਗਏ। ਕਹਿਣ ਲੱਗੇ ਰਾਜਨ! ਅਸੀਂ ਤੀਰਥ ਯਾਤਰਾ ਲਈ ਗਏ ਸੀ। ਸਾਨੂੰ ਬਹੁਤ ਸਾਰਾ ਸਮਾਂ ਲਗ ਗਿਆ। ਏਥੇ ਜਿਹੜੇ ਸਾਰੇ ਘਰ ਸਨ ਉਹ ਤੁਸੀਂ ਢਾਹ ਦਿੱਤੇ। ਰਾਜੇ ਨੇ ਕਿਹਾ ਫੇਰ ਕੀ ਹੋ ਗਿਆ ਜੇ ਢਾਹ ਦਿੱਤੇ। ਨਾਮਦੇਵ ਜੀ ਨੇ ਕਿਹਾ ਕਿ ਘਰ ਢਾਹੁੰਣ ਵਾਸਤੇ ਕੋਈ ਨਾ ਕੋਈ ਕਾਰਣ ਤਾਂ ਹੋਣਾ ਚਾਹੀਦਾ ਹੈ। ਰਾਜੇ ਨੇ ਕਿਹਾ ਕਿ ਏਥੇ ਦੀ ਸਜਾਵਟ, ਇਥੇ ਦੀ ਵਿਉਂਤ ਵਿਚ ਫਰਕ ਪੈ ਰਿਹਾ ਸੀ, ਇਸ ਲਈ ਢਾਹ ਦਿੱਤੇ। ਜਿਹੜਾ ਮੈਂ ਨਕਸ਼ਾ ਬਣਾਇਆ ਸੀ ਉਹ ਠੀਕ ਨਹੀਂ ਸੀ ਰਹਿੰਦਾ। ਜਿੰਨੇ ਫੁਟ ਮੈਂ ਆਪਣਾ ਲੰਬਾ ਚੌੜਾ ਕਿਲ੍ਹਾ ਬਣਾਉਣਾ ਸੀ, ਉਹ ਸਹੀ ਨਹੀਂ ਸੀ ਬੈਠਦਾ। ਵਿਉਂਤ ਖਰਾਬ ਹੋ ਰਹੀ ਸੀ ਇਸ ਲਈ ਮੈਂ ਢਾਹ ਦਿੱਤੇ। ਉਸ ਵੇਲੇ ਨਾਮਦੇਵ ਜੀ ਨੇ ਇਸ ਤਰ੍ਹਾਂ ਫੁਰਮਾਇਆ –

ਧਾਰਨਾ – ਰਾਜਾ ਮੰਦਰ ਬਣਾਵੇ ਆਪਣੇ,
ਢਾਕੇ ਮੇਰੀ ਰਾਮ ਕੁਟੀਆ –2, 2.

ਨਾਮਦੇਵ ਜੀ ਕਹਿਣ ਲੱਗੇ, "ਰਾਜਨ! ਐਨੇ ਵੱਡੇ ਤੂੰ ਮਹਿਲ ਬਣਾ ਲਏ। ਘਟ ਤੋਂ ਘਟ ਗਰੀਬ ਦੇ ਰਹਿਣ ਵਾਲਾ ਥਾਂ ਤਾਂ ਰਖ ਲੈਣਾ ਸੀ। ਇਹ ਤਾਂ ਠੀਕ ਜੁਗਤ ਨਹੀਂ ਹੈ ਕਿ ਜਬਰਦਸਤੀ ਕਬਜ਼ਾ ਕਰ ਲਓ। ਅਸੀਂ ਤਾਂ ਸਿਰ ਲੁਕਾਉਣ ਵਾਸਤੇ ਥਾਂ ਬਣਾਇਆ ਹੋਇਆ ਸੀ। ਅਸੀਂ ਕੋਈ ਵੱਡੇ ਮਕਾਨ ਨਹੀਂ ਸੀ ਬਣਾਏ ਹੋਏ। ਜਿਹੜੇ ਤੁਸੀਂ ਜਰ ਨਾ ਸਕੇ।" ਰਾਜਾ ਬਹੁਤ ਅਭਿਮਾਨੀ ਸੀ। ਕਹਿਣ ਲੱਗਾ, ਫੇਰ ਕੀ ਹੋ ਗਿਆ? ਨਾਮਦੇਵ ਜੀ ਨੇ ਕਿਹਾ ਕਿ ਗੱਲ ਵੀਚਾਰ ਨਾਲ ਕਰਨੀ ਚਾਹੀਦੀ ਹੈ।

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥
ਪੰਨਾ – 692

ਏਥੇ ਤਾਂ ਕਿਸੇ ਨੇ ਵੀ ਨਹੀਂ ਰਹਿਣਾ, ਇਸ ਤਰ੍ਹਾਂ ਕਥਨ ਹੈ –

ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,
ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈ॥
ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥
ਮੋਨਦੀ ਮਦਾਨ ਕੇਤੇ, ਅਸੁਨੀ ਕੁਮਾਰ ਕੇਤੇ,
ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥
ਪੀਰ ਔ ਪੀਕਾਂਬਰ ਕੇਤੇ, ਗਨੇ ਨ ਪਰਤ ਏਤੇ,
ਭੂਮ ਹੀ ਤੇ ਹੁਇਕੈ, ਫੇਰ ਭੂਮ ਕੀ ਮਿਲਏ ਹੈਂ॥
ਅਕਾਲ ਉਸਤਤਿ
ਜੋਗੀ ਜਤੀ ਬ੍ਰਹਮਚਾਰੀ, ਬਡੇ ਬਡੇ ਛਤ੍ਰਧਾਰੀ,
ਛਤ੍ਰ ਹੀ ਕੀ ਛਾਇਆ, ਕਈ ਕੋਲ ਲੋ ਚਲਤ ਹੈਂ॥
ਅਕਾਲ ਉਸਤਤਿ

ਨਾਮਦੇਵ ਜੀ ਨੇ ਕਿਹਾ ਹੇ ਰਾਜਨ! ਐਡੇ ਵੱਡੇ ਔਲੀਏ, ਪੀਰ, ਪੈਗੰਬਰ, ਬ੍ਰਹਮਾ ਜੀ, ਵਿਸ਼ਨੂੰ ਜੀ, ਏਥੇ ਕੋਈ ਰਿਹੈ ਸੰਸਾਰ ਦੇ ਉਤੇ? ਇਕ ਆ ਜਾਂਦਾ ਹੈ ਚਲਾ ਜਾਂਦਾ ਹੈ, ਇਕ ਆ ਜਾਂਦਾ ਹੈ, ਫੇਰ ਚਲਾ ਜਾਂਦਾ ਹੈ। ਇਸ ਸੰਸਾਰ ਤੇ ਕੋਈ ਰਹਿ ਨਹੀਂ ਸਕਦਾ, ਗੱਲਾਂ ਇਸ ਤਰ੍ਹਾਂ ਕਰੀ ਜਾਂਦਾ ਹੈ ਜੋ ਸੋਭਦੀਆਂ ਨਹੀਂ ਹਨ। ਕਹਿੰਦੇ, ਦੇਖ ਇਕ ਮਾਰਕੰਡਾ ਰਿਸ਼ੀ ਹੋਇਆ ਹੈ, ਜਿਸ ਦੀ ਉਮਰ ਸਭ ਤੋਂ ਵਧ ਦਸਦੇ ਹਨ ਉਸਨੇ ਜ਼ਿੰਦਗੀ ਵਿਚ ਕੋਈ ਚੀਜ਼ ਨਹੀਂ ਸੀ ਬਣਾਈ।

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥
ਪੰਨਾ – 692

ਜੇ ਉਸ ਨੂੰ ਪੁਛਣਾ ਮਾਰਕੰਡਾ ਜੀ! ਜਦੋਂ ਅਸੀਂ ਤੁਹਾਨੂੰ ਬਚਪਨ ਵਿਚ ਦੇਖਿਆ, ਉਦੋਂ ਵੀ ਤੁਸੀਂ ਏਹੀ ਛੱਪਰ ਜਿਹਾ ਸਿਰ ਤੇ ਰਖ ਲੈਂਦੇ ਸੀ। ਜਿਧਰ ਦੀ ਹਵਾ ਆਉਣੀ ਛਪਰੀ ਉਸ ਪਾਸੇ ਕਰ ਲੈਣੀ। ਜਿਧਰੋਂ ਬਾਰਸ਼ ਆਉਣੀ ਉਧਰ ਕਰ ਲੈਣੀ, ਜਿਧਰੋਂ ਧੁਪ ਆਉਣੀ ਉਧਰ ਕਰ ਲੈਣੀ। ਲੋਕਾਂ ਨੇ ਕਹਿਣਾ ਮਾਰਕੰਡਾ ਜੀ ਕੋਈ ਪੱਕਾ ਜਿਹਾ ਘਰ ਬਣਾ ਲਓ, ਮਹਾਰਾਜ! ਉਹਨਾਂ ਨੇ ਅੱਗੋਂ ਜਵਾਬ ਦੇਣਾ ਕਿ ਚਾਰ ਦਿਨ ਦੀ ਤਾਂ ਜ਼ਿੰਦਗੀ ਹੈ, ਪਤਾ ਨਹੀਂ ਕਾਲ ਨੇ ਕਿਸ ਵੇਲੇ ਗੁਲੇਲਾ ਮਾਰਨਾ ਹੈ। ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਹੈ –

ਧਾਰਨਾ – ਮਾਰਕੰਡੇ ਨੇ ਤਪਸਿਆ ਕੀਤੀ, ਮਾਰਕੰਡੇ ਨੇ,
ਮਾਰਕੰਡੇ ਨੇ ਤਪਸਿਆ ਕੀਤੀ,
ਛਪਰੀ 'ਚ ਦਿਨ ਕੱਟ ਕੇ ਪਿਆਰਿਓ,
ਪਿਆਰਿਓ, ਛਪਰੀ 'ਚ ਦਿਨ ਕੱਟ ਕੇ ਮਾਰਕੰਡੇ ਨੇ –2,

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥
ਪੰਨਾ – 692

ਮਾਰਕੰਡਾ ਕਿੰਨੀਆਂ ਸ਼ਕਤੀਆਂ ਵਾਲਾ ਹੋਇਆ ਹੈ, ਕਿੱਡੀ ਮਹਿਮਾ ਵਾਲਾ, ਕਿੱਡੇ ਪ੍ਰਭਾਵ ਵਾਲਾ ਹੋਇਆ ਮਾਰਕੰਡਾ। ਉਹ ਰਾਜੇ ਦਾ ਲੜਕਾ ਸੀ, ਇਸ ਦੀ ਉਮਰ ਨੌਂ ਸਾਲ ਸੀ, ਇਸ ਨੂੰ ਵਖਰਾ ਰਖਕੇ ਪਾਲਿਆ ਗਿਆ ਸੀ। ਕਿਉਂਕਿ ਪਹਿਲਾਂ ਦਸਿਆ ਗਿਆ ਸੀ ਕਿ ਇਹ ਨੌਂ ਸਾਲ ਤੋਂ ਬਾਅਦ ਮਰ ਜਾਵੇਗਾ। ਇਸ ਲਈ ਰਾਜਾ ਇਸਦੇ ਮੋਹ ਵਿਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਇਸਨੇ ਨੌਂ ਸਾਲ ਤੋਂ ਬਾਅਦ ਤਾਂ ਮਰ ਹੀ ਜਾਣਾ ਹੈ। ਸੋ ਜਿਸ ਦਾਈ ਨੇ ਇਸ ਨੂੰ ਪਾਲਿਆ ਸੀ ਉਹ ਬਹੁਤ ਪਿਆਰ ਕਰਦੀ ਸੀ ਇਸਨੂੰ। ਜਦੋਂ ਇਹ ਨੌਂ ਸਾਲ ਦਾ ਹੋਣ ਵਾਲਾ ਸੀ ਤਾਂ ਉਹ ਦਾਈ ਬਹੁਤ ਵੈਰਾਗ ਕਰਦੀ ਹੈ। ਮਾਰਕੰਡੇ ਨੇ ਪੁਛਿਆ ਮਾਤਾ ਤੂੰ ਕਿਉਂ ਰੋਂਦੀ ਹੈ? ਕਹਿਣ ਲੱਗੀ ਬੇਟਾ! ਮੈਂ ਤੇਰੀ ਮਾਂ ਤੇ ਨਹੀਂ ਹਾਂ, ਮੈਂ ਤਾਂ ਤੈਨੂੰ ਕੇਵਲ ਪਾਲਿਆ ਹੈ, ਤੂੰ ਤਾਂ ਰਾਜੇ ਤੇ ਰਾਣੀ ਦਾ ਲੜਕਾ ਹੈਂ। ਮਾਰਕੰਡੇ ਨੇ ਦਾਈ ਨੂੰ ਪੁਛਿਆ ਕਿ ਇਹ ਗੱਲ ਮੈਨੂੰ ਪਹਿਲਾਂ ਕਿਉਂ ਨਾ ਦੱਸੀ ਗਈ? ਦਾਈ ਨੇ ਕਿਹਾ ਕਿ ਤੇਰੀ ਉਮਰ ਸਾਰੀ ਨੌਂ ਸਾਲ ਦੀ ਹੈ। ਰਾਜੇ ਨੇ ਕਿਹਾ ਸੀ ਕਿ ਬੱਚੇ ਨੂੰ ਮੇਰੇ ਮੱਥੇ ਨਾ ਲਾਇਓ ਕਿਉਂਕਿ ਮੈਂ ਐਵੇਂ ਮੋਹ ਵਿਚ ਪੈ ਜਾਵਾਂਗਾ। ਸੋ ਇਸ ਕਰਕੇ ਅਸੀਂ ਵਖਰੀ ਥਾਂ ਤੇ ਰਹਿੰਦੇ ਹਾਂ। ਹੁਣ ਕਿਉਂਕਿ ਤੇਰੀ ਜ਼ਿੰਦਗੀ

ਦੇ ਕੁਝ ਦਿਨ ਹੀ ਰਹਿ ਗਏ ਹਨ। ਮੈਂ ਤੈਨੂੰ ਪਾਲਿਆ ਹੈ, ਇਸ ਕਰਕੇ ਮੈਨੂੰ ਬਹੁਤ ਪਿਆਰ ਹੈ। ਮੈਨੂੰ ਤੇਰੇ ਨਾਲ ਆਪਣੇ ਪੁਤਰਾਂ ਵਰਗਾ ਹੀ ਪਿਆਰ ਹੈ। ਏਨਾ ਕਹਿ ਕੇ ਬਹੁਤ ਰੋਣ ਲਗ ਪਈ। ਮਾਰਕੰਡੇ ਨੇ ਵਰਾਉਣ ਦਾ ਯਤਨ ਕੀਤਾ ਤੇ ਕਿਹਾ ਜੇਕਰ ਕੋਈ ਸਮਸਿਆ ਆ ਜਾਵੇ ਤਾਂ ਕਿਸੇ ਨਾਲ ਸਲਾਹ ਕਰ ਲੈਣੀ ਚਾਹੀਦੀ ਹੈ। ਭਲਾ ਕੋਈ ਇਸ ਦਾ ਹੱਲ ਹੋ ਨਹੀਂ ਸਕਦਾ? ਦਾਈ ਮਾਂ ਕਹਿਣ ਲੱਗੀ, ਹਾਂ ਹੋ ਸਕਦਾ ਹੈ, ਪੁਛਿਆ ਕੀ ਹੱਲ ਹੈ? ਤਾਂ ਦਾਈ ਮਾਂ ਨੇ ਉਤਰ ਦਿੱਤਾ ਕਿ ਜੇਕਰ ਕੋਈ ਮਹਾਤਮਾ ਅਸ਼ੀਰਵਾਦ ਦੇ ਦੇਵੇ, ਚਿਰੰਜੀਵ ਹੋਣ ਦੀ ਅਸ਼ੀਰਵਾਦ ਦੇ ਦੇਵੇ ਕਿਉਂਕਿ ਮਹਾਤਮਾ ਰੱਬ ਦੀਆਂ ਕੀਤੀਆਂ ਸਭ ਮਿਟਾ ਸਕਦੇ ਹਨ ਕਿਉਂਕਿ –

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥
ਏਕ ਸਮੈ ਮੋ ਕਉ ਗਹਿ ਬਾਂਧੈ ਤਊ ਫੁਨਿ ਮੋ ਪੈ ਜਬਾਬੁ ਨ ਹੋਇ॥
ਪੰਨਾ – 1253

ਭਗਤਾਂ ਕੋਲ ਸਭ ਕੁਝ ਬਦਲਣ ਦੀ ਸ਼ਕਤੀ ਹੋਇਆ ਕਰਦੀ ਹੈ। ਉਹਨਾਂ ਕੋਲ ਪੂਰਨ ਅਧਿਕਾਰ ਹੋਇਆ ਕਰਦਾ ਹੈ। ਜਦੋਂ ਕੋਈ ਬੀਤ ਰਾਗ ਮਹਾਂਪੁਰਸ਼ ਮਿਲ ਜਾਵੇ ਇਸ ਅਵਸਥਾ ਦਾ –

ਮਨੋ ਨਾਸ਼, ਵਾਸ਼ਨਾ ਖੈ੍ਹ, ਤੱਤ ਗਿਆਨ ਵਿਚ ਬਿਰਤੀ ਰਹਿੰਦੀ ਹੋਵੇ, ਉਹ ਫਿਰ ਅਸ਼ੀਰਵਾਦ ਦੇ ਸਕਦੇ ਹਨ।

ਸੋ ਮਾਰਕੰਡੇ ਨੇ ਦਾਈ ਮਾਂ ਨੂੰ ਕਿਹਾ ਕਿ ਫਿਰ ਆਪਾਂ ਸੰਤਾਂ ਦੇ ਦਰਸ਼ਨ ਕਰੀਏ। ਸੋ ਰਾਤ ਨੂੰ ਜੰਗਲ ਵਿਚ ਫਿਰਦੇ ਫਿਰਦੇ ਇਕ ਬੀਤ ਰਾਗ ਮਹਾਂਪੁਰਸ਼ ਮਿਲ ਗਏ। ਜੋ ਕਿ ਆਪਣੇ ਪ੍ਰਵਚਨ ਕਰ ਰਹੇ ਸਨ, ਤੇ ਬਹੁਤ ਸਾਰੇ ਸਾਧਕ ਬੈਠੇ ਸੁਣ ਰਹੇ ਸਨ। ਸਭ ਕਰਨੀ ਕਮਾਈ ਵਾਲੇ ਹਨ। ਕੋਈ ਐਵੇਂ ਨਹੀਂ ਸਨ। ਸੋ ਮਾਰਕੰਡੇ ਨੇ ਇਕ ਪਾਸੇ ਤੋਂ ਨਮਸਕਾਰ ਕਰਨੀ ਸ਼ੁਰੂ ਕਰ ਦਿੱਤੀ। ਸਾਰੇ ਅਸ਼ੀਰਵਾਦ ਦੇਈ ਜਾਣ ਕਿ ਬੇਟਾ! ਚਿਰੰਜੀਵ ਹੋ। ਇਕ ਕੋਲ, ਦੂਜੇ ਕੋਲ, ਫਿਰ ਤੀਜੇ ਕੋਲ ਕਰਦੇ ਕਰਦੇ ਵੱਡੇ ਮਹਾਂਪੁਰਸ਼ਾਂ ਕੋਲ ਪਹੁੰਚ ਗਿਆ ਤੇ ਉਹਨਾਂ ਦੇ ਚਰਣ ਫੜ ਲਏ ਤੇ ਉਸਦੀ ਦਾਈ ਮਾਂ ਜੋ ਨਾਲ ਸੀ ਉਸ ਨੂੰ ਪੁਛਣ ਲੱਗੇ ਕਿ ਇਹ ਬੱਚਾ ਸਾਰੇ ਮਹਾਂਪੁਰਸ਼ਾਂ ਦਾ ਸਤਿਕਾਰ ਕਰਦਾ ਆ ਰਿਹਾ ਹੈ। ਵਿਚੋਂ ਕੀ ਗੱਲ ਹੈ? ਕਹਿਣ ਲੱਗੀ, ਮਹਾਰਾਜ! ਤੁਸੀਂ ਤੇ ਜਾਣੀ ਜਾਣ ਹੋ, ਇਸ ਬੱਚੇ ਦੀ ਉਮਰ ਕੱਲ ਨੂੰ ਖਤਮ ਹੋ ਰਹੀ ਹੈ। ਸੋ ਇਸਨੇ ਸਾਰੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਕੇ ਚਿਰੰਜੀਵ ਹੋਣ ਦੀ ਅਸ਼ੀਰਵਾਦ ਲਈ ਹੈ। ਸੋ ਮਹਾਂਪੁਰਸ਼ਾਂ ਨੇ ਬਚਨ ਕੀਤਾ ਇਹ ਠੀਕ ਕੀਤਾ ਹੈ ਇਸਨੇ ਬੀਬੀ। ਇਸ ਬੱਚੇ ਦੀ ਉਮਰ ਸਭ ਤੋਂ ਵੱਡੀ ਹੋਏਗੀ। ਇਹ ਤਾਂ ਲੱਖਾਂ ਸਾਲ ਦੀ ਉਮਰ ਭੋਗੇਗਾ।

ਸੋ ਕਹਿਣ ਲੱਗੇ ਰਾਜਨ! ਕੀ ਉਮਰ ਹੈ, ਕਲਜੁਗ ਦੇ ਅੰਦਰ? ਸੱਠ ਸਾਲ ਸਰੀਰ ਨੂੰ ਤਾਂ ਵਿਸ਼ੇ ਵਿਕਾਰ ਨਸ਼ੇ ਭੋਗ ਦਿੰਦੇ ਹਨ, ਗਲਤ ਆਹਾਰ, ਗਲਤ ਸੋਚ, ਗਲਤ ਕੱਪੜੇ ਸਰੀਰ ਦਾ ਨਾਸ਼ ਮਾਰ ਦਿੰਦੇ ਹਨ। ਉਮਰ ਕਿਸੇ ਦੀ ਪੰਜਾਹ ਕਿਸੇ ਦੀ ਸੱਠ, ਕਿਸੇ ਦੀ ਸੱਤਰ। ਸੋ ਨਾਮਦੇਵ ਜੀ ਨੇ ਰਾਜੇ ਨੂੰ ਕਿਹਾ ਕਿ ਤੇਰੀ ਉਮਰ ਕਿੰਨੀ ਹੈ? ਕਹਿਣ ਲੱਗਾ, ਬੱਸ ਨੇੜੇ ਹੀ ਪਹੁੰਚ ਰਿਹਾ ਹਾਂ। ਪਰ ਤੂੰ ਤਾਂ ਬੜੀਆਂ ਲੰਮੀਆਂ ਉਮਰਾਂ ਵਾਸਤੇ ਮਕਾਨ ਬਣਾਇਆ ਹੈ। ਸਾਡੇ ਵਾਸਤੇ ਵੀ ਮਾੜਾ ਮੋਟਾ ਥਾਂ ਛੱਡ ਦਿੰਦਾ ਤਾਂ ਕੀ ਹੋ ਜਾਣਾ ਸੀ।

ਰਾਜੇ ਨੇ ਇਸ ਗੱਲ ਦਾ ਗੁੱਸਾ ਕੀਤਾ। ਕਹਿਣ ਲੱਗਾ ਦੇਖ! ਮਾਰਕੰਡੇ ਰਿਸ਼ੀ ਦੀ ਕਿੰਨੀ ਵੱਡੀ ਉਮਰ ਲੱਖਾਂ ਵਰ੍ਹਿਆਂ ਦੀ ਸੀ। ਉਸਨੇ ਕੋਈ ਘਰ, ਕੋਈ ਪੱਕਾ ਮਕਾਨ ਨਹੀਂ ਸੀ ਬਣਾਇਆ। ਇਕ ਛਪਰੀ ਵਿਚ ਦਿਨ ਕੱਟ ਕੇ ਗਿਆ। ਬਾਦਸ਼ਾਹ ਨੇ ਕਹਿਣਾ ਕਿ ਜਦੋਂ ਅਸੀਂ ਬੱਚੇ ਸਾਂ ਉਦੋਂ ਵੀ ਤੁਸੀਂ ਇਹੋ ਜਿਹੇ ਸੀ। ਅਸੀਂ ਹੁਣ ਬਜ਼ੁਰਗ ਹੋ ਗਏ ਹਾਂ ਤਾਂ ਵੀ ਤੁਸੀਂ ਉਹੋ ਜਿਹੇ ਹੋ। ਨਾਲੇ ਤੁਹਾਨੂੰ ਅਸ਼ੀਰਵਾਦ ਮਿਲੀ ਹੋਈ ਹੈ ਕਿ ਤੁਹਾਡੀ ਉਮਰ ਸਭ ਤੋਂ ਵੱਡੀ ਹੋਵੇਗੀ। ਰਾਜੇ ਨੇ ਨਾਮਦੇਵ ਜੀ ਨੂੰ ਕਿਹਾ ਕਿ ਤੁਹਾਨੂੰ ਵੀ ਇਸ ਤਰ੍ਹਾਂ ਸੋਚਣਾ ਚਾਹੀਦਾ ਹੈ।

ਸੰਤਾਂ ਦੀ ਜਿਹੜੀ ਵੀ ਗੱਲ ਬਾਤ ਹੁੰਦੀ ਹੈ ਕਿਸੇ ਪਰਥਾਇ ਹੁੰਦੀ ਹੈ। ਉਹਨਾਂ ਦੇ ਮਨ ਵਿਚ ਸਦਾ ਹੁੰਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਜੀਵ ਦਾ ਭਲਾ ਹੋ ਜਾਵੇ। ਇਸ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਸਮਝਾਉਣ ਦਾ ਯਤਨ ਕਰਦੇ ਹਨ। ਰਾਜਾ ਕਹਿਣ ਲੱਗਾ, ਦੇਖ ਨਾਮਦੇਵ! ਮੈਂ ਤੇਰੀਆਂ ਬੜੀਆਂ ਗੱਲਾਂ ਸੁਣੀਆਂ ਹਨ, ਮੈਂ ਇਹ ਵੀ ਸੁਣਿਆ ਹੈ ਕਿ ਦਿੱਲੀ ਦਾ ਬਾਦਸ਼ਾਹ ਤੇਰੇ ਅੱਗੇ ਮੂੰਹ ਵਿਚ ਘਾਹ ਪਾ ਕੇ ਆਇਆ ਸੀ ਤੇ ਗਲ ਵਿਚ ਪੱਲਾ ਪਾ ਕੇ ਆਇਆ ਸੀ।

ਬਖਸੀ ਹਿੰਦੂ ਮੈ ਤੇਰੀ ਗਾਇ॥ ***ਪੰਨਾ – 1166***

ਮੈਨੂੰ ਇਹ ਗੱਲਾਂ ਵੀ ਪਹੁੰਚ ਚੁਕੀਆਂ ਹਨ ਤੇ ਇਹ ਵੀ ਪਤਾ ਲੱਗਾ ਹੈ ਕਿ ਤੂੰ ਬੜਾ ਅਭਿਮਾਨੀ ਪੁਰਸ਼ ਹੈਂ ਤੇ ਕਿਸੇ ਦੇ ਅੱਗੇ ਝੁਕਦਾ ਨਹੀਂ ਹੈ। ਜਾਹ, ਜਾ ਕੇ ਆਪਣੇ ਸਾਰੇ ਸਾਥੀ ਲੈ ਆ। ਮੈਂ ਫੇਰ ਦੇਖ ਲਵਾਂਗਾ। ਆਪਣੀ ਸਾਰੀ ਮੱਦਦ ਲੈ ਆ। ਨਾਮਦੇਵ ਜੀ ਨੇ ਉਤਰ ਦਿੱਤਾ ਰਾਜਨ! ਤੁਹਾਨੂੰ ਗਲਤ ਫਹਿਮੀ ਹੋ ਗਈ ਹੈ। ਨਾ ਮੈਂ ਕਿਸੇ ਦੇ ਅੱਗੇ ਅੜਦਾ ਹਾਂ, ਨਾ ਕਦੇ ਸੋਚਦਾ ਹਾਂ, ਭਗਵਾਨ ਜਾਣਦਾ ਹੈ ਮੈਂ ਤਾਂ ਇਕ ਗਰੀਬ ਜਿਹਾ ਬੰਦਾ ਹਾਂ, ਮਿਹਨਤ ਮਜ਼ੂਰੀ ਕਰਕੇ ਮੈਂ ਰੋਟੀ ਖਾਂਦਾ ਹਾਂ। ਗਰੀਬ ਆਦਮੀ ਨੇ ਕਾਹਦਾ ਮਾਨ ਕਰਨਾ ਹੈ। ਅਭਿਮਾਨ ਤਾਂ ਪੈਸੇ ਵਾਲੇ ਬੰਦੇ ਨੂੰ ਹੋਇਆ ਕਰਦਾ ਹੈ। ਉਹ ਨਹੀਂ ਕਿਸੇ ਨੂੰ ਨਿਗਾਹ ਥੱਲੇ ਲਿਆਇਆ ਕਰਦਾ। ਗਰੀਬ ਨੂੰ ਪੈਸੇ ਬਾਰੇ ਕੋਈ ਪਤਾ ਨਹੀਂ ਹੋਇਆ ਕਰਦਾ। ਜਿਹੜਾ ਬਾਹਰੋਂ ਵੀ

ਗਰੀਬ ਹੁੰਦਾ ਹੈ ਉਹ ਅੰਦਰੋਂ ਵੀ ਗਰੀਬ ਹੁੰਦਾ ਹੈ। ਸੋ ਇਸ ਕਰਕੇ ਮੇਰਾ ਤਾਂ ਜੋਰ ਕੋਈ ਨਹੀਂ ਹੈ। ਹਾਂ, ਜਿਹੜਾ ਤੂੰ ਕਹਿੰਦਾ ਹੈਂ ਰਾਜਨ ਕਿ ਤੂੰ ਆਪਣੇ ਸਾਥੀਆਂ ਨੂੰ ਲੈ ਆ, ਆਪਣੇ ਹਿਮੈਤੀਆਂ ਨੂੰ ਲੈ ਆ, ਮੇਰਾ ਹਮੈਤੀ ਤਾਂ ਕੇਵਲ ਪਰਮੇਸ਼ਰ ਹੈ, ਹੋਰ ਕੋਈ ਨਹੀਂ ਹੈ।

ਧਾਰਨਾ - ਕਰਤਾ ਰਾਮ ਸਨੇਹੀ,
ਹਮਰੋ ਕਰਤਾ ਰਾਮ ਸਨੇਹੀ -2, 4.

ਕਹਿਣ ਲੱਗੇ, ਰਾਜਨ! ਮੇਰੇ ਕੋਲ ਕਿਹੜੀਆਂ ਫੌਜਾਂ ਹਨ, ਤੂੰ ਤਾਂ ਫੌਜਾਂ ਦਾ ਮਾਲਕ ਹੈਂ, ਤੇਰੇ ਕੋਲ ਪੁਲਿਸ ਹੈ ਤੇਰੇ ਬੇਅੰਤ ਮਿਤਰ ਦੋਸਤ ਹਨ। ਮੈਂ ਤਾਂ ਕੇਵਲ ਇਕੋ ਹੀ ਮਿਤਰ ਬਣਾਇਆ ਹੈ। ਉਹ ਹੈ ਮੇਰਾ ਭਗਵਾਨ -

ਹਮਰੋ ਕਰਤਾ ਰਾਮੁ ਸਨੇਹੀ॥ ਪੰਨਾ - 692

ਉਹ ਮੈਨੂੰ ਪਿਆਰ ਵੀ ਕਰਦਾ ਹੈ, ਮੈਂ ਵੀ ਉਸਨੂੰ ਪਿਆਰ ਕਰਦਾ ਹਾਂ। ਪਰ ਮੇਰੇ ਕੋਲ ਕੋਈ ਦੁਨਿਆਵੀ ਤਾਕਤ ਤਾਂ ਨਹੀਂ ਹੈ, ਜਿਹੜਾ ਕਹਿ ਦਿਆਂ ਬਈ ਦੇਖੀ ਜਾਊਗੀ। ਸਾਧ ਸੰਗਤ ਜੀ! ਜੇ ਕਿਸੇ ਕੋਲ ਦੁਨਿਆਵੀ ਤਾਕਤ ਨਾ ਹੋਵੇ ਅਤੇ ਉਹ ਪਰਮੇਸ਼ਰ ਦੀ ਤਾਕਤ ਥੱਲੇ ਆ ਜਾਵੇ, ਸਮਰਪਣ ਕਰ ਦੇਵੇ, ਉਹਦੀ ਸ਼ਰਣ ਵਿਚ ਆ ਜਾਵੇ, ਫੇਰ ਕੀ ਹੋਇਆ ਕਰਦਾ ਹੈ? ਸਭ ਨੂੰ ਪਤਾ ਹੈ, ਜਦੋਂ ਦ੍ਰੋਪਤੀ ਪ੍ਰਭੂ ਦੀ ਸ਼ਰਣ ਵਿਚ ਆ ਗਈ ਸੀ।

ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥
ਪੰਨਾ - 1008

ਪਹਿਲਾਂ ਦੁਸਾਸਣ ਨੇ ਕੀ ਕੀਤਾ ਸੀ -

ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਦੀ ਆਂਦੀ।
ਭਾਈ ਗੁਰਦਾਸ ਜੀ ਦੀ 10/8

ਸਭਾ ਵਿਚ ਇਕੋ ਕੱਪੜੇ ਵਿਚ ਖਿਚ ਕੇ ਲੈ ਆਇਆ, ਇਸ਼ਨਾਨ ਕਰਨ ਲੱਗੀ ਸੀ।

ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਭਾਈ ਗੁਰਦਾਸ ਜੀ ਦੀ 10/8

ਹੁਕਮ ਦੇ ਦਿੱਤਾ ਕਿ ਇਸ ਨੂੰ ਨਗਨ ਕਰ ਦਿਓ -

ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।
ਭਾਈ ਗੁਰਦਾਸ ਜੀ ਦੀ 10/8

ਪੰਜੋ ਪਾਂਡੋ ਬੈਠੇ ਦੇਖ ਰਹੇ ਹਨ ਕਿ ਕੀ ਕੀਤਾ ਜਾਵੇ। ਪਰ ਬਚਨ ਦੇ ਬਧੇ ਨੀਵੀਆਂ ਪਾਈ ਬੈਠੇ ਹਨ ਕਿ ਦ੍ਰੋਪਤੀ ਨੂੰ ਜੂਏ ਵਿਚ ਹਾਰ ਚੁਕੇ ਸਨ। ਜਿਸ ਤਰ੍ਹਾਂ ਅਸੀਂ ਕੋਈ ਪਸ਼ੂ ਵੇਚ ਦੇਈਏ ਦੂਜਾ ਮਾਲਕ ਉਸਨੂੰ ਭਾਵੇਂ ਸਾਡੇ ਸਾਹਮਣੇ ਹੀ ਡੰਡੇ ਮਾਰੀ ਜਾਵੇ, ਅਸੀਂ ਕੁਝ ਨਹੀਂ ਕਰ ਸਕਦੇ। ਦੁਖੀ ਤਾਂ ਅਸੀਂ ਜ਼ਰੂਰ ਹੋਵਾਂਗੇ ਪਰ ਸਾਡਾ ਵੱਸ ਨਹੀਂ ਚਲੇਗਾ, ਕਿਉਂਕਿ ਅਸੀਂ ਵੇਚ ਬੈਠੇ ਹਾਂ।

ਇਸੇ ਤਰ੍ਹਾਂ ਪਾਂਡਵ ਦ੍ਰੋਪਤੀ ਨੂੰ ਜੂਏ ਵਿਚ ਹਾਰ ਬੈਠੇ ਸਨ। ਹੁਣ ਪਛਤਾ ਤਾਂ ਰਹੇ ਹਨ ਪਰ ਕਰ ਕੁਝ ਨਹੀਂ ਸਕਦੇ। ਉਸ ਵੇਲੇ ਜਦੋਂ ਦੁਸ਼ਾਸ਼ਣ ਨੇ ਝਟਕਾ ਮਾਰਿਆ ਤਾਂ ਅੱਧੀ ਧੋਤੀ ਰਹਿ ਗਈ, ਅੱਧੀ ਖੁਲ੍ਹ ਗਈ। ਉਸ ਵੇਲੇ ਦ੍ਰੋਪਤੀ ਪ੍ਰਭੂ ਦੀ ਸ਼ਰਣ ਵਿਚ ਚਲੀ ਗਈ। ਉਸਨੇ ਆਪਣਾ ਤਾਣ ਛੱਡ ਦਿੱਤਾ, ਉਸ ਵੇਲੇ -

ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।
ਭਾਈ ਗੁਰਦਾਸ ਜੀ ਦੀ 10/8

ਆਵਾਜ਼ ਦਿੱਤੀ ਹੇ ਪ੍ਰਭੂ! ਹੁਣ ਤੇਰੇ ਬਗੈਰ ਮੇਰਾ ਕੋਈ ਨਹੀਂ ਹੈ। ਉਧਰੋਂ ਕੀ ਹੋਇਆ?

ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
ਭਾਈ ਗੁਰਦਾਸ ਜੀ ਦੀ 10/8

ਸਾੜੀ ਉਤਾਰਦੇ ਉਤਾਰਦੇ ਦੂਤ ਥਕ ਗਏ, ਕੱਪੜੇ ਦੇ ਢੇਰਾਂ ਦੇ ਢੇਰ ਲਗ ਗਏ। ਕੱਪੜਾ ਰੱਖਣ ਨੂੰ ਕੋਈ ਥਾਂ ਨਾ ਰਿਹਾ। ਦੁਰਯੋਧਨ ਵੀ ਆ ਗਿਆ ਝਟਕੇ ਮਾਰਦਾ ਹੈ, ਘੰਟੇ ਲੰਘ ਗਏ, ਪਹਿਰ ਲੰਘ ਗਏ। ਸਾਰੀ ਸਭਾ ਸ਼ਰਮਿੰਦੀ ਹੋ ਗਈ ਕਿ ਬੁਧੀ ਤੇ ਕੀ ਪੜਦਾ ਪੈ ਗਿਆ। ਕੀ ਅਸੀਂ ਇਹਨਾਂ ਅੱਖਾਂ ਦੇ ਨਾਲ ਇਕ ਨਗਨ ਇਸਤ੍ਰੀ ਨੂੰ ਦੇਖਣਾ ਹੈ? ਭੀਸ਼ਮ ਪੀਤਾਮਾ ਇਕ ਸੌ ਪਚਹੱਤਰ ਸਾਲ ਦਾ ਸੀ। ਨੜਿਨਵੇਂ ਸਾਲ ਦਾ ਦ੍ਰੋਣਾਚਾਰਯ ਸੀ। ਸਾਰਿਆਂ ਦਾ ਰਾਜ ਮਦ ਉਤਰ ਗਿਆ।

ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ॥
ਭਾਈ ਗੁਰਦਾਸ ਜੀ ਦੀ 10/8

ਮਨ ਵਿਚ ਪਛਤਾਵਾ ਕਰ ਰਹੇ ਹਨ। ਜਿਸ ਦਾ ਕੋਈ ਨਹੀਂ ਹੁੰਦਾ, ਉਸਦਾ ਪਰਮੇਸ਼ਰ ਹੋਇਆ ਕਰਦਾ ਹੈ।

ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ॥
ਭਾਈ ਗੁਰਦਾਸ ਜੀ ਦੀ 10/8

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਦ੍ਰੋਪਦੀ ਬਹੁਤ ਪਰੇਸ਼ਾਨ ਹੈ। ਕਹਿੰਦੀ ਮਹਾਰਾਜ! ਪੈਜ ਰਹਿ ਗਈ। ਥੋੜੀ ਦੇਰ ਬਾਅਦ ਕਹਿਣ ਲੱਗੀ ਮਹਾਰਾਜ! ਤੁਸੀਂ ਵੀ ਨਾ ਬੋਹੜੇ। ਕ੍ਰਿਸ਼ਨ ਮਹਾਰਾਜ ਨੇ ਕਿਹਾ, ਦ੍ਰੋਪਦੀ! ਤੂੰ ਆਪਣੇ ਮਨ ਤੋਂ ਪੁਛ, ਪਹਿਲਾਂ ਤੂੰ ਆਪਣੇ ਮੰਤਵ ਵਾਸਤੇ ਦਲੀਲਾਂ ਰਚੀਆਂ, ਰਾਜਨੀਤੀ ਵਰਤਣ ਦਾ ਯਤਨ ਕੀਤਾ। ਫਿਰ ਤੂੰ ਆਪਣੇ ਪੜਦਾਦੇ ਨੂੰ ਇਹ ਗੱਲ ਕਹੀ ਕਿ ਤੁਹਾਡੇ ਹੁੰਦਿਆਂ ਇਹ ਕੀ ਹੋ ਰਿਹਾ ਹੈ। ਫੇਰ ਸ਼ਸ਼ਤਰ ਗੁਰੂ ਦ੍ਰੋਣਾਚਾਰਯ ਨੂੰ ਕਿਹਾ, ਫੇਰ ਬਾਕੀ ਜੋ ਸਭਾ ਵਿਚ ਬੈਠੇ ਸਨ ਉਹਨਾਂ ਨੂੰ ਕਿਹਾ। ਫਿਰ ਤੂੰ ਪਾਂਡਵਾਂ ਵੱਲ ਦੇਖਿਆ, ਫੇਰ ਮੈਨੂੰ ਆਪਣੇ ਆਪ ਤੇ ਭਰੋਸਾ ਸੀ, ਮੈਂ ਤਾਂ ਕੱਪੜੇ ਲਈ ਖੜਾ ਸੀ ਕਿ ਪਤਾ ਨਹੀਂ ਕਿਸੇ ਵੇਲੇ ਮੈਨੂੰ ਆਵਾਜ਼ ਪੈ ਜਾਵੇ। ਮੈਨੂੰ ਕੋਈ ਵਕਤ ਮਿਲਣਾ ਸੀ, ਮੈਂ ਤਾਂ ਤਿਆਰ ਬਰ ਤਿਆਰ ਖੜਾ ਸੀ। ਜਿਸ ਵੇਲੇ ਹੀ ਤੂੰ ਮੇਰੀ ਸ਼ਰਣ ਵਿਚ ਆਈ, ਜੋ ਵੀ

ਸ਼ਰਣ ਵਿਚ ਆ ਜਾਂਦਾ ਹੈ।

ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥
ਪੰਨਾ - 632

ਇਕ ਵਾਰੀ ਰਾਮ ਦਾ ਧਿਆਨ ਕੀਤਾ, ਉਸੇ ਵੇਲੇ ਬੰਧਨ ਕੱਟ ਦਿੱਤੇ -

ਧਾਰਨਾ - ਉਹ ਤਾਂ ਕਦੇ ਵੀ ਨਾ ਹਾਰਦਾ,
ਜਿਹਦੇ ਹੋ ਜਾਏ ਵੱਲ -2, 2.

ਨਿਤ ਜਪੀਐ ਸਾਸਿ ਗਰਾਸਿ ਨਾਉ ਪਰਵਦਿਗਾਰ ਦਾ॥
ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ॥
ਆਪਿ ਉਪਾਵਣਹਾਰ ਆਪੇ ਹੀ ਮਾਰਦਾ॥
ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ॥
ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ॥
ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ॥
ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥
ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥
ਪੰਨਾ - 519

ਸੋ ਨਾਮਦੇਵ ਜੀ ਨੇ ਕਿਹਾ ਰਾਜਨ! ਮੇਰੇ ਕੋਲ ਤਾਂ ਸਿਰਫ ਨੇਕੀ ਤੇ ਸਚਾਈ ਹੈ, ਹੋਰ ਤਾਂ ਮੇਰੇ ਕੋਲ ਕੁਝ ਨਹੀਂ ਹੈ। ਸਚਾਈ ਦੀ ਜ਼ਿੰਦਗੀ ਹੈ, ਨਿਮਰਤਾ ਦੀ ਜ਼ਿੰਦਗੀ ਹੈ। ਮੇਰੇ ਕੋਲ ਕੋਈ ਤਲਵਾਰ ਨਹੀਂ ਹੈ, ਕੋਈ ਸ਼ਸਤਰ ਨਹੀਂ ਹੈ, ਮੇਰੇ ਕੋਲ ਤਾਂ ਨਿਰਅਭਿਮਾਨ ਜੀਵਨ ਦੀ ਦਾਤ ਹੈ, ਪਿਆਰ ਹੈ, ਮੇਰੇ ਕੋਲ ਅਹਿੰਸਾ ਹੈ। ਮੈਂ ਹਿੰਸਾ ਨਹੀਂ ਰਖਦਾ, ਮੈਂ ਹਿੰਸਾ ਨੂੰ ਪਿਆਰ ਨਹੀਂ ਕਰਦਾ। ਸੋ ਇਸ ਕਰਕੇ ਤੈਨੂੰ ਇਹ ਗੱਲ ਨਹੀਂ ਸੀ ਕਹਿਣੀ ਚਾਹੀਦੀ। ਬਾਕੀ ਜਿਹੜਾ ਤੂੰ ਦੇਹ ਦਾ ਮਾਨ ਕਰਦਾ ਹੈਂ, ਪਤਾ ਨਹੀਂ ਕਿਸ ਵੇਲੇ ਕਾਲ ਦਾ ਗੁਲੇਲਾ ਪੈ ਜਾਵੇ।

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹੁ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥
ਪੰਨਾ - 254

ਕਾਹਦਾ ਮਾਣ ਕਰਦਾ ਹੈ।

ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥
ਪੰਨਾ - 692

ਇਸ ਦੇਹ ਨੇ ਤਾਂ ਬਿਨਸ ਜਾਣਾ ਹੈ, ਰਹਿਣੀ ਨਹੀਂ ਹੈ। ਇਸ ਦੇਹੀ ਦਾ ਹੀ ਮਾਣ ਕਰੀ ਜਾਂਦਾ ਹੈਂ। ਅੱਗੇ ਜਾਣਾ ਹੈ, ਲੇਖੇ ਦੇਣੇ ਹਨ, ਜਵਾਬ ਦੇਣੇ ਹਨ। ਸੋ ਇਸ ਦਾ ਮਾਣ ਨਾ ਕਰ, ਇਸ ਨੂੰ ਕਿਸੇ ਲੇਖੇ ਵਿਚ ਲਾ ਲੈ।

ਧਾਰਨਾ - ਤੇਰੀ ਦੇਹੀ ਨੇ ਖਾਕ ਬਣ ਜਾਣਾ,
ਜਿਸ ਦਾ ਤੂੰ ਮਾਣ ਕਰਦੈ,
ਬੰਦਿਆ ਬੰਦਿਆ, ਜਿਸ ਦਾ ਤੂੰ ਮਾਣ ਕਰਦੈਂ।
ਕਾਹੇ ਰੇ ਨਰ ਗਰਬੁ ਕਰਤ ਹਹੁ..........॥
ਪੰਨਾ - 692

ਕਾਹਦਾ ਹੰਕਾਰ ਕਰਦਾ ਹੈ, ਬਈ ਸੋਹਣੇ ਕੱਪੜੇ ਪਾਏ ਹੋਏ ਹਨ। ਤਕੜਾ ਮੈਂ ਬਹੁਤ ਹਾਂ, ਇਹ ਕਮਾਲ ਨਹੀਂ ਹੋਇਆ ਕਰਦਾ। ਇਹ ਰਹਿਣ ਵਾਲੀ ਚੀਜ਼ ਨਹੀਂ ਹੈ।

.... ਬਿਨਸਿ ਜਾਇ ਝੂਠੀ ਦੇਹੀ॥ ਪੰਨਾ - 692

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥
ਪੰਨਾ - 1375

ਹੁਣ ਖੇਹ ਬਣ ਗਈ, ਨਹੀਂ ਚਾਰ ਦਿਨਾਂ ਨੂੰ ਬਣ ਜਾਣੈ, ਇਸ ਦੇਹੀ ਨੇ ਤਾਂ ਖਤਮ ਹੋਣਾ ਹੀ ਹੋਣਾ ਹੈ। ਰਾਜੇ ਦੇਖ, ਅਸੀਂ ਤੈਨੂੰ ਬੇਨਤੀ ਕਰਦੇ ਹਾਂ, ਧਿਆਨ ਨਾਲ ਸੁਣ, ਇਹ ਜੋ ਮਾਨਸ ਜਨਮ ਹੈ, ਕਿਸੇ ਕੰਮ ਵਾਸਤੇ ਮਿਲਿਆ ਹੋਇਆ ਹੈ। ਭਜਨ ਕਰਨ ਵਾਸਤੇ, ਦੂਜਿਆਂ ਦਾ ਹਕ ਖੋਣ ਵਾਸਤੇ ਨਹੀਂ। ਝਗੜਿਆਂ ਝਾਂਟਿਆਂ ਵਾਸਤੇ ਨਹੀਂ ਇਹ ਤਾਂ ਇਕ ਬਹੁਤ ਹੀ ਵਚਿੱਤਰ ਮਸ਼ੀਨ ਹੈ, ਇਸਦੇ ਵਿਚ ਰੱਬ ਰਹਿੰਦਾ ਹੈ। ਸੋ ਇਸ ਦੇਹੀ ਨੂੰ ਕਿਸੇ ਲੇਖੇ ਵਿਚ ਲਾ ਲੈ, ਤਾ ਹੀ ਸਫਲ ਹੈ। ਜੇਕਰ ਐਵੇਂ ਜਿਵੇਂ ਗਵਾਉਣਾ ਹੈ, ਫੇਰ ਕੋਈ ਫਾਇਦਾ ਨਹੀਂ ਹੋਇਆ ਕਰਦਾ, ਸੋ ਤੂੰ ਵੀ ਵੀਚਾਰ ਕਰੀਂ।

ਇਹ ਜੋ ਦੇਹੀ ਹੈ, ਪੰਜ ਤੱਤਾਂ ਦੀ ਬਣੀ ਹੋਈ ਹੈ, ਪੱਚੀ ਪ੍ਰਕਿਰਤੀਆਂ ਦੀ ਹੋਂਦ ਤੋਂ। ਪੰਜ ਇਹਦੇ ਵਿਚ ਕਰਮ ਇੰਦਰੇ ਹਨ, ਹਥਿਆਰ ਮਿਲੇ ਹੋਏ ਹਨ। ਪੰਜ ਇਹਦੇ ਵਿਚ ਗਿਆਨ ਇੰਦਰੇ ਹਨ, ਦੇਖਣ ਵਾਸਤੇ, ਸੁਨਣ ਵਾਸਤੇ, ਸਮਝਣ ਵਾਸਤੇ। ਇਸ ਤਰ੍ਹਾਂ ਇੰਦਰੇ ਮਿਲੇ ਹਨ ਤਾਂ ਕਿ ਕੰਮ ਕਾਰ ਹੋਈ ਜਾਵੇ, ਕੰਮ ਕੀ ਕਰਨਾ ਹੈ? ਇਕ ਤਾਂ ਇਸ ਦੇਹੀ ਨੂੰ ਪਾਲਨ ਵਾਸਤੇ, ਦੂਜਾ ਇਸ ਦੇਹੀ ਦੇ ਅੰਦਰ ਵਾਹਿਗੁਰੂ ਵਸਦਾ ਹੈ। ਜਿਸ ਨਾਲੋਂ ਅਸੀਂ ਅਰਬਾਂ ਖਰਬਾਂ ਸਾਲ ਪਹਿਲਾਂ ਤੋਂ ਵਿਛੜੇ ਹੋਏ ਹਾਂ, ਉਹ ਹੁਣ ਫਲ ਤੇ ਆਈ ਹੋਈ ਚੀਜ਼ ਹੈ।

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥
ਪੰਨਾ - 309

ਇਹਦੇ ਵਿਚ ਤਾਂ ਰਤਨ ਲੁਕੇ ਪਏ ਹਨ ਨਾਮ ਦੇ -

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293

ਐਸੀ ਪਵਿਤਰ ਦੇਹ ਜੋ ਤੈਨੂੰ ਪ੍ਰਾਪਤ ਹੋਈ ਹੈ, ਜਿਹਦੇ ਵਿਚ ਵਾਹਿਗੁਰੂ ਰਹਿੰਦਾ ਹੈ।

ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਤੇਰੀ ਹੋਤ॥
ਪੰਨਾ - 309

ਕਹਿਣ ਲੱਗੇ ਇਸ ਦੇਹੀ ਵਿਚੋਂ ਪਰਮੇਸਰ ਲਭਣਾ ਹੈ, ਇਹਦੇ ਵਿਚ ਰਹਿੰਦਾ ਹੈ।

ਨਉ ਦਰ ਠਾਕੇ ਧਾਵਤੁ ਰਹਾਏ॥
ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦਿ ਸੁਣਾਵਣਿਆ॥ ਪੰਨਾ - 124

ਇਹਦੇ ਅੰਦਰ ਤਾਂ ਜੋ ਕੁਝ ਪਰਮੇਸ਼ਰ ਨੇ ਪਾਇਆ ਹੈ ਜਰਾ ਵਿਚਾਰ ਕਰਕੇ ਦੇਖ ਲੈ, ਸੋ ਇਹ ਬਿਰਤੀਆਂ ਹਨ, ਕੰਮ ਕਰਨ ਵਾਸਤੇ।

ਫਿਰ ਇਹਦੇ ਅੰਦਰ ਪੰਜ ਪ੍ਰਾਣ ਹਨ, ਉਹ ਆਪਣਾ ਆਪਣਾ ਕੰਮ ਕਰਦੇ ਹਨ। ਇਕ ਧੌਂਕਨੀ ਵਾਂਗਣ ਫੇਫੜੇ ਚਲਾਉਂਦਾ ਹੈ, ਇਕ ਮਿਹਦੇ ਦੇ ਵਿਚ ਬੈਠਾ ਕੰਮ ਕਰ ਰਿਹਾ ਹੈ, ਇਕ ਦਿਲ ਨੂੰ ਪੰਪ ਕਰ ਰਿਹਾ ਹੈ, ਇਕ ਮੈਲ ਬਾਹਰ ਕੱਢ ਰਿਹਾ ਹੈ। ਇਕ ਇਲੈਕਟਰੋਨਿਕ ਸਾਂਭੀ ਬੈਠਾ ਹੈ, ਜਿਸ ਨੂੰ ਸਮਾਨ ਪ੍ਰਾਣ ਕਹਿੰਦੇ ਹਨ। ਜਿਸ ਵੇਲੇ ਗੰਢ ਖੁਲ ਗਈ ਉਸੇ ਵੇਲੇ ਇਸ ਸਰੀਰ ਨੂੰ ਛੱਡ ਦੇਣਾ ਹੈ। ਸੋ ਇਸਦੇ ਅੰਦਰ ਮਨ ਹੈ, ਬੁਧੀ ਹੈ, ਅੰਤਸ਼ਕਰਣ ਦੀਆਂ ਚੀਜ਼ਾਂ ਫੇਰ ਇਹਦੇ ਉਤੇ ਚਿਤ ਹੈ। ਕਹਿੰਦਾ ਹੁੰਦਾ ਹੈ ਅੱਜ ਮੇਰਾ ਚਿਤ ਉਦਾਸ ਹੈ। ਅੱਜ ਮੇਰਾ ਚਿਤ ਬੜਾ ਖੁਸ਼ ਹੈ, ਇਹਦੇ ਉਤੇ ਝੂਠੀ 'ਮੈ' ਰਹਿੰਦੀ ਹੈ, ਫੇਰ ਪ੍ਰੇਮੀਆ ਇਹਦੇ ਉਤੇ ਵਾਹਿਗੁਰੂ ਵਸਦਾ ਹੈ, ਅੰਦਰ ਰਾਮ ਰਹਿੰਦਾ ਹੈ। ਫੇਰ ਉਹ ਸੁਤਾ ਨਹੀਂ ਰਹਿੰਦਾ। ਇਹ ਕੋਈ ਐਵੇਂ ਖਿਆਲੀ ਗੱਲਾਂ ਨਹੀਂ। ਉਥੇ ਤਾਂ ਨਿਸ਼ਾਨੀਆਂ ਹਨ, ਜਿਥੇ ਜਾਕੇ ਪਤਾ ਲਗਦਾ ਹੈ ਕਿ ਮੈਂ ਹੁਣ ਰਾਮ ਦੇ ਘਰ ਆ ਗਿਆ -

ਨਉ ਦਰ ਠਾਕੇ ਧਾਵਤੁ ਰਹਾਏ॥
ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦਿ ਸੁਣਾਵਣਿਆ॥ ਪੰਨਾ - 124

ਉਥੇ ਗੁਰੂ ਦਾ ਸ਼ਬਦ ਸੁਣਦਾ ਹੈ, ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਵਸਦਾ ਰਾਮ ਪਿਆਰਾ,
ਅੰਦਰ ਤੇਰੇ ਅੰਦਰ ਤੇਰੇ -2, 2.

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥
ਪੰਨਾ - 954
ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ॥
ਪੰਨਾ - 947

ਇਹ ਇਕ ਕਿਲਾ ਹੈ ਜੋ ਪਰਮੇਸ਼ਰ ਨੇ ਸਾਨੂੰ ਦਿੱਤਾ ਹੋਇਆ ਹੈ, ਆਪਣੇ ਰਹਿਣ ਵਾਸਤੇ ਉਸਨੇ ਥਾਉਂ ਬਣਾਇਆ ਹੈ। ਇਹਦੇ ਅੰਦਰ ਤਾਂ ਵਾਹਿਗੁਰੂ ਰਹਿੰਦਾ ਹੈ, ਇਹ ਦੇਹੀ ਭੋਗਾਂ ਵਾਸਤੇ ਨਹੀਂ ਮਿਲੀ, ਝਗੜੇ ਝਾਟੇ ਫਸਾਦ ਕਰਕੇ ਇਸ ਨੂੰ ਬਰਬਾਦ ਕਰਨ ਵਾਸਤੇ ਨਹੀਂ ਮਿਲੀ, ਇਹਦੇ ਅੰਦਰ ਤਾਂ ਪਰਮੇਸ਼ਰ ਦਾ ਵਾਸਾ ਹੈ -

ਨਉ ਦਰ ਠਾਕੇ ਧਾਵਤੁ ਰਹਾਏ॥ ਪੰਨਾ - 124

ਜਦੋਂ ਨੌ ਦਰਵਾਜੇ ਠਾਕ ਲਏਂਗਾ, ਨਾ ਅੱਖਾਂ ਵਲੋਂ ਸੁਰਤ ਬਾਹਰ ਜਾਵੇ, ਨਾ ਕੰਨਾਂ ਰਾਹੀਂ ਬਾਹਰ ਜਾਵੇ, ਨਾ ਕਿਸੇ ਹੋਰ ਇੰਦਰੇ ਰਾਹੀਂ ਬਾਹਰ ਜਾਵੇ, ਫੇਰ ਮਨ ਠਹਿਰ ਜਾਏਗਾ, ਫਿਰ -

ਦਸਵੈ ਨਿਜ ਘਰਿ ਵਾਸਾ ਪਾਏ॥ ਪੰਨਾ - 124

ਫੇਰ ਤੇਰਾ ਵਾਸਾ ਦਸਵੇਂ ਵਿਚ ਹੋ ਜਾਏਗਾ, ਉਥੇ ਨਿਸ਼ਾਨੀਆਂ ਹਨ, ਕੋਈ ਸੁੰਨ ਮੁੰਨ ਨਹੀਂ ਹੈ।

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦਿ ਸੁਣਾਵਣਿਆ॥ ਪੰਨਾ - 124

ਗੁਰੂ ਦੀ ਮੱਤ ਧਾਰਨ ਕਰਕੇ ਫੇਰ ਜਦੋਂ ਸ਼ਬਦ ਸੁਣਦਾ ਹੈ-

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥ ਪੰਨਾ - 1069

ਫੇਰ ਕੀ ਹੋਏਗਾ -

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ॥ ਪੰਨਾ - 1069

ਨਿਸ਼ਾਨੀਆਂ ਹੋਣਗੀਆਂ, ਤਿੰਨ ਚੀਜ਼ਾਂ ਹਨ, ਇਕ ਨਾਦ ਹੋਏਗਾ, ਇਕ ਪ੍ਰਕਾਸ਼ ਹੋਏਗਾ, ਇਕ ਅੰਮ੍ਰਿਤ ਹੋਏਗਾ, ਐਵੇਂ ਖਿਆਲ ਨਹੀਂ ਹਨ ਉਹਦੇ ਵਿਚ ਰਹਿੰਦਾ ਹੈ, ਇਸਨੂੰ ਹੀ ਸੁੰਨ ਮੰਡਲ ਆਖਦੇ ਹਨ।

ਸੁੰਨ ਮੰਡਲ ਇਕੁ ਜੋਗੀ ਬੈਸੇ॥ ਪੰਨਾ - 685

ਕਿਹੋ ਜਿਹਾ ਹੈ ਉਹ, ਕਹਿੰਦੇ -

ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥ ਪੰਨਾ - 685

ਨਾ ਉਹ ਨਾਰ ਹੈ, ਨਾ ਪੁਰਖ ਹੈ। ਸੋ ਇਹ ਸਰੀਰ ਐਵੇਂ ਖਰਾਬ ਕਰਣ ਵਾਲਾ ਨਹੀਂ। ਇਹ ਤਾਂ ਪਰਮੇਸ਼ਰ ਨੇ ਬੜੇ ਢੰਗ ਨਾਲ ਬਣਾਇਆ ਹੈ, ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਪੁਤਰੀ ਤੇਰੀ ਜੀ, ਬਿਧਿ ਕਰਿ ਥਾਟੀ -2, 2.
ਬਿਧਿ ਕਰਿ ਥਾਟੀ -2, 2.
ਪੁਤਰੀ ਤੇਰੀ ਜੀ,............... -2.

ਨਾਮਦੇਵ ਜੀ ਕਹਿਣ ਲੱਗੇ, ਰਾਜਨ! ਇਹ ਜੋ ਪੁਤਲਾ ਆਪਾਂ ਨੂੰ ਮਿਲਿਆ ਹੋਇਆ ਹੈ, ਇਸਨੂੰ ਪਰਮੇਸ਼ਰ ਨੇ ਬੜੇ ਢੰਗ ਨਾਲ ਬਣਾਇਆ ਹੈ। ਇਹਦੇ ਵਿਚ ਬਹੁਤ ਕੁਝ ਹੈ। ਪੰਜ ਤੱਤ ਹਨ, ਪੱਚੀ ਪ੍ਰਕਿਰਤੀਆਂ ਹਨ, ਪੰਜ ਪ੍ਰਾਣ ਹਨ, ਪੰਜ ਗਿਆਨ ਇੰਦਰੇ ਹਨ, ਪੰਜ ਕਰਮ ਇੰਦਰੇ ਹਨ, ਫਿਰ ਮਨ ਬਣਾਇਆ ਹੈ, ਬੁਧੀ ਬਣਾਈ ਹੈ, ਚਿਤ

ਬਣਾਇਆ ਹੈ, ਉਹਦੇ ਵਿਚ ਮੈਂ ਭਾਵ ਪੈਦਾ ਕੀਤੇ ਹਨ। ਜੇ ਇਹ ਪਰਮੇਸ਼ਰ ਨੂੰ ਮਿਲ ਪਿਆ, ਅੰਦਰੋਂ ਲਭ ਲਿਆ, ਤਾਂ ਤੇ ਇਹ ਪਾਕ ਹੈ, ਨਹੀਂ ਤਾਂ ਇਹ ਬਿਲਕੁਲ ਨਾ-ਪਾਕ ਹੈ, ਕੇਵਲ ਗੰਦ ਮੰਦ ਦਾ ਹੀ ਥੈਲਾ ਹੈ।

ਪੁਤਰੀ ਤੇਰੀ ਬਿਧਿ ਕਰਿ ਥਾਟੀ॥
ਜਾਨੁ ਸਤਿ ਕਰਿ ਹੋਇਗੀ ਮਾਟੀ॥
ਮੂਲੁ ਸਮਾਲਹੁ ਅਚੇਤ ਗਵਾਰਾ॥ ਪੰਨਾ - 374

ਆਪਣਾ ਮੂਲ ਤਾਂ ਸੰਭਾਲ ਤੇਰਾ ਮੂਲ ਕੀ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
ਪੰਨਾ - 441

ਤੂੰ ਤਾਂ ਪਰਮੇਸਰ ਦੀ ਅੰਸ਼ ਹੈ, ਆਪਣੇ ਆਪ ਨੂੰ ਸੰਭਾਲ। ਜੇ ਤੂੰ ਨਹੀਂ ਸੰਭਾਲਦਾ ਫਿਰ ਬਾਕੀ ਤੇਰੇ ਕੋਲ ਹੈ ਕੀ?

ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥ ਪੰਨਾ - 374

ਤਿੰਨ ਸੇਰ ਕੱਚਾ ਵਿਚੇ ਮਿਲਾ ਲੈ ਤੂੰ ਸਭ ਕੁਝ ਐਨਾ ਕੁ ਦਿਹਾੜੀ ਦਾ ਮਹਿਮਾਨ ਹੈ -

ਅਵਰ ਵਸਤੁ ਤੁਝ ਪਾਹਿ ਅਮਾਨ॥ ਪੰਨਾ - 374

ਭਰੀ ਬੈਠਾ ਹੈ ਬੇਅੰਤ ਸਮਾਨ ਲੈ ਕੇ, ਇਹ ਤਾਂ ਅਮਾਨਤਾ ਖਾਧੀਆਂ ਹੋਈਆਂ ਹਨ।

ਬਿਸਟਾ ਅਸਤ ਰਕਤੁ ਪਰੇਟੇ ਚਾਮ॥ ਪੰਨਾ - 374

ਇਹਦੇ ਵਿਚ ਵਿਸ਼ਟਾ ਹੈ, ਹੱਡੀਆਂ ਹਨ, ਖ਼ੂਨ ਹੈ, ਜਿਸ ਤਰ੍ਹਾਂ ਕਿ ਪਲਾਸਟਿਕ ਦੇ ਪਤਲੇ ਜਿਹੇ ਕਾਗਜ਼ ਵਿਚ ਲਪੇਟ ਕੇ ਰਖੀਆਂ ਹੋਈਆਂ ਹਨ।

ਇਸੁ ਊਪਰਿ ਲੇ ਰਾਖਿਓ ਗੁਮਾਨ॥ ਪੰਨਾ - 374

ਇਸ ਦੇ ਉਪਰ ਤੂੰ ਮਾਣ ਕਰਦਾ ਹੈ ਕਿ ਮੈਂ ਬੜਾ ਸੁੰਦਰ ਹਾਂ, ਬੜਾ ਜੋਬਨਵੰਤ ਹਾਂ, ਇਸਦਾ ਗੁਮਾਨ ਨਾ ਕਰ, ਇਹ ਤਾਂ ਉਪਰ ਪਲਾਸਟਿਕ ਦਾ ਕਵਰ ਦਿੱਤਾ ਹੋਇਆ ਹੈ ਗੰਦ ਮੰਦ ਦੇ ਉਤੇ -

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥
ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ - 374

ਜੇ ਤੂੰ ਬੁਝ ਗਿਆ ਤਾਂ ਤੇ ਤੂੰ ਪਵਿੱਤਰ ਹੈ ਜਿਥੇ ਬੈਠੇਂਗਾ ਉਹ ਥਾਂ ਪਵਿੱਤਰ, ਜਿਥੇ ਚਰਣ ਧਰੇਂਗਾ, ਉਹ ਥਾਂ ਪਵਿੱਤਰ। ਸਾਰੀ ਥਾਂ ਪਵਿੱਤਰ ਹੀ ਪਵਿੱਤਰ ਕਰ ਦੇਵੇਂਗਾ। ਜੇਕਰ ਨਹੀਂ ਤਾਂ -

ਬਿਨੁ ਬੂਝੇ ਤੂੰ ਸਦਾ ਨਾਪਾਕ॥
ਕਹੁ ਨਾਨਕ ਗੁਰ ਕਉ ਕੁਰਬਾਨੁ॥
ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ॥ ਪੰਨਾ - 374

ਰਾਜਨ! ਇਸ ਸਰੀਰ ਦੇ ਅੰਦਰ ਵਾਹਿਗੁਰੂ ਰਹਿੰਦਾ ਹੈ, ਇਹ ਜਿਹੜਾ ਤੇਰਾ ਸਰੀਰ ਹੈ ਕੋਈ ਮਾਨ ਕਰਨ ਵਾਲੀ ਚੀਜ਼ ਨਹੀਂ ਹੈ ਇਸ ਦੇ ਅੰਦਰ ਤਾਂ ਖੋਜ ਕਰਨੀ ਹੈ, ਉਹਦੀ ਨਿਸ਼ਾਨੀ ਕੀ ਹੈ, ਭਾਈ ਗੁਰਦਾਸ ਜੀ ਦਸਦੇ ਹਨ ਕਿ ਦਸਿਆ ਨਹੀਂ ਜਾਂਦਾ -

ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹੌਂ,..........॥
ਕਬਿੱਤ, ਭਾਈ ਗੁਰਦਾਸ ਜੀ

ਦੁਨੀਆਂ ਵਿਚ ਕੋਈ ਵੀ ਐਸੀ ਚੀਜ਼ ਨਹੀਂ ਹੈ ਜਿਹੜੀ ਦਸਮ ਦੁਆਰ ਵਰਗੀ ਹੋਵੇ।

..... ਗੁਰਮੁਖਿ ਪਾਵੈ ਸੁ ਤਉ, ਅਨਤ ਨ ਪਾਵਈ॥
ਕਬਿੱਤ, ਭਾਈ ਗੁਰਦਾਸ ਜੀ

ਗੁਰੂ ਕ੍ਰਿਪਾ ਕਰਕੇ ਦਸ ਦੇਵੇ, ਤਾਂ ਤੇ ਉਹ ਇਸ ਅਵਸਥਾ ਤੇ ਪ੍ਰਾਪਤ ਹੋ ਜਾਂਦਾ ਹੈ, ਅਨੁਭਵ ਦੇ ਮੰਡਲ ਵਿਚ, ਜਿਸਨੂੰ ਦਸਮ ਦੁਆਰ ਕਹਿੰਦੇ ਹਨ, ਉਥੇ ਆਤਮਾ ਹੀ ਆਤਮਾ ਹੈ, ਵਾਹਿਗੁਰੂ ਹੀ ਵਾਹਿਗੁਰੂ ਹੈ, ਝਲਕਾਰੇ ਵਜਦੇ ਹਨ ਉਥੇ -

ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ॥
ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ॥
ਪੰਨਾ - 1123

ਮਨ ਆਨੰਦ ਹੋ ਜਾਂਦਾ ਹੈ, ਉਥੇ ਫੁਰਨੇ ਖਤਮ ਹੋ ਜਾਂਦੇ ਹਨ, ਅਫੁਰ ਅਵਸਥਾ ਆ ਜਾਂਦੀ ਹੈ, ਦੇਖਦਾ ਹੈ, ਸੁਣਦਾ ਹੈ ਪਰ 'ਮੈ' ਮਰ ਜਾਂਦੀ ਹੈ, ਮੈਂ ਭਾਵ ਖਤਮ ਹੋ ਜਾਂਦਾ ਹੈ -

ਉਨਮਨੀ ਜੋਤਿ ਪਟੰਤਰ ਦੀਜੈ ....॥
ਕਬਿੱਤ, ਭਾਈ ਗੁਰਦਾਸ ਜੀ

ਜਿਹੜਾ ਉਥੇ ਆਤਮਾ ਮੰਡਲ ਦਾ ਪ੍ਰਕਾਸ਼ ਹੈ, ਕੀ ਉਹ ਹਜ਼ਾਰ ਬਲਬ ਵਰਗਾ ਹੈ ਜਾਂ ਸੂਰਜ ਵਰਗਾ ਹੈ ਜਾਂ ਚੰਦਰਮਾਂ ਵਰਗਾ ਹੈ, ਬਿਜਲੀ ਵਰਗਾ ਹੈ ਜਾਂ ਮੋਤੀ ਹੀਰਿਆਂ ਵਰਗਾ ਹੈ।

ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ,
ਦਇਆ ਕੈ ਦਿਖਾਵੈ ਜਾਹੀ, ਤਾਹੀ ਬਨਿ ਆਵਈ॥
ਕਬਿੱਤ, ਭਾਈ ਗੁਰਦਾਸ ਜੀ

ਜਿਸਦੇ ਉਤੇ ਮਾਲਕ ਨੇ ਕ੍ਰਿਪਾ ਕਰ ਦਿੱਤੀ ਉਸਨੂੰ ਦਿਖਾ ਦਿੱਤਾ, ਦੇਖਕੇ ਚੁਪ ਹੀ ਹੋ ਜਾਂਦਾ ਹੈ। ਉਥੇ ਰਾਗ ਕਿਹੋ ਜਿਹਾ ਹੈ, ਉਹ ਵੀ ਨਹੀਂ ਦਸਿਆ ਜਾਂਦਾ। ਕਹਿੰਦੇ ਜੇਕਰ ਉਹ ਇਕ ਵਾਰੀ ਰਾਗ ਸੁਣ ਲਓ ਜਾਂ ਇਕ ਵਾਰੀ ਉਹ ਪ੍ਰਕਾਸ਼ ਦੇਖ ਲਓ, ਉਹ ਭੁਲਦਾ ਨਹੀਂ। ਭਜਨ ਕਰਨ ਵਾਲਿਆਂ ਨੂੰ ਕਈ ਮੌਕੇ ਆਉਂਦੇ ਹਨ, ਜਦੋਂ ਬਿਰਤੀ ਟਿਕ ਜਾਂਦੀ ਹੈ ਤਾਂ ਰੋਜ ਹੀ ਦਿਖਾਈ ਦੇ ਜਾਂਦੇ ਹਨ। ਪਹਿਲਾਂ ਪਹਿਲਾਂ ਪਰਮੇਸ਼ਰ ਜਗਿਆਸੂਆਂ ਨੂੰ ਦਿਖਾ ਦਿੰਦਾ ਹੈ ਕਿ ਭਾਈ ਤੂੰ ਐਥੇ ਆਉਣਾ ਹੈ, ਜਦੋਂ ਬੰਦਗੀ ਕਰਦੇ ਕਰਦੇ ਵਜਦ ਵਿਚ ਆ ਜਾਂਦਾ ਹੈ ਤਾਂ ਮੂਰਛਤ ਹੋ ਜਾਂਦਾ ਹੈ।

ਇਕ ਵਾਰੀ ਜਦੋਂ ਵੱਡੇ ਮਹਾਰਾਜ (ਸੰਤ ਈਸ਼ਰ ਸਿੰਘ

ਜੀ ਮਹਾਰਾਜ ਰਾੜੇ ਵਾਲੇ) ਦੇ ਦੀਵਾਨ ਚੰਡੀਗੜ੍ਹ ਵਿਚ ਲਗੇ ਹੋਏ ਸਨ ਤਾਂ 10 ਸੈਕਟਰ ਮਕਾਨ ਲਿਆ ਹੋਇਆ ਸੀ। ਉਥੇ ਮਹਾਰਾਜ ਦਾ ਉਤਾਰਾ ਕਰਾ ਦੇਣਾ। ਉਥੇ ਇਕ ਮਹਾਂਪੁਰਸ਼ ਆਇਆ ਸੀ ਜੋ ਚੰਗਾ ਵਿਦਵਾਨ ਪੰਡਤ ਸੀ ਹੁਸ਼ਿਆਰਪੁਰ ਦਾ। ਉਸਨੇ ਆ ਕੇ ਦੋ ਸਵਾਲ ਕੀਤੇ। ਕਹਿੰਦਾ ਮਹਾਰਾਜ! ਦਿਸਦਾ ਹੈ, ਦੇਖਦਾ ਹਾਂ ਤਾਂ ਦੇਖ ਨਹੀਂ ਹੁੰਦਾ। ਸੁਣਦਾ ਹਾਂ ਤਾਂ ਸੁਣ ਨਹੀਂ ਹੁੰਦਾ। ਸੁਣਕੇ ਸਾਰੇ ਚੁਪ ਕਰ ਗਏ। ਉਥੇ ਇਕ ਮਹਾਤਮਾ ਬੈਠੇ ਸਨ, ਉਹ ਬੜਾ ਪੜ੍ਹਿਆ ਲਿਖਿਆ ਮਹਾਤਮਾ ਸੀ, ਐਮ.ਏ. ਕੀਤੀ ਹੋਈ ਸੀ। ਵੱਡੇ ਮਹਾਰਾਜ ਨੇ ਉਸਨੂੰ ਪੁਛਿਆ, ਮਹਾਰਾਜ! ਤੁਸੀਂ ਦਸੋ ਉਹ ਚੁਪ ਕਰ ਗਏ। ਕਹਿਣ ਲੱਗੇ, ਮਹਾਰਾਜ! ਮੈਨੂੰ ਤਾਂ ਸੁਆਲ ਹੀ ਸਮਝ ਨਹੀਂ ਆਇਆ। ਮਹਾਰਾਜ ਜੀ ਕਹਿਣ ਲੱਗੇ ਕੋਈ ਨਾ। ਸਵਾਲ ਤਾਂ ਐਨਾ ਹੀ ਹੈ ਪੰਡਤ ਜੀ! ਅਭਿਆਸ ਨਹੀਂ ਸੀ। ਗਿਆਨ ਨਹੀਂ ਸੀ ਪੂਰਾ। ਅਸੀਂ ਬੈਠੇ ਦੇਖੀ ਜਾਈਏ, ਰਮਜ਼ ਉਹਨੇ ਮਾਰੀ, ਰਮਜ਼ ਦੂਜੇ ਨੇ ਮਾਰੀ। ਜਦੋਂ ਸਾਰੇ ਚਲੇ ਗਏ ਤਾਂ ਮੈਂ ਮਹਾਰਾਜ ਜੀ ਨੂੰ ਪੁਛਿਆ ਕਿ ਇਹ ਕੀ ਰਮਜ਼ ਸੀ? ਕਹਿਣ ਲੱਗੇ ਰਮਜ਼ ਕੀ ਸੀ, ਉਹ ਜੋ ਪ੍ਰਕਾਸ਼ ਹੈ ਉਨਮਨੀ ਜੋਤਿ ਦਾ, ਉਹ ਕਦੀ ਕਦੀ ਆਇਆ ਕਰਦਾ ਹੈ, ਜਗਿਆਸੂਆਂ ਨੂੰ। ਉਹ ਜੋ ਅਨਹਦ ਨਾਦ ਹੈ, ਪਰਮੇਸ਼ਰ ਦੇ ਦੁਆਰੇ ਦਾ, ਪੰਜ ਸ਼ਬਦ ਹੁੰਦੇ ਹਨ। ਇਹ ਪੰਜ ਸ਼ਬਦ ਤਾਂ ਸਹਿ ਹੋ ਜਾਂਦੇ ਹਨ, ਕੋਈ ਔਖੀ ਗੱਲ ਨਹੀਂ ਹੈ।

ਤਿਥੈ ਨਾਦ ਬਿਨੋਦ ਕੋਡ ਅਨੰਦੁ॥ ਪੰਨਾ - 7

ਜਦੋਂ ਬੇਅੰਤ ਨਾਦ ਵਜਦੇ ਨੇ, ਦਰਗਾਹੀ ਨਾਦ, ਉਥੇ ਨਾ ਤਾਂ ਉਹਨਾਂ ਵਰਗਾ ਕੋਈ ਸਾਜ਼ ਹੈ ਇਥੇ ਉਹ ਐਨਾ ਮਨ ਮੋਂਹਦੇ ਹਨ -

ਤਾ ਕੀ ਧੁਨਿ ਮੋਹੇ ਗੋਪਾਲਾ॥ ਪੰਨਾ - 186

ਉਸ ਧੁੰਨੀ ਦੇ ਨਾਲ ਪਰਮੇਸ਼ਰ ਵੀ ਮੋਹਿਆ ਜਾਂਦਾ ਹੈ।

ਅਨਹਤ ਬਾਣੀ ਥਾਨੁ ਨਿਰਾਲਾ॥
ਤਾ ਕੀ ਧੁਨਿ ਮੋਹੇ ਗੋਪਾਲਾ॥ ਪੰਨਾ - 186

ਉਹਦੇ ਵਿਚ ਮੋਹੇ ਜਾਂਦੇ ਹਨ। ਉਹ ਕੁਦਰਤੀ ਐਸਾ ਹੀ ਹੁੰਦਾ ਹੈ, ਜਿਸ ਨੂੰ ਕਦੀ ਝਲਕਾਰਾ ਵਜਿਆ ਹੋਵੇ ਉਹ ਸਹਿ ਨਹੀਂ ਹੁੰਦਾ। ਆਦਮੀ ਐਨੇ ਵਜਦ ਵਿਚ ਆਉਂਦਾ ਹੈ, ਖੁਸ਼ੀ ਵਿਚ ਆਉਂਦਾ ਹੈ ਕਿ ਉਹਦੇ ਸਰੀਰ ਵਿਚ ਉਸਨੂੰ ਸਾਂਭਣ ਦੀ ਸਮਰੱਥਾ ਨਹੀਂ ਹੁੰਦੀ, ਜਰ ਨਹੀਂ ਸਕਦਾ, ਅਜਰ ਹੋਇਆ ਕਰਦਾ ਹੈ।

ਸੋ -

ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ,
ਦਇਆ ਕੈ ਦਿਖਾਵੈ ਜਾਹੀ, ਤਾਹੀ ਬਨਿ ਆਵਈ।
ਅਨਹਦ ਨਾਦ ਸਮਸਰਿ ਨਾਦ ਬਾਦ ਕਉਨ.........॥
ਕਬਿੱਤ, ਭਾਈ ਗੁਰਦਾਸ ਜੀ

ਕਹਿੰਦੇ ਕਿਹੜਾ ਦਸੀਏ ਕਿ ਕਿਹੜਾ ਨਾਦ ਵਜ ਰਿਹਾ ਹੈ।

..... ਸ੍ਰੀ ਗੁਰੂ ਸੁਨਾਵੈ ਜਾਹਿ, ਸੋਈ ਲਿਵ ਲਾਵਈ॥
ਕਬਿੱਤ, ਭਾਈ ਗੁਰਦਾਸ ਜੀ

ਫਿਰ ਅੰਮ੍ਰਿਤ ਦੀ ਧਾਰ ਕੈਸੀ ਹੈ।

ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਿਤ ਰਸ, ...॥
ਕਬਿੱਤ, ਭਾਈ ਗੁਰਦਾਸ ਜੀ

ਕੋਈ ਵੀ ਦੁਨੀਆਂ ਦਾ ਰਸ ਉਹਦੇ ਮੁਕਾਬਲੇ ਨਹੀਂ -

.... ਅਪਿਉ ਪੀਆਵੈ ਜਾਹਿ,
ਤਾਹੀ ਮੈ ਸਮਾਵਈ॥ ਕਬਿੱਤ, ਭਾਈ ਗੁਰਦਾਸ ਜੀ

ਬਿਨਾਂ ਪਿਆਲੇ ਤੋਂ ਹੀ ਪੀ ਹੁੰਦਾ ਹੈ, ਬਿਨਾਂ ਦੀਵੇ ਤੋਂ ਹੀ ਰੋਸ਼ਨੀ ਹੋ ਰਹੀ ਹੈ, ਬਿਨਾਂ ਸਾਜਾਂ ਤੋਂ ਹੀ ਸੰਗੀਤ ਵਜ ਰਿਹਾ ਹੈ, ਜਿਸਦਾ ਸੰਪਰਕ ਉਸ ਸ਼ਬਦ ਨਾਲ ਹੋ ਜਾਵੇ।

ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ......॥
ਪੰਨਾ - 441

ਉਹ ਧੁੰਨੀ ਉਪਜਦੀ ਹੈ ਜਿਹੜੀ ਵਾਹਿਗੁਰੂ ਨੇ ਸੰਸਾਰ ਰਚਨ ਤੋਂ ਪਹਿਲਾਂ ਬੋਲਿਆ ਸੀ।

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ ਪੰਨਾ - 3

ਏਕ ਕਵਾਵੈ ਤੇ ਸਭਿ ਹੋਆ॥ ਪੰਨਾ - 1003

ਇਸਲਾਮ ਵਾਲੇ ਕਹਿੰਦੇ ਹਨ ਕਿ ਇਕ ਆਵਾਜ਼ ਦਿੱਤੀ ਸੀ, 'ਕੁਨ' ਵਰਗੀ ਉਹ ਆਵਾਜ਼ ਹੁਣ ਤਕ ਚਲੀ ਆ ਰਹੀ ਹੈ। ਈਸਾ ਜੀ ਕਹਿੰਦੇ ਹਨ There was logos ਜਦੋਂ ਉਥੇ ਕੁਝ ਵੀ ਨਹੀਂ ਸੀ, ਕੇਵਲ ਸ਼ਬਦ ਸੀ, ਉਹ ਸ਼ਬਦ ਜਿਸਨੇ ਸਾਰੇ ਸੰਸਾਰਾਂ ਨੂੰ ਬੰਨਿਆਂ ਪਿਆ ਹੈ, ਇਹਦੇ ਅੰਦਰ ਦਿਨ ਰਾਤ ਬੋਲ ਰਿਹਾ ਹੈ, ਪਰ ਕੇਵਲ ਗੁਰੂ ਹੀ ਦਿਖਾ ਸਕਦਾ ਹੈ -

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਨਾ - 1291

ਜਦੋਂ ਅੰਦਰਲਾ ਘਰ ਦਿਖਾ ਦਿੱਤਾ, ਇਕ ਤਾਂ ਇਹ ਘਰ ਹੈ, ਦੂਜਾ ਰੱਬ ਦਾ ਘਰ ਹੈ ਇਹਦੇ ਵਿਚ। ਉਸ ਰੱਬ ਦੇ ਘਰ ਨੂੰ ਆਤਮ ਮੰਡਲ ਕਹਿੰਦੇ ਹਨ। ਅਨਭਵ ਨਗਰ ਕਹਿੰਦੇ ਹਨ, ਅਨਭਵ ਨਗਰ ਬੜੇ ਨਾਮ ਹਨ ਇਸਦੇ।

ਸਤਿਗੁਰ ਓਹੀ ਹੋਇਆ ਕਰਦੀ ਹੈ ਜੋ ਅੰਦਰ ਦਿਖਾ ਦੇਵੇ। ਜਿਹੜਾ ਐਵੇਂ ਭਰਮਾਂ ਵਿਚ ਪਾ ਦੇਵੇ, ਭੇਖਾਂ ਵਿਚ ਪਾ ਦੇਵੇ, ਉਹ ਗੁਰੂ ਨਹੀਂ ਹੋਇਆ ਕਰਦਾ, ਐਵੇਂ ਆਪਣਾ ਵਕਤ ਕਟੀ ਜਾਂਦਾ ਹੈ। ਜਿਹੜਾ ਅੰਦਰ ਦਿਖਾ ਦੇਵੇ -

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਨਾ - 1291

ਉਥੇ ਫੇਰ ਹੋਏਗਾ ਕੀ?

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥

ਪੰਨਾ – 1291

ਵਿਸਮਾਦ ਹੀ ਵਿਸਮਾਦ ਹੈ, ਉਥੇ ਹੀ ਵਾਹਿਗੁਰੂ ਕਿਹਾ ਜਾਂਦਾ ਹੈ, ਹੋਰ ਕਿਧਰੇ ਨਹੀਂ ਕਿਹਾ ਜਾਂਦਾ। ਵਾਹਿਗੁਰੂ ਉਪਰਲਾ ਮੰਤਰ ਹੈ› 'ਸੋਹੰਗ' ਜੋ ਮੰਤਰ ਹੈ ਇਹ ਦਸਵੇਂ ਦੁਆਰ ਦਾ ਮੰਤਰ ਹੈ। ਜਦੋਂ ਪ੍ਰਾਪਤੀ ਹੋਏ ਵਿਚ ਲੀਨ ਹੋ ਜਾਵੇ, ਇਕ ਤਾਂ ਹੁੰਦਾ ਹੈ ਆਪਣੇ ਆਪ ਨੂੰ ਪਛਾਨਣਾ, ਆਪਣੇ ਆਪ ਨੂੰ ਤਾਂ –

.... ਸੋਹੰ ਹੰਸਾ ਜਪੁ ਜਾਪਹੁ...........॥

ਪੰਨਾ – 1093

ਨਾਲ ਪਛਾਣਦੇ ਹਾਂ, ਇਹਦੇ ਵਿਚ ਤਾਂ ਕੋਈ ਬੋਲੀ ਨਹੀਂ ਹੈ ਇਹਦੇ ਵਿਚ ਤਾਂ ਵਿਸਮਾਦ ਦੇ ਝਟਕੇ ਹਨ, ਉਥੇ ਵਾਹ ਵਾਹ ਤੋਂ ਬਿਨਾਂ ਹੋਰ ਕੁਝ ਕਹਿ ਨਹੀਂ ਹੁੰਦਾ। ਸੋ –

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥

ਪੰਨਾ – 1291

ਉਥੇ ਵਾਹ ਵਾਹ ਵਾਹ ਸ਼ਬਦ ਹੈ –

ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥

ਪੰਨਾ – 1291

ਸੋ ਇਸ ਤਰ੍ਹਾਂ ਨਾਲ ਰਾਜਨ! ਇਹ ਸਰੀਰ ਇਹੋ ਜਿਹਾ ਨਹੀਂ ਹੈ ਕਿ ਇਸਦੇ ਵਿਚ ਵਾਦ ਵਿਵਾਦ ਕਰੀਏ, ਬਾਕੀ ਸਰੀਰ ਨੇ ਤਾਂ ਨਾਲ ਚਲਣਾ ਨਹੀਂ ਅਤੇ ਪਰ ਦੇਹ ਅਧਿਆਸ ਕਿਸੇ ਕੰਮ ਨਹੀਂ ਹੈ। ਇਕ ਵਾਰੀ ਬਾਬਾ ਫਰੀਦ ਜੀ ਜਾ ਰਹੇ ਸਨ, ਕੀ ਦੇਖਦੇ ਹਨ! ਕਿ ਇਕ ਘਰ ਦੇ ਅੰਦਰੋਂ ਚੀਕ ਦੀ ਆਵਾਜ਼ ਆ ਰਹੀ ਹੈ, ਬਹੁਤ ਚੀਕਾਂ ਮਾਰ ਰਹੀ ਹੈ। ਬਾਬਾ ਜੀ ਨੇ ਦਸਤਕ ਦਿੱਤੀ, ਕੀ ਦੇਖਦੇ ਹਨ ਕਿ ਜਿਹੜੀ ਬੀਬੀ ਦਰਵਾਜਾ ਖੋਲਣ ਆਈ ਹੈ, ਉਹਦੇ ਹੱਥ ਵਿਚ ਹੰਟਰ ਹੈ। ਪੁਛਿਆ ਬੇਟੀ! ਇਹ ਕਾਹਦੀ ਆਵਾਜ਼ ਆ ਰਹੀ ਹੈ? ਕਹਿਣ ਲੱਗੀ ਬਾਬਾ ਜੀ! ਤੁਸੀਂ ਸੰਤਾਂ ਨੇ ਸਾਡੇ ਕੋਲੋਂ ਕੀ ਲੈਣਾ ਹੈ? ਇਹ ਤੁਹਾਡਾ ਕੰਮ ਨਹੀਂ ਹੈ ਸਾਡੇ ਗ੍ਰਿਹਸਤੀਆਂ ਦਾ ਕੰਮ ਹੈ, ਪਰ ਜੋ ਬੜੀ ਦਰਦਨਾਕ ਆਵਾਜ਼ ਆ ਰਹੀ ਸੀ ਕੀ ਤੁਸੀਂ ਕਿਸੇ ਨੂੰ ਮਾਰ ਰਹੇ ਸੀ? ਕਹਿਣ ਲੱਗੀ, ਹਾਂ! ਮਾਰ ਰਹੀ ਸੀ। ਪੁਛਿਆ ਕਿਸਨੂੰ? ਕਹਿੰਦੀ ਮੈਂ ਆਪਣੀ ਗੋਲੀ ਨੂੰ ਮਾਰ ਰਹੀ ਸੀ। ਕਹਿਣ ਲਗੇ, ਤੂੰ ਉਸ ਨੂੰ ਕਿਉ ਮਾਰਦੀ ਸੀ? ਕਹਿੰਦੀ, ਮੈਂ ਅੱਖਾਂ ਦਾ ਖਾਸ ਫੈਸ਼ਨ ਕੱਢ ਰਹੀ ਸੀ। ਮੈਂ ਕੋਇਆਂ ਤੋਂ ਬਾਹਰ ਇਕ ਖਾਸ ਧਾਰ ਕੱਢਣੀ ਸੀ, ਉਸ ਸੁਰਮੇਂ ਦੇ ਅੰਦਰ ਇਕ ਰੜਕ ਆ ਗਈ। ਉਸ ਨਾਲ ਮੇਰੀਆਂ ਅੱਖਾਂ ਵਿਚੋਂ ਪਾਣੀ ਨਿਕਲ ਆਇਆ ਤੇ ਮੇਰਾ ਫੈਸ਼ਨ ਖਰਾਬ ਹੋ ਗਿਆ। ਆਪ ਹੀ ਮੇਰੀ ਅੱਖ ਵਲ ਦੇਖੋ। ਬਾਬਾ ਫਰੀਦ ਜੀ ਹੱਸ ਕੇ ਕਹਿਣ ਲੱਗੇ ਬੀਬੀ! ਇਸ ਸਰੀਰ ਨੇ ਤਾਂ ਖਤਮ ਹੀ ਹੋ ਜਾਣਾ ਹੈ। ਇਹ ਕਾਹਦਾ ਸ਼ਿੰਗਾਰ। ਇਸਨੂੰ ਤਾਂ ਕੁਦਰਤ ਨੇ ਹੀ ਸ਼ਿੰਗਾਰਿਆਂ ਹੋਇਆ ਹੈ, ਇਸਨੂੰ ਉਤੋਂ ਦੀ ਹੋਰ ਕੀ ਸ਼ਿੰਗਾਰ ਲਵੇਂਗੀ? ਵਾਹਿਗੁਰੂ ਨੇ ਤਾਂ ਆਪ ਹੀ ਸ਼ਿੰਗਾਰ ਕੇ ਦਿੱਤਾ ਹੈ, ਉਨੇ ਤੇ ਹੀ ਬਸ ਕਰ ਲੈਣੀ ਚਾਹੀਦੀ ਹੈ। ਉਸ ਤੋਂ ਅੱਗੇ ਨਹੀਂ ਜਾਣਾ ਚਾਹੀਦਾ। ਉਸ ਤੋਂ ਅੱਗੇ ਤਾਂ ਨੁਕਸਾਨ ਹੀ ਨੁਕਸਾਨ ਹੁੰਦੇ ਹਨ। ਉਸ ਬੀਬੀ ਨੂੰ ਸਮਝਾਇਆ ਤੇ ਗੋਲੀ ਨੂੰ ਕੁਟਣ ਤੋਂ ਹਟਾ ਦਿੱਤੀ। ਪਰ ਉਹ ਬੀਬੀ ਨਾਰਾਜ਼ ਹੀ ਰਹੀ ਕਿ ਬਾਬੇ ਨੇ ਐਵੇਂ ਆ ਕੇ ਦਖਲ ਦਿੱਤਾ।

ਕਾਫੀ ਸਮੇਂ ਤੋਂ ਬਾਅਦ ਇਕ ਦਿਨ ਬਾਬਾ ਫਰੀਦ ਜੀ ਤੁਰੇ ਆਉਂਦੇ ਹਨ ਤੇ ਆਉਂਦੇ ਆਉਂਦੇ ਕੀ ਦੇਖਦੇ ਹਨ ਕਿ ਕਬਰ ਵਿਚੋਂ ਕੱਢੀ ਹੋਈ ਖੋਪਰੀ ਝਾੜ ਤੇ ਟੰਗੀ ਹੋਈ ਹੈ। ਕਬਰ ਕੋਲ ਝਾੜ ਵੱਡੇ ਸਨ ਉਹ ਉਚੇ ਹੋ ਗਏ ਤੇ ਖੋਪਰੀ ਵੀ ਉਥੇ ਹੀ ਟੰਗੀ ਰਹਿ ਗਈ। ਉਹਦੇ ਵਿਚ ਛੋਟੀਆਂ ਛੋਟੀਆਂ ਚਿੜੀਆਂ ਆਲ੍ਹਣੇ ਪਾ ਕੇ ਵਿਚ ਬੱਚੇ ਦੇ ਦਿਆ ਕਰਨ। ਉਸ ਵੇਲੇ ਉਸ ਆਲ੍ਹਣੇ ਵਿਚ ਦੋ ਬਚੇ ਸਨ, ਇਕ ਤਾਂ ਇਕ ਅੱਖ ਵਿਚੋਂ ਝਾਕਦਾ ਹੈ ਦੂਜਾ ਦੂਜੀ ਅੱਖ ਵਿਚੋਂ ਝਾਕਦਾ ਹੈ, ਉਥੇ ਬਾਬਾ ਜੀ ਨੇ ਅੰਤਰ ਧਿਆਨ ਹੋਕੇ ਦੇਖਿਆ ਕਿ ਇਹ ਕਿਸ ਦੀ ਖੋਪੜੀ ਹੋਈ? ਜਦੋਂ ਪਤਾ ਲਗ ਗਿਆ ਤਾਂ ਸਿਜਦੇ ਵਿਚ ਹੋ ਗਏ। ਐ ਅੱਲਾ ਤਾਲਾ! ਬਲਿਹਾਰ ਤੇਰੀ ਕੁਦਰਤ ਤੋਂ, ਐਨਾ ਕਹਿ ਕੇ ਆਪਣੇ ਆਪ ਵਿਚ ਜੁੜ ਗਏ। ਕਾਫੀ ਦੇਰ ਤੋਂ ਬਾਅਦ ਜਦੋਂ ਆਪ ਉਥਾਨ ਹੋਏ ਤਾਂ ਮੁਰੀਦਾਂ ਨੇ ਪੁਛਿਆ ਕਿ ਬਾਬਾ ਜੀ ਆਪਨੇ ਕੀ ਦੇਖਿਆ ਸੀ? ਜਿਸ ਕਰਕੇ ਆਪ ਐਨੇ ਵਜਦ ਵਿਚ ਆ ਗਏ ਤੇ ਆਪਦੇ ਮੂੰਹ ਵਿਚੋਂ ਵਾਹ ਵਾਹ ਤੇ ਸੁਭਾਨ ਸੁਭਾਨ ਨਿਕਲ ਰਿਹਾ ਹੈ। ਕਹਿਣ ਲੱਗੇ ਬੇਟਾ! ਪਰਮੇਸ਼ਰ ਦੀ ਕੁਦਰਤ ਦੇਖ ਰਹੇ ਹਾਂ। ਮੁਰੀਦ ਕਹਿਣ ਲੱਗੇ ਮਹਾਰਾਜ! ਸਾਨੂੰ ਵੀ ਦਸੋ। ਕਹਿੰਦੇ ਦੇਖੋ ਇਹ ਜੋ ਖੋਪਰੀ ਹੈ, ਇਸਦੇ ਵਿਚ ਅੱਖਾਂ ਖਾਲੀ ਪਈਆਂ ਹਨ, ਕੁਝ ਵੀ ਨਹੀਂ ਹੈ, ਖਾਲੀ ਗਲੀਆਂ ਹੀ ਹਨ। ਇਹਨਾਂ ਵਿਚੋਂ ਚਿੜੀਆਂ ਦੇ ਬਚਿਆਂ ਨੇ ਵਿਚੋਂ ਚੁੰਜਾਂ ਕਢੀਆਂ ਹੋਈਆਂ ਹਨ ਤੇ ਵਿਚ ਆਲ੍ਹਣੇ ਪਾਏ ਹੋਏ ਹਨ ਤੇ ਵਿਚੋਂ ਦੀ ਝਾਕ ਰਹੇ ਹਨ। ਇਹਨਾਂ ਨੂੰ ਦੇਖ ਕੇ ਅਸੀਂ ਵਿਸਮਾਦ ਵਿਚ ਆਏ ਹਾਂ ਕਿਉਂਕਿ ਇਹੋ ਅੱਖਾਂ ਇਕ ਦਿਨ ਕਜਲ ਦੀ ਰੇਖ ਨਹੀਂ ਸਨ ਸਹਿੰਦੀਆਂ।

ਧਾਰਨਾ – ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ,
ਪੰਛੀਆਂ ਨੇ ਪਾ ਲਏ ਆਲ੍ਹਣੇ –2, 2.
ਮੇਰੇ ਪਿਆਰੇ, ਬਈ ਪੰਛੀਆਂ ਨੇ ਪਾ ਲਏ ਆਲ੍ਹਣੇ –2.
ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ–2

ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥
ਪੰਨਾ - 1379

ਕਹਿਣ ਲੱਗੇ, "ਬੇਟਾ! ਇਹ ਉਹੀ ਅੱਖਾਂ ਹਨ ਜਿੰਨਾਂ ਵਿਚ ਮੋਟਾ ਸੁਰਮਾ ਪੈ ਗਿਆ ਸੀ ਤੇ ਕਜਲ ਦੀ ਰੇਖ ਖਰਾਬ ਹੋ ਗਈ ਸੀ, ਤੇ ਇਸ ਬੀਬੀ ਨੇ ਗੋਲੀ ਨੂੰ ਕਿੰਨਾ ਮਾਰਿਆ ਸੀ। ਅੱਜ ਆ ਕੇ ਕਹੇ, ਕੁਝ ਕਹਿ ਸਕਦੀ ਹੈ? ਵੱਡੇ ਵੱਡੇ ਬਾਦਸ਼ਾਹ ਹੋਏ ਹਨ, ਜਿਨ੍ਹਾਂ ਤੇ ਘਾਹ ਜੰਮੇ ਪਏ ਹਨ। ਪਹਿਲਾਂ ਜਦੋਂ ਬਹਿੰਦੇ ਸਨ, ਨੇੜੇ ਕੋਈ ਚਿੜੀ ਨਹੀਂ ਸੀ ਫੜਕ ਸਕਦੀ। ਸੋ ਇਸ ਦੇਹੀ ਦਾ ਕੋਈ ਕਾਹਦਾ ਗੁਮਾਨ ਕਰਦਾ ਹੈ? ਤੂੰ ਕਹੀ ਜਾਂਦਾ ਹੈ ਮੇਰਾ ਹੈ, ਮੇਰਾ ਹੈ, ਮੇਰੇ ਵਿਚ ਤਾਂ ਕੋਈ ਸ਼ੈ ਨਹੀਂ, ਮੇਰਾ ਕਹਿਣ ਵਾਲੇ ਤਾਂ ਬਹੁਤ ਸੰਸਾਰ ਤੇ ਆਏ।

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਪੰਨਾ - 693

ਕਿਥੇ ਚਲੇ ਗਏ ਉਹ ਮੇਰੀ ਮੇਰੀ ਕਰਨ ਵਾਲੇ, ਸੌ ਭਰਾ ਸਨ ਉਸਦੇ।

ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥
ਪੰਨਾ - 693

ਰੁਲਦੀਆਂ ਫਿਰਦੀਆਂ ਹਨ ਦੇਹਾਂ, ਕੋਈ ਸਸਕਾਰ ਕਰਨ ਵਾਲਾ ਨਾ ਰਿਹਾ। ਜਿਹਨਾਂ ਦੇ ਉਤੇ ਵੱਡੇ ਵੱਡੇ ਛਤ੍ਰ ਝੂਲਦੇ ਸਨ, ਉਹ ਵੀ ਨਾ ਰਹੇ।

ਧਾਰਨਾ - ਕੈਰੋਂ ਕਰਤੇ ਮੇਰੀ ਜੀ ਮੇਰੀ -2, 2.
ਮੇਰੀ ਜੀ ਮੇਰੀ ਕੈਰੋਂ ਕਰਤੇ -2, 4.

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਪੰਨਾ - 693

ਕ੍ਰਿਸ਼ਨ ਮਹਾਰਾਜ ਦੋਹਾਂ ਦੇ ਰਿਸ਼ਤੇਦਾਰ ਸਨ। ਉਹਨਾਂ ਦੇ ਮਨ ਵਿਚ ਬੜੀ ਭਾਰੀ ਆਸਾ ਸੀ ਕਿ ਇਹਨਾਂ ਭਰਾਵਾਂ ਵਿਚ ਜੋ ਆਖਰੀ ਜੰਗ ਹੈ, ਕਿਸੇ ਤਰ੍ਹਾਂ ਨਾਲ ਨਾ ਹੋਣ ਦਿੱਤਾ ਜਾਵੇ। ਸੋ ਆਪਨੇ ਬਹੁਤ ਯਤਨ ਕੀਤੇ। ਇਕ ਵਾਰੀ ਆਪ ਦੁਆਰਕਾ ਤੋਂ ਆਏ ਤੇ ਆ ਕੇ ਬਿਦਰ ਦੇ ਘਰ ਠਹਿਰੇ ਤੇ ਕੌਰਵਾਂ ਨੂੰ ਬੇਨਤੀ ਕੀਤੀ ਕਿ ਜੇਕਰ ਤੁਸੀਂ ਪਾਂਡਵਾਂ ਨੂੰ ਅੱਧਾ ਰਾਜ ਨਹੀਂ ਦੇ ਸਕਦੇ ਤਾਂ ਪੰਜ ਪਿੰਡ ਦੇ ਦਿਉ। ਇਕ ਇਕ ਪਿੰਡ ਲੈ ਕੇ ਆਪਣੀ ਜਿੰਦਗੀ ਤਾਂ ਗੁਜ਼ਾਰ ਲੈਣਗੇ। ਦਰਯੋਧਨ ਕਹਿਣ ਲੱਗਾ ਦੇਖੋ ਕ੍ਰਿਸ਼ਨ! ਤੂੰ ਆਇਆ ਹੈ ਠੀਕ ਹੈ, ਪਰ ਤੂੰ ਗਲਤ ਮੰਗ ਲੈ ਕੇ ਆਇਆ ਹੈਂ। ਮੇਰੇ ਹੱਥ ਵਿਚ ਸੂਈ ਹੈ, ਤੇ ਇਸਦਾ ਨੱਕਾ ਦੇਖ। ਸੂਈ ਦੇ ਨੱਕੇ ਨੂੰ ਧਰਤੀ ਤੇ ਮਾਰਿਆ। ਕਹਿੰਦਾ ਜਿੰਨੀ ਜ਼ਮੀਨ ਇਸ ਸੂਈ ਦੇ ਨੱਕੇ ਨੇ ਮੱਲੀ ਹੈ, ਮੈਂ ਐਨੀ ਜ਼ਮੀਨ ਵੀ ਦੇਣ ਨੂੰ ਤਿਆਰ ਨਹੀਂ। ਪਿਛੋਂ ਮਹਾਂ ਭਾਰਤ ਦਾ ਕਿੱਡਾ ਵੱਡਾ ਯੁੱਧ ਹੋਇਆ, ਵਿਨਾਸ਼ ਹੋਇਆ। ਹਿੰਦੁਸਤਾਨ ਦਾ ਪੰਤਾਲੀ ਲੱਖ ਬੰਦਾ ਮਾਰਿਆ, ਅਠਾਰਾਂ ਦਿਨਾਂ ਦੇ ਅੰਦਰ। ਸਾਰੇ ਬਹਾਦਰ ਖਤਮ ਹੋ ਗਏ ਜਦ ਤੋਂ ਪੰਜ ਹਜ਼ਾਰ ਸਾਲ ਤੋਂ ਪਤਨ ਹੋਇਆ ਹੋਇਆ ਹੈ। ਕਿੰਨੇ ਵਸ ਲਗ ਗਏ ਕਿੰਨੀ ਗੁਲਾਮੀ ਸਹਿਣ ਕੀਤੀ, ਅੱਠ ਸੌ ਸਾਲ ਕਿੰਨੀ ਬੁਰੀ ਹਾਲਤ ਰਹੀ ਗੁਲਾਮੀ ਕਰਕੇ ਭਾਰਤਵਰਸ਼ ਦੀ, ਮਹਾਂਭਾਰਤ ਦੀ ਲੜਾਈ ਕਰਕੇ ਕਿੰਨਾ ਬੁਰਾ ਹਾਲ ਹੋਇਆ।

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥
ਪੰਨਾ - 693

ਕੋਈ ਰਿਹਾ ਉਹਨਾਂ ਦਾ ਸਸਕਾਰ ਕਰਨ ਵਾਲਾ? ਮੈਦਾਨੇ ਜੰਗ ਵਿਚ ਲਾਸ਼ਾਂ ਰੁਲਦੀਆਂ ਫਿਰਦੀਆਂ ਸਨ, ਪੰਤਾਲੀ ਲਖ ਦਾ ਕੌਣ ਸਸਕਾਰ ਕਰ ਦੇਵੇਗਾ?

ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥
ਪੰਨਾ - 693

ਇਕੁ ਲਖੁ ਪੂਤ ਸਵਾ ਲਖੁ ਨਾਤੀ॥
ਤਿਹ ਰਾਵਨ ਘਰ ਦੀਆ ਨ ਬਾਤੀ॥ ਪੰਨਾ - 481

ਉਹਦੇ ਨਾ ਕੋਈ ਦੀਵਾ ਜਲਦਾ ਹੈ ਨਾ ਬੱਤੀ ਜਲਦੀ ਹੈ, ਪਤਾ ਹੀ ਨਹੀਂ ਲੰਕਾ ਕਿਧਰ ਚਲੀ ਗਈ।

ਧਾਰਨਾ - ਜਿਹਦੇ ਦਰ ਤੇ ਝੂਲ ਦੇ ਹਾਥੀ,
ਲਦ ਗਏ ਨੇ ਰੌਣ ਵਰਗੇ -2, 2.

ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥
ਪੰਨਾ - 693

ਮਾਣ ਹੈ ਕਿਸੇ ਜਾਇਦਾਦ ਦਾ, ਐਸੀ ਗਲ ਨਹੀਂ ਕਰਨੀ ਚਾਹੀਦੀ। ਇਸ ਸਰੀਰ ਦੇ ਅੰਦਰ ਪਰਮੇਸ਼ਰ ਵਸਦਾ ਹੈ, ਇਸ ਦੀ ਖੋਜ ਕਰਨੀ ਹੈ, ਕਦੀ ਅਭਿਮਾਨ ਦੀ ਗਲ ਨਹੀਂ ਕਰਨੀ। ਰਾਜਾ ਨਾਮਦੇਵ ਜੀ ਨੂੰ ਕਹਿਣ ਲਗਾ ਵਾਹ ਭਗਤ ਜੀ ਵਾਹ। ਤੁਹਾਨੂੰ ਤਾਂ ਇਹਨਾਂ ਗੱਲਾਂ ਦਾ ਬੜਾ ਪਤਾ ਹੈ? ਤਾਹੀਓਂ ਹੀ ਤੁਹਾਡੇ ਮਗਰ ਦੁਨੀਆਂ ਲਗਦੀ ਹੈ। ਰਾਜਾ ਵਿਅੰਗ ਭਾਵਨਾ ਵਿਚ ਗਲ ਕਰ ਰਿਹਾ ਹੈ, ਟਿਚਰ ਕਰਦਾ ਹੈ। ਉਸ ਵੇਲੇ ਨਾਮਦੇਵ ਜੀ ਕਹਿਣ ਲੱਗੇ ਰਾਜਨ! ਸੰਤ ਤਾਂ ਦੂਸਰੇ ਦੇ ਭਲੇ ਵਾਸਤੇ ਗਲ ਕਹਿੰਦੇ ਹਨ। ਉਹਨਾਂ ਦੀ ਗੱਲ ਤੇ ਟਿਚਰ ਤੇ ਮਸ਼ਕਰੀ ਨਹੀਂ ਕਰਨੀ ਚਾਹੀਦੀ। ਮਸ਼ਕਰੀ ਠੀਕ ਨਹੀਂ ਹੁੰਦੀ। ਦੇਖ ਕ੍ਰਿਸ਼ਨ ਮਹਾਰਾਜ ਦੀ ਔਲਾਦ ਨੇ ਦੁਆਪਰ ਜੁਗ ਦੇ ਅੰਦਰ ਸਾਂਗ ਰਚਿਆ। ਪੇਟ ਤੇ ਕੱਪੜੇ ਬੰਨ ਕੇ ਵਿਚ ਬਾਟੀ ਰਖ ਲਈ ਤੇ ਲੜਕੀਆਂ ਦੇ ਕੱਪੜੇ ਪੰਜਾ ਛੇਆਂ ਨੇ ਪਾ ਲਏ। ਕਈ ਮੁੰਡੇ ਨਾਲ ਤਿਆਰ ਹੋ ਗਏ ਤੇ ਜਿਥੇ ਸੰਤ ਮਹਾਤਮਾ ਬੈਠੇ ਸਨ ਤੇ ਇਕ ਇਕ ਸੰਤ ਨੂੰ ਜਾ ਕੇ ਪੁਛਦੇ ਹਨ ਕਿ ਬਾਬਾ ਜੀ ਇਸ ਬੀਬੀ ਦੇ ਲੜਕਾ ਹੋਏਗਾ ਜਾਂ ਲੜਕੀ ਹੋਏਗੀ? ਸੰਤ ਚੁਪ ਕਰ ਰਹਿਣ। ਜਾਂਦੇ ਜਾਂਦੇ ਦੁਰਬਾਸੇ ਰਿਸ਼ੀ ਨੂੰ ਛੇੜ ਬੈਠੇ ਤੇ ਜਦੋਂ ਦੁਰਬਾਸੇ ਨੂੰ ਕਹਿਣ ਲੱਗੇ, ਇਸ ਬੀਬੀ ਦੇ

ਕੀ ਹੋਏਗਾ? ਰਿਸ਼ੀ ਨੇ ਕਿਹਾ ਦਸਾਂ? ਦੂਜੀ ਵਾਰੀ ਗਰਜ਼ ਕੇ ਬੋਲੇ, ਤੀਜੀ ਵਾਰੀ ਪੂਰੇ ਜੋਰ ਨਾਲ ਬੋਲੇ, ਬੱਚੇ ਅਜੇ ਵੀ ਪੁਛਣੋ ਨਾ ਹਟੇ। ਜੇਕਰ ਮਾਫੀ ਮੰਗ ਲੈਂਦੇ ਤਾਂ ਵੀ ਬਚ ਜਾਂਦੇ। ਕਹਿੰਦੇ –

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥
ਪੰਨਾ – 693

ਫੇਰ ਫਲ ਕੀ ਮਿਲਿਆ ਰਿਸ਼ੀ ਨੇ ਕਿਹਾ, ਇਹਦੇ ਪੇਟ ਵਿਚੋਂ ਉਹ ਪੈਦਾ ਹੋਏਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ।

ਸੰਤਨ ਸੇਤੀ ਮਸਕਰੀ ਇਹ ਡੁਬਣ ਕੀ ਰੀਤ॥

ਸੰਤਾਂ ਨਾਲ ਮਸ਼ਕਰੀਆਂ ਕਰਕੇ ਤਾਂ ਡੁਬਣਾ ਹੀ ਹੈ। ਸੋ ਇਹ ਠੀਕ ਨਹੀਂ ਹੋਇਆ ਕਰਦਾ ਰਾਜਨ। ਫਿਰ ਰੋਂਦੇ ਹੋਏ ਕ੍ਰਿਸ਼ਨ ਮਹਾਰਾਜ ਕੋਲ ਆ ਗਏ ਤੇ ਕਹਿਣ ਲੱਗੇ ਦੁਰਬਾਸਾ ਰਿਸ਼ੀ ਨੇ ਤਾਂ ਸਾਨੂੰ ਸਰਾਪ ਦੇ ਦਿੱਤਾ। ਨਾਲੇ ਕਹਿ ਦਿੱਤਾ ਕਿ ਤੁਹਾਡੀ ਕੁਲ ਦਾ ਨਾਸ਼ ਹੋਵੇਗਾ। ਨਾਲੇ ਜਦੋਂ ਪੇਟ ਤੋਂ ਕੱਪੜੇ ਉਤਾਰੇ ਬਾਟੀ ਦੀ ਜਗਾਹ ਤੇ ਅੰਦਰੋਂ ਮੂਸਲ ਨਿਕਲਿਆ ਹੈ। ਸੋ ਪਿਤਾ ਜੀ ਤੁਸੀਂ ਕੁਝ ਕਰੋ। ਆਪ ਤਾਂ ਕਲਜੁਗ ਦੇ ਸੋਲਾਂ ਕਲਾਂ ਸੰਪੂਰਨ ਅਵਤਾਰ ਹੋ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਮੇਰਾ ਤਾਂ ਆਦਿ ਜੁਗਾਦਿ ਤੋਂ ਨੇਮ ਹੈ ਮੈਂ ਆਪਣੇ ਭਗਤਾਂ ਦੀ ਗੱਲ ਕਹੀ ਹੋਈ ਕਦੀ ਨਹੀਂ ਹਟਾ ਸਕਦਾ।

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ॥
ਪੰਨਾ – 748

ਭਗਤ ਮੇਰੀ ਕੀਤੀ ਨੂੰ ਬਦਲ ਸਕਦੇ ਹਨ।

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥
ਪੰਨਾ – 1253

ਸੋ ਹੁਣ ਤਾਂ ਭਾਣਾ ਇਸ ਤਰ੍ਹਾਂ ਹੀ ਵਰਤੇਗਾ, ਬਚਿਆਂ ਨੇ ਕਿਹਾ ਮਹਾਰਾਜ! ਤੁਸੀਂ ਕੁਝ ਕਿਰਪਾ ਕਰੋ, ਕੁਝ ਯਤਨ ਕਰੋ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਜਾਉ ਇਸ ਮੂਸਲ ਨੂੰ ਰਗੜ ਲਓ। ਸੋ ਰਗੜ ਰਗੜਕੇ ਜਦੋਂ ਛੋਟਾ ਜਿਹਾ ਟੁਕੜਾ ਰਹਿ ਗਿਆ ਤਾਂ ਪਾਣੀ ਵਿਚ ਸੁਟ ਦਿੱਤਾ। ਉਥੇ ਇਕ ਮੱਛੀ ਨੇ ਇਹ ਟੁਕੜਾ ਨਿਗਲ ਲਿਆ। ਉਸ ਨੂੰ ਇਕ ਬਧਕ ਨੇ ਫੜ ਲਿਆ ਤੇ ਇਕ ਤੀਰ ਦੇ ਅਗੇ ਲਾ ਲਿਆ ਉਹ ਟੁਕੜਾ।

ਕ੍ਰਿਸ਼ਨ ਮਹਾਰਾਜ ਨੇ ਬਚਿਆਂ ਨੂੰ ਕਿਹਾ ਕਿ ਤੁਸੀਂ ਬਹੁਤ ਉਪਦਰਵ ਕਰਨ ਲਗ ਗਏ ਹੋ ਤੇ ਪ੍ਰਭਾਵਸ਼ੇਤਰ ਤੇ ਜਾਕੇ ਪ੍ਰਾਸ਼ਚਿਤ ਕਰਮ ਕਰੋ। ਕਹਿੰਦੇ ਦੁਆਰਕਾ ਵਿਚ ਭੁਚਾਲ ਆਉਣ ਲਗ ਪਏ ਤੇ ਅੱਗਾਂ ਲੱਗਣ ਲਗ ਪਈਆਂ ਹਨ। ਧਰਤੀ ਡਾਵਾਂ ਡੋਲ ਹੋ ਰਹੀ ਹੈ ਸਮੁੰਦਰ ਦਾ ਪਾਣੀ ਵੀ ਚੜ੍ਹ ਗਿਆ ਹੈ। ਕ੍ਰਿਸ਼ਨ ਮਹਾਰਾਜ ਤੋਂ ਪੰਦਰਾਂ ਸੌ ਸਾਲ ਬਾਅਦ ਦੁਆਰਕਾ ਡੁਬ ਗਈ ਸੀ। ਹੁਣ ਦੇਖਦੇ ਹਨ ਕਿ ਕਈ ਸੈਂਕੜੇ ਫੁਟ ਹੇਠਾਂ ਚਲੀ ਗਈ ਹੈ। ਜਦੋਂ ਉਹ ਪ੍ਰਾਸ਼ਚਿਤ ਕਰਨ ਗਏ ਤੇ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਦੇਖਿਓ ਕਿ ਕਿਧਰੇ ਸ਼ਰਾਬ ਨਾ ਪੀ ਲੈਣਾ। ਕਹਿਣਾ ਨਾ ਮੰਨਿਆ, ਪ੍ਰਾਸ਼ਚਿਤ ਕਰਨ ਗਏ, ਸ਼ਰਾਬ ਪੀ ਕੇ ਸਾਰੇ ਆਪਸ ਵਿਚ ਲੜ ਪਏ ਤੇ ਸਾਰੇ ਮਰ ਗਏ। ਇਕ ਨਾ ਬਚਿਆ। ਮਹਾਂਪੁਰਸ਼ਾਂ ਦਾ ਬਚਨ ਸੀ, ਕ੍ਰਿਸ਼ਨ ਮਹਾਰਾਜ ਜੀ ਇਕੱਲੇ ਰਹਿ ਗਏ। ਜੰਗਲ ਵਿਚ ਚਲੇ ਗਏ। ਗੋਡੇ ਦੇ ਉਪਰ ਦੂਸਰਾ ਚਰਣ ਰੱਖ ਲਿਆ ਉਹਦੇ ਵਿਚ ਸੀ ਪਦਮ। ਦੋ ਤਰ੍ਹਾਂ ਦਾ ਪਦਮ ਹੁੰਦਾ ਹੈ ਇਕ ਤਾਂ ਸਚਮੁਚ ਹੀ ਹਿਰਣ ਦੀ ਅੱਖ ਵਰਗਾ ਹੁੰਦਾ ਹੈ, ਚਮਕਦਾ ਹੈ। ਦੂਜੀ ਰੇਖਾ ਹੁੰਦੀ ਹੈ ਅੱਖ ਵਰਗੀ ਸ਼ਕਲ ਦੀ ਹੁੰਦੀ ਹੈ। ਜੋ ਕਿ ਸਾਧੂ ਸੰਤਾਂ ਦੇ ਚਰਣਾਂ ਵਿਚ ਹੁੰਦੀ ਹੈ। ਜਦੋਂ ਕ੍ਰਿਸ਼ਨ ਮਹਾਰਾਜ ਜੰਗਲ ਵਿਚ ਪਏ ਸਨ ਇਕ ਸ਼ਿਕਾਰੀ ਬਧਕ ਭਾਲਦਾ ਭਾਲਦਾ ਆ ਗਿਆ। ਉਸਨੇ ਦੂਰੋਂ ਦੇਖਿਆ ਕਿ ਮ੍ਰਿਗ ਬੈਠਾ ਹੈ, ਦੂਰੋਂ ਜੋਰ ਦੀ ਬਾਣ ਮਾਰਿਆ ਜੋ ਕਿ ਕ੍ਰਿਸ਼ਨ ਮਹਾਰਾਜ ਦੇ ਜਾਕੇ ਲਗਾ। ਜਦੋਂ ਦੌੜਕੇ ਗਿਆ, ਜੋ ਪਦਮ ਚਮਕ ਰਿਹਾ ਸੀ, ਜਾ ਕੇ ਦੇਖਿਆ, ਕ੍ਰਿਸ਼ਨ ਮਹਾਰਾਜ ਘਾਇਲ ਹੋਏ ਪਏ ਹਨ। ਉਥੇ ਬੈਠਕੇ ਬਹੁਤ ਰੋਇਆ।

ਧਾਰਨਾ – ਮ੍ਰਿਗ ਜਾਣਕੇ ਬਾਣ ਮੈਂ ਮਾਰਿਆ,
ਭੁਲ ਮੇਰੀ ਬਖਸ਼ੀ ਮਾਲਕਾ –2, 2.
ਭੁਲ ਮੇਰੀ ਜੀ ਬਖਸ਼ੀ ਮਾਲਕਾ –2, 2.
ਮ੍ਰਿਗ ਜਾਣਕੇ ਬਾਣ ਮੈਂ ਮਾਰਿਆ,.... –2.

ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।
ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।
ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਦਰਸਣ ਡਿਠੋਸੁ ਜਾਇਕੈ ਕਰਣ ਪਲਾਵ ਕਰੇ ਪੂਕਾਰੇ।
ਭਾਈ ਗੁਰਦਾਸ ਜੀ ਦੀ 10/23

ਰੋ ਰੋ ਕੇ ਪੁਕਾਰਾਂ ਕਰਦਾ ਹੈ ਕਿ ਮੇਰੇ ਤੋਂ ਬਹੁਤ ਵੱਡੀ ਭੁਲ ਹੋ ਗਈ। ਕ੍ਰਿਸ਼ਨ ਮਹਾਰਾਜ ਨੇ ਕਿਹਾ ਬਧਿਕ ਮੇਰੇ ਨੇੜੇ ਆ ਜਾ। ਨੇੜੇ ਆ ਕੇ ਰੋਂਦਾ ਹੈ। ਕ੍ਰਿਸ਼ਨ ਮਹਾਰਾਜ ਨੇ ਬੁਕਲ ਵਿਚ ਲੈ ਲਿਆ। ਕਹਿਣ ਲੱਗੇ ਤੂੰ ਕਿਉਂ ਰੋਂਦਾ ਹੈ? ਪਿਆਰ ਕਰਨ ਲਗ ਪਏ।

ਗਲਿ ਵਿਚਿ ਲੀਤਾ ਕ੍ਰਿਸ਼ਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।
ਭਾਈ ਗੁਰਦਾਸ ਜੀ ਦੀ 10/23

ਚਿਤਾਰ ਨਹੀਂ ਰਹੇ ਕਿ ਉਸਨੇ ਬਾਣ ਮਾਰਿਆ ਹੈ ਸਗੋਂ ਉਸ ਨੂੰ ਪਿਆਰ ਕਰ ਰਹੇ ਹਨ। ਕਹਿੰਦੇ ਕਿਉਂ ਰੋਈ ਜਾਂਦਾ ਹੈ –

ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
ਭਾਈ ਗੁਰਦਾਸ ਜੀ ਦੀ 10/23

ਮਹਾਂ ਪਤਿਤਾਂ ਦਾ ਉਧਾਰ ਕਰਨਾ ਵੀ ਬਿਰਦ ਹੋਇਆ ਕਰਦਾ ਹੈ। ਇਹ ਵੀਚਾਰ ਕੇ ਕ੍ਰਿਸ਼ਨ ਮਹਾਰਾਜ ਨੇ ਬਧਿਕ ਨੂੰ ਕਿਹਾ ਤੂੰ ਰੋ ਨਾ ਪਹਿਲਾਂ ਸਾਡਾ ਬਚਨ ਸੁਣ

ਲੈ। ਅਸੀਂ ਤੇਰਾ ਕਰਜਾ ਮੋੜਨਾ ਸੀ।

ਤ੍ਰੇਤੇ ਜੁਗ ਦੇ ਅੰਦਰ ਜਦੋਂ ਅਸੀਂ ਰਾਮਾ ਅਵਤਾਰ ਸੀ ਉਸ ਵੇਲੇ ਤੂੰ ਬਾਲੀ ਸੀ। ਅਸੀਂ ਤੈਨੂੰ ਛੁਪਕੇ ਮਾਰਿਆ ਸੀ। ਤੂੰ ਇਹ ਗੱਲ ਕਹੀ ਸੀ ਤੁਸੀਂ ਛੁਪਕੇ ਮਾਰਨ ਦੀ ਅਨੀਤੀ ਕੀਤੀ ਹੈ ਤਾਂ ਅਸੀਂ ਤੈਨੂੰ ਕਿਹਾ ਸੀ ਕਿ ਅਸੀਂ ਇਸਦਾ ਬਦਲਾ ਦੇਵਾਂਗੇ। ਸੋ ਉਸ ਕਰਕੇ ਤੂੰ ਆ ਗਿਆ ਨਾਲੇ ਦੂਜਾ ਹੈ, ਰਿਸ਼ੀ ਦਾ ਬਚਨ ਦੁਰਬਾਸ਼ਾ ਰਿਸ਼ੀ ਦਾ। ਤੇਰੇ ਤੀਰ ਦੇ ਅਗੇ ਉਹੀ ਮੁਖੀ ਲਗੀ ਹੋਈ ਹੈ ਜਿਸਨੇ ਸਾਡੇ ਕੁਲ ਦਾ ਨਾਸ਼ ਕਰਨਾ ਸੀ। ਸੋ ਇਸ ਕਰਕੇ ਤੂੰ ਅਫਸੋਸ ਨਾ ਕਰ-

ਕਰਿ ਕਿਰਪਾ ਸੰਤੋਖਿਆ ਪਤਿਤ ਉਦਾਰਣੁ ਬਿਰਦੁ ਬੀਚਾਰੇ॥
ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।

ਭਾਈ ਗੁਰਦਾਸ ਜੀ ਦੀ 10/23

ਭਲਿਆਂ ਦੇ ਤਾਂ ਸਭ ਕਰਦੇ ਹਨ, ਬੁਰਿਆਂ ਨੂੰ ਵੀ ਬਖਸ਼ਣ ਵਾਲਾ ਪਰਮੇਸ਼ਰ ਹੋਇਆ ਕਰਦਾ ਹੈ।

ਪਾਪ ਕਰੇਂਦੇ ਪਤਿਤ ਉਧਾਰੇ॥

ਭਾਈ ਗੁਰਦਾਸ ਜੀ ਦੀ 10/23

ਕਹਿਣ ਲੱਗੇ ਰਾਜਨ!

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥

ਪੰਨਾ - 693

ਕਿਹੋ ਜਿਹਾ ਫਲ ਮਿਲਿਆ ਕਿ ਸਾਰੀ ਕੁਲ ਦਾ ਨਾਸ਼ ਹੋ ਗਿਆ। ਸੰਤਾਂ ਨਾਲ ਕਦੀ ਮਸ਼ਕਰੀ ਨਹੀਂ ਕਰੀਦੀ।

ਸੰਤਨ ਸੇਤੀ ਮਸ਼ਕਰੀ ਏਹ ਡੂਬਣ ਕੀ ਰੀਤ॥

ਸੋ ਤੂੰ ਵੀ ਪਰਮੇਸ਼ਰ ਦਾ ਭਜਨ ਕਰਿਆ ਕਰ। ਕਹਿੰਦਾ ਜੇ ਕਰਾਊਗਾ ਤਾਂ ਕਰਾਂਗੇ। ਨਾਮਦੇਵ ਜੀ ਨੇ ਕਿਹਾ ਰਾਜਨ! ਫੇਰ ਤੂੰ ਇਹ ਤੇ ਨਹੀਂ ਕਹਿੰਦਾ ਜੇ ਪਰਮੇਸ਼ਰ ਮੂੰਹ ਵਿਚ ਗਰਾਈ ਪਾਏਗਾ ਤਾਂ ਖਾਵਾਂਗਾ। ਜੇਕਰ ਨਵਾਏਗਾ ਤਾਂ ਨਾਵਾਂਗੇ। ਜੇਕਰ ਉਪਰ ਕੱਪੜਾ ਪਾਏਗਾ ਤਾਂ ਲਵਾਂਗੇ। ਸਾਰੇ ਕੰਮ ਤੂੰ ਕਰਦਾ ਹੈ ਪਿਆਰਿਆ। ਪਰਮੇਸ਼ਰ ਦਾ ਨਾਮ ਜਪਣ ਵਾਸਤੇ ਵੀ ਤੈਨੂੰ ਉਦਮ ਕਰਨਾ ਪੈਣਾ ਹੈ ਪਿਆਰਿਆ ਕਿਉਂਕਿ ਉਦਮ ਹਮੇਸ਼ਾ ਹੀ ਪਰਮਾਰਥ ਵਿਚ ਹੋਇਆ ਕਰਦਾ ਹੈ। ਆਲਸ ਵਿਚ ਤਾਂ ਨਿਸ਼ਫਲ ਹੋਇਆ ਕਰਦਾ ਹੈ। ਪਰਮੇਸ਼ਰ ਕੋਲੋਂ ਪ੍ਰਾਲਬਧ ਆਪੇ ਹੀ ਕਰਵਾ ਲੈਂਦੀ ਹੈ।

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥

ਪੰਨਾ - 653

ਪ੍ਰਾਲਬਧ ਕਿਸੇ ਨੂੰ ਚੁਕ ਕੇ ਮਾਰਦੀ ਹੈ ਅਸਟ੍ਰੇਲੀਆ, ਕਿਸੇ ਨੂੰ ਅਫਰੀਕਾ, ਕਿਸੇ ਨੂੰ ਅਮਰੀਕਾ ਤੇ ਕਿਸੇ ਨੂੰ ਕੈਨੇਡਾ, ਕਿਸੇ ਨੂੰ ਅਰਬ ਦੇਸ਼ਾਂ ਵਿਚ ਭੇਜ ਦਿੱਤਾ। ਇਹ ਤਾਂ ਪ੍ਰਾਲਬਧ ਹੈ, ਉਦਮ ਤਾਂ ਕਰਨਾ ਹੈ ਨਾਮ ਜੱਪਣ ਵਾਸਤੇ ਬੰਦਗੀ ਕਰਨ ਵਾਸਤੇ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ - 305

ਸੋ ਇਹ ਤਾਂ ਆਪੇ ਹੀ ਕਰਨਾ ਪੈਣਾ ਹੈ।

ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ॥

ਪੰਨਾ - 693

ਸੋ ਆਪਣੇ ਉਪਰ ਆਪ ਕ੍ਰਿਪਾ ਕਰਨੀ ਹੈ।

ਸੋ ਜੋ ਹੰਕਾਰੀ ਪੁਰਸ਼ ਹੋਇਆ ਕਰਦਾ ਹੈ, ਉਹ ਪਰਮੇਸ਼ਰ ਨੂੰ ਭੁਲਦਾ ਹੈ ਤੇ ਆਪਣੇ ਸਰੀਰ ਕੋਲੋਂ ਸਹੀ ਸਹੀ ਮਤਲਬ ਨਹੀਂ ਲੈਂਦਾ। ਸੋ ਪਰਮੇਸ਼ਰ ਨੂੰ ਪਛਾਨਣਾ ਜ਼ਰੂਰੀ ਹੈ, ਜਦੋਂ ਅਸੀਂ ਪਰਮੇਸ਼ਰ ਨੂੰ ਪਛਾਣ ਲਿਆ ਉਦੋਂ ਸਾਡਾ ਸੰਸਾ ਉਤਰ ਜਾਏਗਾ।

ਧਾਰਨਾ - ਪਿਆਰੇ ਜਬ ਤੇ ਦਰਸਨ ਪਾਇਆ,
ਸੰਸਾ ਉਤਰ ਗਿਆ -2, 2.
ਸੰਸਾ ਉਤਰ ਗਿਆ, ਸੰਸਾ ਉਤਰ ਗਿਆ -2, 2.
ਪਿਆਰੇ ਜਬ ਤੇ ਦਰਸਨ ਪਾਇਆ,..... -2.

ਜਦੋਂ ਅਗਿਆਨ, ਅਵਿਦਿਆ, ਭਰਮ ਹਉਮੈ ਦੂਰ ਹੋ ਗਈ, ਉਸ ਵੇਲੇ ਕੀ ਦੇਖਿਆ ਕਿ ਸਾਰੇ ਪਾਸੇ ਪਰਮੇਸ਼ਰ ਹੀ ਪਰਮੇਸ਼ਰ ਹੈ। ਹੋਰ ਦੂਜਾ ਕੋਈ ਨਹੀਂ। ਮਹਾਂਪੁਰਸ਼ਾਂ ਨੇ ਕ੍ਰਿਪਾ ਕਰ ਦਿੱਤੀ ਤੇ ਉਸਨੂੰ ਪਰਮਾਰਥ ਦੀ ਸੋਝੀ ਦਿੱਤੀ। ਉਸਨੂੰ ਦੇਹ ਅਭਿਮਾਨ, ਦੇਹ ਅਧਿਆਸ ਕਰਕੇ ਸੰਸਾ ਪਿਆ ਹੋਇਆ ਸੀ। ਨਾਮਦੇਵ ਜੀ ਨੇ ਰਾਜੇ ਨੂੰ ਮਿੱਠੇ ਬਚਨਾਂ ਨਾਲ ਗਿਆਨ ਦੇ ਦਿੱਤਾ।

ਸੋ ਸਾਧ ਸੰਗਤ ਜੀ! ਇਹ ਸਾਰਾ ਕੁਝ ਪੜ੍ਹ ਕੇ ਸੁਣਕੇ ਸਾਨੂੰ ਵੀ ਫਿਕਰ ਕਰਨਾ ਚਾਹੀਦਾ ਹੈ ਕਿ ਅਸੀਂ ਕਿਥੇ ਕੁ ਖੜੇ ਹਾਂ? ਉਪਰੋਂ ਬੰਦਾ ਕਿੰਨਾ ਕੁ ਬਣ ਬਣ ਕੇ ਦਿਖਾਵੇ, ਪਰ ਅੰਦਰੋਂ ਉਸਨੂੰ ਪਤਾ ਹੁੰਦਾ ਹੈ ਕਿ ਮੈਨੂੰ ਅਜੇ ਕਿੰਨੀ ਤਰੱਕੀ ਕਰਨ ਦੀ ਲੋੜ ਹੈ। ਕਿਉਂਕਿ ਮਾਨਸ ਜਨਮ ਬੜੇ ਭਾਗਾਂ ਨਾਲ ਮਿਲਦਾ ਹੈ। ਸੋ ਕਿਉਂ ਨਾ ਇਸ ਜਨਮ ਦਾ ਲਾਹਾ ਖਟ ਲਈਏ ਅਤੇ ਜੋ ਸੰਸਾ ਪਿਆ ਹੋਇਆ ਹੈ, ਮਹਾਂਪੁਰਸ਼ਾਂ ਦੀ ਸੰਗਤ ਕਰਕੇ ਗੁਰਬਾਣੀ ਤੇ ਪੂਰਾ ਭਰੋਸਾ ਲਿਆ ਕੇ ਅਸੀਂ ਵੀ ਪਾਰ ਲੰਘ ਜਾਈਏ।

ਗੁਰਸਤੋਤਰ

ਅਰਦਾਸ

ਅਨੰਦਮਈ ਜੀਵਨ ਜਾਚ
The Art of Joyful Living

ਮੂਲ ਲੇਖਕ - ਡਾ. ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-57)

ਇਕ ਵਾਰੀ ਇਕ ਪੱਤਰਕਾਰ ਨੇ ਮਹਾਤਮਾ ਗਾਂਧੀ ਨੂੰ ਪੁਛਿਆ, ਖੁਸ਼ੀ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੀ ਹੈ। ਮਹਾਤਮਾ ਗਾਂਧੀ ਨੇ ਜਵਾਬ ਦਿਤਾ, "ਜਦੋਂ ਤੁਹਾਡੀਆਂ ਕੋਈ ਇੱਛਾ ਨਹੀਂ ਹੁੰਦੀਆਂ ਤਾਂ ਤੁਸੀਂ ਖੁਸ਼ ਹੁੰਦੇ ਹੋ।" ਆਮ ਤੌਰ ਤੇ ਤੁਸੀਂ ਸੋਚਦੇ ਹੋ ਕਿ ਜਦੋਂ ਪ੍ਰਮਾਤਮਾ ਦਾ ਮਿਲਾਪ ਹੋ ਜਾਵੇਗਾ ਮੈਂ ਪ੍ਰਸੰਨ ਹੋ ਜਾਵਾਂਗਾ, ਪਰ ਪ੍ਰੈਕਟੀਕਲ ਗੱਲ ਤਾਂ ਇਹ ਹੈ ਜਦੋਂ ਤੁਹਾਡੀ ਕੋਈ ਇੱਛਾ ਨਹੀਂ ਰਹਿ ਜਾਂਦੀ, ਭਾਵ ਤੁਹਾਡੀਆਂ ਸਾਰੀਆਂ ਇੱਛਾ ਪੂਰਨ ਹੋ ਜਾਂਦੀਆਂ ਹਨ ਓਦੋਂ ਤੁਸੀਂ ਖੁਸ਼ ਹੋ ਜਾਂਦੇ ਹੋ, ਤੁਹਾਨੂੰ ਤੁਹਾਨੂੰ ਆਪਣੀਆਂ ਇੱਛਾ ਪ੍ਰਤੀ ਇਹ ਪਤਾ ਹੋਣਾ ਚਾਹੀਦਾ ਹੈ, ਐਨਾ ਵਿਵੇਕ ਹੋਣਾ ਚਾਹੀਦਾ ਹੈ ਕਿਹੜੀ ਇੱਛਾ ਠੀਕ ਹੈ ਕਿਹੜੀ ਠੀਕ ਨਹੀਂ, ਠੀਕ ਤੁਹਾਨੂੰ ਕੇਵਲ ਉਹ ਇੱਛਾ ਰੱਖਣੀ ਚਾਹੀਦੀ ਹੈ ਜਿਹੜੀ ਠੀਕ ਹੋਵੇ ਤੇ ਜਿਹੜੀ ਪੂਰੀ ਕਰ ਸਕਦੇ ਹੋਵੋ। ਜੇ ਤੁਸੀਂ ਇਛਾਵਾਂ ਪ੍ਰਤੀ ਵਿਵੇਕ ਜਗ੍ਹਾ ਸਕੋ ਫੇਰ ਤੁਸੀਂ ਗਲਤ ਇੱਛਾ ਨੂੰ ਕਦੀ ਮਨ ਵਿਚ ਆਉਣ ਹੀ ਨਹੀਂ ਦਿਓਗੇ ਜਿਹੜੀਆਂ ਤੁਹਾਡੇ ਲਈ ਨਖੇਧੀ ਵਾਲੀਆਂ ਹੋਣ ਜਾਂ ਜਿਹੜੀਆਂ ਤੁਹਾਨੂੰ ਮਜ਼ਬੂਰ ਕਰ ਦੇਣ ਜਿਹੜੀਆਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ, ਉਹ ਸਦਾ ਹੀ ਤੁਹਾਨੂੰ ਦੁਖੀ ਕਰਕੇ ਰੱਖਣਗੀਆਂ।

ਕੁਝ ਇਛਾਵਾਂ ਹੋਣੀਆਂ ਤਾਂ ਜ਼ਰੂਰੀ ਹਨ ਤੁਸੀਂ ਮਨੁਖ ਤੋਂ ਮਨੁੱਖ ਲਈ ਇਛਾਵਾਂ ਜੀਵਨ ਦਾ ਇਕ ਹਿੱਸਾ ਹੈ, ਜਿਹੜੀਆਂ ਵੀ ਇਛਾਵਾਂ ਤੁਹਾਡੀਆਂ ਹੋਣ ਉਹ ਫਿਲਟਰ ਹੋ ਜਾਣੀਆਂ ਚਾਹੀਦੀਆਂ ਹਨ, ਤੁਹਾਡੇ ਸੁਚੇਤ ਮਨ ਤਕ ਉਹ ਹੀ ਇਛਾਵਾਂ ਪਹੁੰਚਣੀਆਂ ਚਾਹੀਦੀਆਂ ਹਨ ਜਿਹੜੀਆਂ ਤੁਹਾਡੇ ਲਈ ਠੀਕ ਹੋਣ ਤੁਹਾਡੀ ਬੁੱਧੀ ਦਾ ਕੰਮ ਹੈ ਪਰਖਨਾ ਜੱਜ ਕਰਨਾ ਫੈਸਲਾ ਕਰਨਾ, ਠੀਕ ਗਲਤ ਦੇਖਣਾ ਕਿਹੜੀ ਇੱਛਾ ਠੀਕ ਹੈ ਕਿਹੜੀ ਠੀਕ ਨਹੀਂ। ਤੁਹਾਨੂੰ ਆਪਣੇ ਅੰਦਰ ਇਸ ਗੁਣ ਦਾ ਵਿਕਾਸ ਕਰਨਾ ਚਾਹੀਦਾ ਹੈ ਕਿ ਤੁਸੀਂ ਜਾਂਚ ਸਕੋ, ਕੀ ਠੀਕ ਹੈ ਕੀ ਗਲਤ ਹੈ, ਨਾਲ ਹੀ ਤੁਹਾਨੂੰ ਆਪਣੀਆਂ ਇਛਾਵਾਂ ਘਟਾਉਣੀਆਂ ਚਾਹੀਦੀਆਂ ਹਨ। ਜਿਹੜੀਆਂ ਇਛਾਵਾਂ ਤੁਹਾਡੇ ਲਈ ਸਮੱਸਿਆ ਪੈਦਾ ਕਰਦੀਆਂ ਹਨ ਉਹ ਕਾਫੀ ਗਲਤ ਕਿਸਮ ਦੀਆਂ ਹੀ ਹੁੰਦੀਆਂ ਹਨ, ਠੀਕ ਇਛਾਵਾਂ ਕਦੀ ਵੀ ਦੁਖੀ ਨਹੀਂ ਕਰਦੀਆਂ। ਮਿਸਾਲ ਵਜੋਂ ਖਾਣ ਦੀ ਇੱਛਾ ਦੀ ਕੋਈ ਸਮੱਸਿਆ ਨਹੀਂ ਹੈ ਪਰ ਬਹੁਤ ਵਾਰੀ ਤੁਸੀਂ ਉਦੋਂ ਖਾਂਦੇ ਹੋ ਜਦੋਂ ਤੁਸੀਂ stress ਮਹਿਸੂਸ ਕਰਦੇ ਹੋ, ਮਾਨਸਿਕ ਤਨਾਅ ਮਹਿਸੂਸ ਕਰਦੇ ਹੋ, ਬੋਝ ਮਹਿਸੂਸ ਕਰਦੇ ਹੋ। ਜਦੋਂ ਵੀ ਮਾਨਸਿਕ ਤਨਾਓ ਮਹਿਸੂਸ ਕਰੋ ਦੇਖੋ ਕਿ ਇਹ ਕਿਉਂ ਹੈ ਕੀ ਕਾਰਣ ਹੈ, ਜਾਂਚੋ ਦੇਖੋ ਕੀ ਸੱਚਮੁੱਚ ਹੀ ਤੁਹਾਨੂੰ ਖਾਣ ਦੀ ਲੋੜ ਹੈ, ਸੌਣ ਦੀ ਲੋੜ ਹੈ ਜਾਂ ਫੇਰ ਹੋਰ ਕੁਝ ਹੈ। ਹੋ ਸਕਦਾ ਹੈ ਜਦੋਂ ਤੁਸੀਂ ਦੇਖੋਗੇ ਤੁਸੀਂ ਮਹਿਸੂਸ ਕਰੋ ਕਿ ਜਿਸਨੂੰ ਤੁਸੀਂ ਪਿਆਰ ਕਰਦੇ ਹੋ, ਉਹ ਤੁਹਾਡੀ ਇਜ਼ਤ ਨਹੀਂ ਕਰਦਾ। ਇਸ ਕਾਰਣ ਤੁਹਾਡੇ ਅੰਦਰ ਤਣਾਓ ਹੈ। ਬਹੁਤ ਵਾਰੀ ਮਾਣ ਕਰਾਉਣ ਦੀ ਇੱਜ਼ਤ ਕਰਾਉਣ ਦੀ ਇੱਛਾ ਤੁਹਾਨੂੰ ਬੇਚੈਨ ਕਰ ਦਿੰਦੀ ਹੈ, ਤੁਸੀਂ ਤੜਫ ਜਾਂਦੇ ਹੋ। ਦੂਸਰਿਆਂ ਕੋਲੋਂ ਉਮੀਦ ਰੱਖਣੀ, ਆਸ ਰੱਖਣੀ ਸਦਾ ਹੀ ਸਮਸਿਆ ਪੈਦਾ ਕਰਦੀ ਹੈ। ਸਭ ਤੋਂ ਵਧੇਰੇ ਖੁਸ਼ ਉਹ ਮਨੁੱਖ ਹੈ ਜਿਹੜਾ ਕਿਸੇ ਤੋਂ ਕੋਈ ਆਸ ਉਮੀਦ ਨਹੀਂ ਰਖਦਾ। ਬਹੁਤ ਵਾਰੀ ਤੁਸੀਂ ਮਹਿਸੂਸ ਕਰਦੇ ਹੋ ਕਿ ਉਹ ਤਾਂ ਮੇਰੀ ਕੋਈ ਸਹਾਇਤਾ ਨਹੀਂ ਕਰਦਾ, ਮੈਂ ਕਿਉਂ ਕਰਾਂ। ਇਸ ਤਰ੍ਹਾਂ ਦੀ ਸੋਚ ਤੁਹਾਡੇ ਅੰਦਰ ਸੌਦੇ ਦੀ ਭਾਵਨਾ, ਮੁਕਾਬਲੇ ਦੀ ਭਾਵਨਾ ਪੈਦਾ ਕਰਦੀ ਹੈ। ਜਦੋਂ ਤਕ ਤੁਸੀਂ ਇਹ ਸੋਚਦੇ ਰਹੋਗੇ ਤੁਸੀਂ ਕਦੀ ਵੀ ਸਿਰਜਨਆਤਮਕ ਨਹੀਂ ਬਣ ਸਕਦੇ ਕਦੀ ਵੀ ਗਤੀਸ਼ੀਲ ਨਹੀਂ ਹੋ ਸਕਦੇ।

ਸਭ ਤੋਂ ਪਹਿਲਾਂ ਤਾਂ ਤੁਹਾਨੂੰ ਆਪਣੇ ਆਪ ਨੂੰ ਸਮਝਣਾ ਪਵੇਗਾ, ਸਭ ਤੋਂ ਸਮਝਣ ਦੀ ਲੋੜ ਹੈ ਕਿ ਜਿਥੇ ਸਰੀਰ ਨਾਸ਼ਵਰ ਹੈ, ਛਿੰਨ ਭੰਗਰ ਹੈ, ਮੌਤ ਹੈ, ਬਦਲਣਾ ਹੈ ਆਤਮਾ ਅਮਰ ਹੈ, ਅਜਰ ਹੈ, ਅਟਲ ਹੈ। ਤੁਹਾਨੂੰ ਆਪਣੇ ਅੰਦਰ ਨੂੰ ਸਮਝਣ ਦੀ ਲੋੜ ਹੈ। ਮਨ ਨੂੰ ਸਮਝਣ ਦੀ ਲੋੜ ਹੈ ਕਿ ਤੁਹਾਡੀ ਬੁੱਧੀ ਕਿਵੇਂ ਕੰਮ ਕਰਦੀ ਹੈ, ਤੁਹਾਡਾ ਮਾਨਸ, ਹੰਕਾਰ, ਚਿੱਤ ਕਿਵੇਂ ਕੰਮ ਕਰਦੇ ਹਨ। ਚਿੱਤ ਤਾਂ ਸੂਚਨਾ ਦਾ ਸਮਾਚਾਰ ਦਾ ਘਰ ਹੈ, ਯਾਦਗਾਰਾਂ ਦਾ ਘਰ ਹੈ, ਸੋਚੋ ਕਿ ਦੂਸਰੇ ਉਸ ਤਰ੍ਹਾਂ ਕਿਉਂ ਨਹੀਂ ਸੋਚਦੇ ਜਿਵੇਂ ਤੁਸੀਂ ਸੋਚਦੇ ਹੋ, ਦੂਸਰੇ ਤੁਹਾਡੇ ਨਾਲੋਂ ਫਰਕ ਹਨ। ਤੁਸੀਂ ਦੂਸਰਿਆਂ ਨਾਲੋਂ ਅੱਡ ਹੋ, ਅੱਡੇ ਤਰੀਕੇ ਨਾਲ ਸੋਚਦੇ ਹੋ।

ਆਪਣੇ ਅੰਦਰ ਡੂੰਘੇ ਉਤਰ ਕੇ ਦੇਖੋ ਜਿੰਨੇ ਤੁਸੀਂ ਸੁਆਰਥੀ ਹੋਵੋਗੇ, ਓਨੇ ਹੀ ਤੁਸੀਂ ਦੁਖੀ ਹੋਵੋਗੇ। ਸਭ ਤੋਂ ਵੱਧ ਜੀਵਨ ਵਿਚ ਦੁਖ ਪਾਉਣ ਵਾਲਾ ਉਹ ਹੀ ਹੁੰਦਾ ਹੈ। ਜਿਹੜਾ ਸੁਆਰਥੀ ਹੁੰਦਾ ਹੈ ਕਿਉਂਕਿ ਉਸ ਨੇ ਦੇਣਾ ਸਿਖਿਆ ਹੀ ਨਹੀਂ, ਉਸ ਨੇ ਮਾਫ ਕਰਨਾ ਸਿਖਿਆ ਹੀ ਨਹੀਂ, ਜਦੋਂ ਤਕ ਤੁਸੀਂ ਦੇਣਾ ਨਹੀਂ ਸਿਖਦੇ, ਤੁਸੀਂ ਜੀਵਨ

ਦਾ ਰਸ ਮਾਣ ਹੀ ਨਹੀਂ ਸਕਦੇ। ਜਦੋਂ ਤੁਸੀਂ ਦੂਸਰਿਆਂ ਨੂੰ ਦੁਖ ਦਿੰਦੇ ਹੋ, ਤੁਸੀਂ ਆਪ ਵੀ ਦੁਖੀ ਹੁੰਦੇ ਹੋ। ਸੁਆਰਥੀ ਹੋਣਾ ਵੀ ਆਪਣੇ ਆਪ ਨੂੰ ਦੁੱਖ ਦੇਣਾ ਹੀ ਹੈ। ਤੁਸੀਂ ਦੂਸਰਿਆਂ ਨੂੰ ਵਾਂਝਿਆ ਰੱਖ ਕੇ ਆਪ ਖੁਸ਼ ਹੋਣਾ ਚਾਹੁੰਦੇ ਹੋ, ਉਹ ਹੋ ਹੀ ਨਹੀਂ ਸਕਦਾ।

ਜਦੋਂ ਤੁਸੀਂ ਸੁਆਰਥੀ ਹੁੰਦੇ ਹੋ, ਤੁਸੀਂ ਦੂਸਰਿਆਂ ਦੇ ਬਾਰੇ ਸੋਚਦੇ ਹੀ ਨਹੀਂ ਉਨ੍ਹਾਂ ਦੇ ਬਾਰੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਤੁਸੀਂ ਕੇਵਲ ਆਪ ਲਈ ਹੀ ਸੋਚਦੇ ਹੋ, ਆਪਣੀਆਂ ਇੱਛਾ ਪੂਰਤੀ ਲਈ ਹੀ ਸੋਚਦੇ ਹੋ, ਉਹ ਇਛਾਵਾਂ ਜਿਹੜੀਆਂ ਕੇਵਲ ਸੰਸਾਰ ਸੁਖ ਦੀਆਂ ਹਨ। ਇਹ ਤੁਹਾਨੂੰ ਕਦੀ ਵੀ ਸੁੱਖ ਨਹੀਂ ਦੇ ਸਕਦੀਆਂ, ਕਦੀ ਵੀ ਖੁਸ਼ੀ ਨਹੀਂ ਦੇ ਸਕਦੀਆਂ। ਸੁਆਰਥੀ ਹੋ ਕੇ ਤੁਸੀਂ ਕੇਵਲ ਖੁਦੀ ਨੂੰ ਪੱਠੇ ਪਾਉਂਦੇ ਹੋ, ਉਸ ਨੂੰ ਹੋਰ ਬਲਵਾਨ ਬਣਾਉਂਦੇ ਹੋ, ਜਦੋਂ ਤੁਸੀਂ ਖੁਦੀ ਨੂੰ ਬਲਵਾਨ ਬਣਾਉਂਦੇ ਹੋ, ਇਛਾ ਪੂਰਨ ਕਰਦੇ ਹੋ, ਤੁਸੀਂ ਇਹੋ ਜਿਹੇ ਕੰਮ ਕਰੀ ਜਾਂਦੇ ਹੋ ਜਿਸ ਨਾਲ ਹੋਰ ego ਨੂੰ ਬੜਾਵਾ ਮਿਲੇ, ਉਹ ਸਾਰੇ ਕੰਮ ਠੀਕ ਨਹੀਂ ਹੁੰਦੇ। ਬਹੁਤ ਵਾਰੀ ਤੁਸੀਂ ਇਹ ਸਭ ਕੁਝ ਬਿਨਾਂ ਸੋਚੇ ਸਮਝੇ ਕਰਦੇ ਰਹਿੰਦੇ ਹੋ, ਇਹ ਵੀ ਨਹੀਂ ਸੋਚਦੇ ਕਿ ਨਤੀਜਾ ਕੀ ਹੋਵੇਗਾ। ਤੁਸੀਂ ਪ੍ਰਾਥਨਾ ਵੀ ਕਰਦੇ ਹੋ ਪਰ ਉਹ ਪ੍ਰਾਰਥਨਾ ਤੁਸੀਂ ego ਨੂੰ ਹੀ ਕਰ ਰਹੇ ਹੋ। ਤੁਸੀਂ ਸੋਚਦੇ ਹੋ, ਤੁਸੀਂ ਕੰਮ ਕਾਰਜ ਕਰ ਰਹੇ ਹੋ, ਤੁਸੀਂ ਦੂਸਰਿਆਂ ਨਾਲ ਗੱਲਬਾਤ ਕਰ ਰਹੇ ਹੋ ਇਹ ਸਭ ਕੁਝ ਤੁਸੀਂ ਬਿਲਕੁਲ ਉਸ ਤਰ੍ਹਾਂ ਹੀ ਕਰ ਰਹੇ ਹੋ ਜਿਵੇਂ ਤੁਹਾਡੀ ego ਤੁਹਾਨੂੰ ਸੇਧ ਦੇ ਰਹੀ ਹੈ। ਤੁਹਾਡਾ ਸਾਰਾ ਵਿਹਾਰ ego ਅਨੁਸਾਰ ਹੈ। ਫੇਰ ਤੁਸੀਂ ਇਸ ਵਿਚੋਂ ਨਿਕਲਣ ਦੀ ਕੋਸ਼ਿਸ ਵੀ ਨਹੀਂ ਕਰਦੇ, ਵਿਕਸਿਤ ਹੋਣ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਅੱਗੇ ਵਧਣ ਦੀ ਕੋਸ਼ਿਸ਼ ਵੀ ਨਹੀਂ ਕਰਦੇ, ਤੁਸੀਂ ਕਰ ਵੀ ਨਹੀਂ ਸਕਦੇ ਕਿਉਂਕਿ ਤੁਸੀਂ ਤਾਂ ego ਨੂੰ ਹ ਹਵਾ ਦੇ ਰਹੇ ਹੋ, ਉਸ ਦੀ ਹੀ ਖੁਸ਼ਾਮਦ ਕਰ ਰਹੇ ਹੋ। ਤੁਹਾਡੀ ego ਨੇ ਹੀ ਤੁਹਾਨੂੰ ਸਤਿ ਤੋਂ ਵੱਖ ਕੀਤਾ ਹੈ, ਤੁਹਾਨੂੰ ਦੂਰ ਕਰ ਦਿਤਾ ਹੈ ਇਸ ਕਰਕੇ ਹੀ ਤੁਸੀਂ ਦੁਖੀ ਹੋ, ਤੁਸੀਂ ਸੰਤਾਪ ਵਿਚ ਹੋ। ਜਦੋਂ ਤੁਸੀਂ ਸੁਆਰਥੀ ਹੋ ਤੁਸੀਂ ਪ੍ਰਫੁਲਤ ਨਹੀਂ ਹੋ ਸਕਦੇ। ਸੁਆਰਥੀ ਹੋ ਕੇ ਤੁਸੀਂ ਕੇਵਲ ਆਪਣਾ ਦਾਇਰਾ ਸੀਮਤ ਕਰ ਲੈਂਦੇ ਹੋ, ਤੁਸੀਂ ਕੇਵਲ ਆਪਣੇ ਆਪ ਜੋਗੇ ਹੀ ਰਹਿ ਜਾਂਦੇ ਹੋ।

ਜਦੋਂ ਤੁਸੀਂ ਆਪਣੇ ਉਤੇ ਕੰਮ ਕਰਦੇ ਹੋ, ਹੌਲੀ ਹੌਲੀ ਸਹਿਜ ਨਾਲ ਫੇਰ ਤੁਸੀਂ ਆਪਣੀ ਸਖਸ਼ੀਅਤ ਨੂੰ ਬਦਲ ਸਕਦੇ ਹੋ ਤੁਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਦਲ ਸਕਦੇ ਹੋ, ਹਾਂ, ਪਰ ਜੇ ਤੁਸੀਂ ਚਾਹੋ ਤਾਂ ਹੀ ਇਹ ਹੋ ਸਕਦਾ ਹੈ, ਤੁਸੀਂ ਆਪਣਾ ਮਖੌਟਾ ਬਦਲ ਸਕਦੇ, ਜਿਹੜੇ ਮਖੌਟੇ ਤੁਸੀਂ ਪਾਉਂਦੇ ਹੋ, ਉਹ ਤੁਹਾਡੇ ਹੀ ਬਣਾਏ ਹੋਏ ਹਨ, ਤੁਸੀਂ ਹੀ ਾਪਣੇ ਲਈ ਉਨ੍ਹਾਂ ਨੂੰ ਚੁਣਿਆ ਹੈ, ਤੁਸੀਂ ਚਾਹੋ ਉਨ੍ਹਾਂ ਨੂੰ ਬਦਲ ਸਕਦੇ ਹੋ, ਆਪਣੀ ਸਖਸ਼ੀਅਤ ਸੋਹਣੀ ਬਣਾ ਸਕਦੇ ਹੋ, ਸੁਦਰ ਵਿਅਕਤੀਤ੍ਵ ਦੇ ਮਾਲਕ ਤੁਸੀਂ ਬਣ ਸਕਦੇ ਹੋ। ਆਪਣੇ ਸੰਸਾਰਾਂ ਨੂੰ ਬਣਾਓ ਜੇ ਤੁਸੀਂ ਸੱਚੇ ਹੋ ਕੇ ਲੱਗੋਗੇ, ਤੁਸੀਂ ਦੇਖੋਗੇ ਕਿ ਤੁਹਾਡੇ ਸਾਰੇ ਕਰਮ ਤੁਹਾਨੂੰ ਫਲ ਦਿੰਦੇ ਹਨ। ਇਸ ਤਰ੍ਹਾਂ ਕਦੀ ਹੋ ਹੀ ਨਹੀਂ ਸਕਦਾ ਕਿ ਤੁਸੀਂ ਕਰਮ ਕਰੋ ਤੇ ਫਲ ਨਾ ਮਿਲੇ। ਇਹ ਤਾਂ ਇਕ ਵਿਗਿਆਨਕ ਅਸੂਲ ਹੈ, ਹਰ ਇਕ ਕਰਮ ਦਾ ਪ੍ਰਤੀਕਰਮ ਹੈ ਇਸਨੂੰ ਕੋਈ ਬਦਲ ਹੀ ਨਹੀਂ ਸਕਦਾ। ਜਦੋਂ ਤੁਸੀਂ ਸੱਚੀ ਸੁੱਚੀ ਕੋਸ਼ਿਸ਼ ਕਰੋਗੇ ਤੁਸੀਂ ਦੇਖੋਗੇ ਤੁਹਾਡੇ ਵਿਚ ਬਦਲਾਓ ਆਏਗਾ ਹੀ, ਚਾਹੇ ਕਿਸੇ ਵੇਲੇ ਤੁਸੀਂ ਇਹ ਮਹਿਸੂਸ ਕਰੋ ਕਿ ਤੁਹਾਡੇ ਅੰਦਰ ਕੋਈ ਬਦਲਾਓ ਨਹੀਂ ਆ ਰਿਹਾ, ਪਰ ਇਹ ਹੋ ਹੀ ਨਹੀਂ ਸਕਦਾ। ਜੇ ਕੋਈ ਤਰੱਕੀ ਨਹੀਂ ਹੁੰਦੀ ਤਾਂ ਉਸ ਦਾ ਭਾਵ ਹੈ ਕਿ ਤੁਸੀਂ ਸੱਚੀ ਤਰ੍ਹਾਂ ਨਾਲ ਕੋਸ਼ਿਸ ਹੀ ਨਹੀਂ ਕਰ ਰਹੇ, ਤੁਹਾਡਾ ਦ੍ਰਿੜ ਵਿਸ਼ਵਾਸ਼ ਹੀ ਨਹੀਂ, ਤੁਸੀਂ ਪੂਰੀ ਤਰ੍ਹਾਂ ਕਰ ਹੀ ਨਹੀਂ ਰਹੇ। ਜਦੋਂ ਵੀ ਤੁਸੀਂ ਪੂਰਨ ਵਿਸ਼ਵਾਸ਼ ਨਾਲ ਸੱਚੇ ਹੋ ਕੇ ਲਗੱਗੋ ਤੁਹਾਡੇ ਅੰਦਰ ਬੇਅੰਤ ਬਦਲਾਓ ਆਏਗਾ ਹੀ, ਤੁਹਾਡੀ ਸੋਚਣੀ ਬਦਲੇਗੀ, ਤੁਹਾਡਾ ਵਿਹਾਰ ਬਦਲੇਗਾ, ਤੁਹਾਡੇ ਕਰਮ ਤੁਹਾਡੀ ਲੇਖਣੀ ਸਭ ਬਦਲ ਜਾਏਗੀ। ਤੁਸੀਂ ਇਸ ਤਰ੍ਹਾਂ ਦਾ ਤਜਰਬਾ ਕਰਕੇ ਦੇਖ ਲਓ, ਭਾਵੇਂ ਇਕ ਦੋ ਦਿਨ ਲਈ ਕਰਕੇ ਦੇਖ ਲਓ, ਆਪਣੀ ਸ਼ਕਤੀ ਵਰਤੋ, ਵਰਤ ਕੇ ਦੇਖੋ ਤਾਂ ਸਹੀ, ਆਪਣੀ ਵਿਰਾਸਤ ਦੀ ਸ਼ਕਤੀ ਵਰਤ ਕੇ ਦੇਖੋ, ਪ੍ਰੇਮ ਦੀ ਸ਼ਕਤੀ ਵਰਤ ਕੇ ਦੇਖੋ, ਦੂਸਰਿਆਂ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਕੇ ਦੇਖੋ ਕਿ ਤੁਸੀਂ ਕਿਸੇ ਨੂੰ ਦੁਖੀ ਨਾ ਕਰੋ, ਕਿਸੇ ਨੂੰ ਨੁਕਸਾਨ ਨਾ ਪਹੁੰਚਾਓ। ਇਹ ਕਰਕੇ ਦੇਖੋ।

ਯੋਗ ਵਿਚ ਪ੍ਰੇਮ ਦੇ ਅਸਲੀ ਅਰਤ ਦਿਤੇ ਗਏ ਹਨ। ਜਿਹੜੇ ਤੁਸੀਂ ਆਪਣੇ ਆਪ ਨਾਲ ਵਾਅਦੇ ਕਰਦੇ ਹਨ, ਕਸਮਾਂ ਚੁਕਦੇ ਹੋ, ਉਨ੍ਹਾਂ ਵਿਚ 'ਯਮ' ਹਨ। 'ਨਿਯਮ' ਹਨ ਯੋਗ ਤੁਹਾਨੂੰ ਅਹਿੰਸਕ ਹੋਣ ਲਈ ਦਲਦਾ ਹੈ। ਅਹਿੰਸਾ ਤੋਂ ਭਾਵ ਹੈ ਕਿਸੇ ਨੂੰ ਕਿਸੇ ਕਿਸਮ ਦਾ ਦੁਖ ਨਹੀਂ ਦੇਣਾ। ਅਹਿੰਸਾ ਨੂੰ ਜੀਵਨ ਵਿਚ ਅਭਿਆਸ ਕਰਨ ਤੋਂ ਭਾਵ ਹੈ ਕਿਸੇ ਨੂੰ ਦੁਖੀ ਨਹੀਂ ਕਰਨਾ, ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਕੁਝ ਵੀ ਨਖੇਧੀ ਵਾਲਾ ਨਹੀਂ ਕਰਨਾ। ਤੁਸੀਂ ਦੂਸਰਿਆਂ ਨੂੰ ਜਦੋਂ ਦੁਖੀ ਕਰਦੇ ਹੋ ਤਾਂ ਕੇਵਲ ਸੁਆਰਥੀ ਹੋ ਕੇ ਹੀ ਕਰਦੇ ਹੋ। ਜਦੋਂ ਤੁਸੀਂ ਅਹਿੰਸਾ ਦਾ ਅਭਿਆਸ ਕਰਦੇ ਹੋ ਤਾਂ ਤੁਸੀਂ ਪ੍ਰੇਮ ਦਾ ਹੀ ਅਭਿਆਸ ਕਰਦੇ ਹੋ। ਅਹਿੰਸਾ ਦਾ ਹੀ ਦੂਸਰਾ ਨਾਮ ਪ੍ਰੇਮ ਹੈ, ਪ੍ਰੇਮ ਵਿਚ ਸੁਆਰਥ ਦੀ ਕੋਈ ਥਾਂ ਹੈ ਹੀ ਨਹੀਂ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ, ਸੋਚ ਕੇ ਦੇਖੋ ਦਿਨ ਵਿਚ ਕਿੰਨੀ ਵਾਰੀ ਤੁਸੀਂ ਆਪਣੀ ਸਪੰਤੀ ਆਪਣਿਆ ਨੂੰ ਦੇਣ ਦੀ ਸੋਚਦੇ ਹੋ। ਦੂਸਰਿਆਂ ਨੂੰ ਦੇਣ ਦੀ ਗੱਲ ਤਾਂ ਬਾਅਦ ਵਿਚ ਹੀ ਆਉਂਦੀ ਹੈ। ਸਭ ਤੋਂ ਪਹਿਲਾਂ ਅਹਿੰਸਾ ਦਾ ਅਭਿਆਸ ਤਾਂ ਘਰ ਵਿਚ ਅਤੇ ਆਪਣੇ ਪਿਆਰਿਆਂ ਨਾਲ ਹੋਣਾ ਚਾਹੀਦਾ ਹੈ, ਸਤਿ ਦਾ

ਅਭਿਆਸ ਤਾਂ ਬਹੁਤ ਪਿਛੋਂ ਦੀ ਗੱਲ ਹੈ।

ਜਦੋਂ ਤੁਸੀਂ ਦੇਣ ਵਿਚ ਅਨੰਦ ਲੈਣ ਲਗ ਪੈਂਦੇ ਹੋ, ਤੁਹਾਨੂੰ ਦੇਣਾ ਚੰਗਾ ਲਗਣ ਲਗ ਪੈਂਦਾ ਹੈ। ਇਕ ਦਿਨ ਉਹ ਆ ਜਾਂਦਾ ਹੈ। ਜਦੋਂ ਤੁਸੀਂ ਬਿਨਾਂ ਕਿਸੇ ਝਿਜਕ ਦੇ ਦੇਣ ਲਗ ਪੈਂਦੇ ਹੋ। ਆਪਣੇ ਕਰਮਾਂ ਦੇ ਫਲ ਦੂਸਰਿਆਂ ਨੂੰ ਦੇ ਦਿੰਦੇ ਹੋ, ਭਾਵੇਂ ਉਹ ਤੁਹਾਨੂੰ ਜਾਣਦੇ ਹੋਣ ਭਾਵੇਂ ਨਾ ਜਾਣਦੇ ਹੋਣ। ਪਹਿਲਾਂ ਤੁਹਾਨੂੰ ਘਰ ਦੇ ਅੰਦਰ ਹੀ ਦੇਣਾ ਸਿਖਣਾ ਪੈਣਾ ਹੈ ਜਾਂ ਜਿਥੇ ਵੀ ਤੁਸੀਂ ਰਹਿੰਦੇ ਹੋ, ਆਪਣੇ ਦੋਸਤਾਂ ਨੂੰ, ਸਬੰਧੀਆਂ ਨੂੰ ਜਾਂ ਜਿਹੜੇ ਤੁਹਾਡੇ ਬਹੁਤ ਹੀ ਨੇੜੇ ਹੋਣ, ਤੁਹਾਡੇ ਪਤੀ ਪਤਨੀ, ਬੱਚਿਆਂ ਨੂੰ ਨਾਲ ਦੀ ਨਾਲ ਤੁਹਾਨੂੰ ਆਪਣੇ ਆਪ ਨੂੰ ਯਾਦ ਵੀ ਕਰਾਉਂਦੇ ਰਹਿਣਾ ਚਾਹੀਦਾ ਹੈ ਕਿ ਤੁਸੀਂ ਇਸ ਤਰ੍ਹਾਂ ਹੀ ਹੋ, ਤੁਸੀਂ ਦੇਣਾ ਹੀ ਹੈ, ਤੁਸੀਂ ਕਰਨਾ ਹੀ ਹੈ।

ਜੇ ਤੁਸੀਂ ਹਿ ਮੰਨ ਲਵੋਗੇ ਕਿ ਤੁਸੀਂ ਨਹੀਂ ਬਦਲ ਸਕਦੇ ਫੇਰ ਤੁਸੀਂ ਜੀਵਨ ਵਿਚ ਕੁਝ ਨਹੀਂ ਕਰ ਸਕਦੇ। ਤੁਸੀਂ ਆਪਣੇ ਜੀਵਨ ਵਿਚ ਪੂਰੀ ਤਰ੍ਹਾਂ ਹਾਰ ਜਾਓਗੇ। ਤੁਸੀਂ ਸਿਰਜਨਾਤਮਕ ਨਹੀਂ ਹੋ ਸਕਦੇ। ਤੁਸੀਂ ਆਪਣੇ ਆਪ ਨੂੰ ਸੋਧ ਨਹੀਂ ਸਕਦੇ। ਜੇ ਤੁਸੀਂ ਇਸ ਤਰ੍ਹਾਂ ਜੀਵਨ ਬਤੀਤ ਕਰਨਾ ਹੈ ਤਾਂ ਇਸ ਜੀਵਨ ਦਾ ਕੀ ਲਾਭ ਹੈ? ਕਿਸ ਲਈ ਹੈ ਇਹ ਜੀਵਨ? ਇਸ ਤਰ੍ਹਾਂ ਜੀਵਨ ਬੋਝਲ ਬਣ ਜਾਂਦਾ ਹੈ, ਤੁਹਾਡੇ ਲਈ ਆਪਣੇ ਲਈ ਭਾਰੀ ਬਣ ਜਾਂਦਾ ਹੈ। ਤੁਸੀਂ ਅੱਕ ਜਾਂਦੇ ਹੋ, ਇਹੋ ਜਿਹੇ ਜੀਵਨ ਤੋਂ। ਤੁਹਾਨੂੰ ਆਪਣੇ ਆਪ ਨਾਲ ਤਜਰਬੇ ਕਰਦੇ ਰਹਿਣਾ ਚਾਹੀਦਾ ਹੈ। ਜਦੋਂ ਵੀ ਤੁਸੀਂ ਤਜਰਬਾ ਕਰੋਗੇ ਉਸ ਤੋਂ ਪਿਛੋਂ ਤੁਸੀਂ ਦੇਖੋਗੇ ਤੁਸੀਂ ਕਿਸ ਤਰ੍ਹਾਂ ਵਿਕਸਿਤ ਹੋਏ ਹੋ, ਕਿਸ ਤਰ੍ਹਾਂ ਤੁਹਾਡਾ ਵਿਕਾਸ ਹੋਇਆ ਹੈ। ਇਸ ਤਰ੍ਹਾਂ ਵਿਕਾਸ ਹੁੰਦੇ ਹੁੰਦੇ ਤੁਸੀਂ ਉਸ ਉਚਾਈ ਤੇ ਉਸ ਸਥਾਨ ਤੇ ਪਹੁੰਚ ਜਾਂਦੇ ਹੋ ਜਿਥੇ ਸਹਾਇਤਾ ਕਰਨਾ ਚਾਹੁੰਦੇ ਹੋ, ਸੇਵਾ ਕਰਨਾ ਚਾਹੁੰਦੇ ਹੋ ਇਹ ਹੀ ਸਭ ਤੋਂ ਉਤਮ ਇਛਾਵਾਂ ਹਨ, ਇਸ ਤਰ੍ਹਾਂ ਨਾਲ ਤੁਹਾਡਾ ਜੀਵਨ ਇਕ ਸਾਧੂ ਦਾ ਜੀਵਨ, ਇਸ ਸੰਤ ਦਾ ਜੀਵਨ ਬਣ ਜਾਂਦਾ ਹੈ, ਤੁਸੀਂ ਦੇਖੋਗੇ ਕਿ ਤੁਸੀਂ ਬਿਲਕੁਲ ਹੋਰ ਤਰ੍ਹਾਂ ਦੇ ਹੋ ਗਏ ਹੋ। ਜਿੰਨੀਆਂ ਵੀ ਵੱਡੀਆਂ ਵੱਡੀਆਂ ਹਸਤੀਆਂ ਇਸ ਸੰਸਾਰ ਤੇ ਹੋਈਆਂ ਹਨ, ਤੁਸੀਂ ਦੇਖੋਗੇ ਕਿ ਬਿਲਕੁਲ ਨਿਰਸੁਆਰਥੀ ਹੋਈਆਂ ਹਨ, ਇੱਛਾ ਰਹਿਤ ਹੋਈਆਂ ਹੋਈਆਂ ਹਨ, ਉਨ੍ਹਾਂ ਦਾ ਜੀਵਨ ਕੇਵਲ ਦੂਸਰਿਆਂ ਲਈ ਹੀ ਹੋਇਆ ਹੈ, ਦੂਸਰਿਆਂ ਦੀ ਸੇਵਾ ਲਈ ਦੂਸਰਿਆਂ ਦੀ ਸਹਾਇਤਾ ਲਈ, ਦੂਸਰਿਆਂ ਦੇ ਕੰਮ ਆਉਣ ਲਈ ਹੀ ਉਨ੍ਹਾਂ ਦਾ ਜੀਵਨ ਬਤੀਤ ਹੋਇਆ ਹੈ। ਉਹ ਇਹ ਜਾਮਦੇ ਸੀ ਸੁਤੰਤਰ ਹੋਣ ਦਾ ਕੇਵਲ ਇਕ ਹੀ ਤਰੀਕਾ ਹੈ ਉਹ ਹੈ ਦੇਣਾ ਨਿਰਸੁਆਰਥ ਹੋ ਕੇ ਦੇਣਾ ਜੀਵਨ ਦਾ ਇਹ ਹੀ ਇਕ ਮਾਤਰ ਕਾਨੂੰਨ ਹੈ, ਦਿਓ ਤੇ ਦੇ ਕੇ ਭੁੱਲ ਜਾਓ।

ਜੇ ਤੁਸੀਂ ਆਪਣੇ ਆਪ ਨੂੰ ਦੇਖੋਗੇ ਜਾਂਚੋਗੇ ਕਿ ਤੁਹਾਡੇ ਹੱਥ ਪੈਰ ਕਿਸ ਲਈ ਕੰਮ ਕਰਦੇ ਹਨ। ਤੁਹਾਡੇ ਹੱਥ ਤੁਹਾਡੇ ਮੂੰਹ ਵਿਚ ਰੋਟੀ ਪਾਉਂਦੇ ਹਨ। ਜੇ ਤੁਹਾਡੇ ਹੱਥ, ਤੁਹਾਡੇ ਮੂੰਹ ਵਿਚ ਰੋਟੀ ਪਾਉਣ ਤੋਂ ਇਨਕਾਰ ਦੇਣ ਫੇਰ ਕੀ ਹੋਵੇਗਾ, ਤੁਸੀਂ ਜੀਅ ਹੀ ਨਹੀਂ ਸਕੋਗੇ, ਤੁਹਾਡੇ ਦੰਦ ਰੋਟੀ ਚਿਥਦੇ ਹਨ, ਤੁਹਾਡਾ ਮਿਹਦਾ ਹਜ਼ਮ ਕਰਦਾ ਹੈ, ਜਿਗਰ ਸਾਰੇ ਲਈ ਕੰਮ ਕਰਦਾ ਹੈ, ਤੁਸੀਂ ਸਾਰੇ ਵਿਸ਼ਵ ਲਈ ਜੀਉਂਦੇ ਹੋ, ਤੁਸੀਂ ਵਿਸ਼ਵ ਦਾ ਹਿੱਸਾ ਹੋ ਇਹ ਹੀ ਸਚਾਈ ਹੈ।

ਜਦੋਂ ਤੁਸੀਂ ਕੇਵਲ ਆਪਣੇ ਲਈ ਜੀਉਂਦੇ ਹੋ, ਕੰਮ ਕਰਦੇ ਹੋ, ਤੁਸੀਂ ਸੁਆਰਥੀ ਹੁੰਦੇ ਹੋ ਤਾਂ ਤੁਸੀਂ ਵਿਸ਼ਵ ਨਾਲੋਂ ਟੁੱਟਦੇ ਹੋ। ਇਹ ਇਕ ਨਖੇਧੀ ਦਾ ਤਰੀਕਾ ਹੈ। ਇਹ ਕਾਰਣ ਹੈ ਤੁਸੀਂ ਦੁਖੀ ਹੁੰਦੇ ਹੋ। ਤੁਹਾਡੇ ਦੁਖ ਦਾ ਕਾਰਨ ਹੀ ਸੁਆਰਥੀ ਹੋਣਾ ਹੈ ਤੇ ਤੁਹਾਡੀ ego ਹੈ। ਜਦੋਂ ਤੁਸੀਂ ਸੁਆਰਥੀ ਹੋ ਤਾਂ ਉਸ ਤੋਂ ਭਾਵ ਹੈ ਕਿ ਤੁਸੀਂ ਆਪਣੀ ਡਿਊਟੀ ਨਹੀਂ ਕਰ ਰਹੇ, ਜੇ ਤੁਸੀਂ ਆਪਣੀ ਡਿਊਟੀ ਨਹੀਂ ਕਰ ਰਹੇ, ਆਪਣੇ ਫਰਜ਼ ਨਹੀਂ ਨਿਭਾ ਰਹੇ, ਤੁਸੀਂ ਖੁਸ਼ ਨਹੀਂ ਹੋ ਸਕਦੇ, ਜੇ ਤੁਸੀਂ ਹੰਕਾਰੀ ਹੋ ਤਾਂ ਤੁਹਾਡਾ ਪਤਨ ਹੋਣਾ ਹੀ ਹੋਣਾ ਹੈ, ਤੁਸੀਂ ਕੋਈ ਤਰੱਕੀ ਨਹੀਂ ਕਰ ਰਹੇ।

ਹਰ ਇਕ ਸਭਿਅਕ ਵਿਚ ਇਹੋ ਜਿਹੇ ਲੋਕ ਹੋਏ ਹਨ, ਜਿਹੜੇ ਤੁਹਾਡੇ ਲਈ ਚਾਨਣ ਮੁਨਾਰੇ ਹੋ ਸਕਦੇ ਹਨ, ਜੇ ਤੁਸੀਂ ਉਨ੍ਹਾਂ ਦੇ ਜੀਵਨ ਪੜ੍ਹੋ ਤੁਸੀਂ ਦੇਖੋਗੇ ਕਿ ਉਨ੍ਹਾਂ ਨੂੰ ਫਾਂਸੀ ਵੀ ਲੱਗੀ ਹੈ, ਮਾਰੇ ਗਏ ਹਨ, ਉਨ੍ਹਾਂ ਨੂੰ ਪੱਥਰਾਂ ਨਾਲ ਮਾਰਿਆ ਗਿਆ ਹੈ ਇਹ ਸਭ ਕੁਝ ਉਨ੍ਹਾਂ ਨਾਲ ਉਨ੍ਹਾਂ ਦੇ ਆਪਣੇ ਕਰਕੇ ਨਹੀਂ ਹੋਇਆ, ਇਹ ਸਭ ਕੁਝ ਜੋ ਉਹ ਦੂਸਰਿਆਂ ਲਈ ਕਰ ਰਹੇ ਸੀ, ਉਸ ਲਈ ਹੋਇਆ। ਆਮ ਮਨੁੱਖ ਆਪਣੇ ਲਈ ਮਰਦੇ ਹਨ, ਆਪਣੀਆਂ ਇਛਾਵਾਂ ਲਈ ਮਰਦੇ ਹਨ, ਵੱਡੇ ਉਹ ਹਨ ਜਿਹੜੇ ਮਨੁਖਤਾ ਲਈ ਆਪਣੀ ਜਾਨ ਦਿੰਦੇ ਹਨ, ਉਹ ਮਾਨਵਤਾ ਦੀ ਸੇਵਾ ਕਰਨਾ ਚਾਹੁੰਦੇ ਹਨ, ਮਰਦੇ ਦੋਨੋਂ ਹੀ ਹਨ ਪਰ ਮਰਨ ਵਿਚ ਫਰਕ ਹੈ, ਅੰਤਰ ਹੈ, ਜੀਉਣ ਵਿਚ ਵੀ ਅੰਤਰ ਹੈ।

ਚੰਗੇ ਮਨੁੱਖ ਸੱਚਮੁਚ ਹੀ ਜੀਉਂਦੇ ਹਨ। ਜਿਹੜੇ ਮਨੁੱਖ ਆਪਣੇ ਲਈ ਚੰਗੇ ਨਹੀਂ ਹਨ, ਆਪਣੀ ਉਨ੍ਹਾਂ ਦੀ ਸਿਹਤ ਠੀਕ ਨਹੀਂ, ਆਪਣੇ ਲਈ ਸਹਾਇਕ ਨਹੀਂ, ਉਹ ਦੂਸਰਿਆਂ ਲਈ ਕਿਵੇਂ ਸਹਾਇਕ ਤੇ ਠੀਕ ਹੋ ਸਕਦੇ ਹਨ। ਜਿਹੜਾ ਮਨੁੱਖ ਆਪ ਦੁਖੀ ਹੈ, ਉਹ ਦੂਸਰਿਆਂ ਦੀ ਸਹਾਇਤਾ ਕਿਵੇਂ ਕਰ ਸਕਦਾ ਹੈ, ਦੂਸਰਿਆਂ ਨੂੰ ਪਿਆਰ ਨਹੀਂ ਕਰ ਸਕਦਾ, ਉਹ ਨਿਸੁਆਰਥੀ ਨਹੀਂ ਹੋ ਸਕਦਾ। ਇਹੋ ਜਿਹਾ ਇਨਸਾਨ ਆਪਣੇ ਲਈ ਜਾਲ ਬੁਣ ਲੈਂਦਾ ਹੈ, ਉਹ ਆਪਣੇ ਮਨ ਦੀ ਮ੍ਰਿਗ ਤ੍ਰਿਸ਼ਨਾ ਨਹੀਂ ਬੁਝਆ ਸਕਦਾ, ਉਹ ਉਸ ਤੋਂ ਅੱਗੇ ਵੀ ਨਹੀਂ ਜਾ ਸਕਦਾ। ਉਹ ਉਸ ਤੋਂ ਉਚੇ ਵੀ ਨਹੀਂ

ਉਠ ਸਕਦਾ। ਆਪਾ ਚੀਨਣਾ ਕਦੀ ਨਾ ਛੱਡੋ, ਇਹ ਕਦੀ ਨਾ ਕਹੋ, ਤੁਸੀਂ ਕਰ ਨਹੀਂ ਸਕਦੇ, ਤੁਸੀਂ ਕਦੀ ਵੀ ਚੰਗੇ ਨਹੀਂ ਹੋ ਸਕਦੇ। ਤੁਸੀਂ ਬਹੁਤ ਵਾਰੀ ਆਪਣੇ ਆਪ ਨੂੰ ਨਿਖੇਦੇ ਵੀ ਹੋ, ਆਪਣੇ ਆਪ ਨੂੰ ਮਾੜਾ ਵੀ ਕਹਿੰਦੇ ਹੋ, ਕੀ ਆਪਣੇ ਆਪ ਨੂੰ ਨਿਖੇਦਣ ਤੋਂ ਤੁਹਾਡਾ ਭਾਵ ਹੈ, ਤੁਹਾਡੀ ਸ਼ਕਲ ਸੂਰਤ ਚੰਗੀ ਨਹੀਂ, ਤੁਸੀਂ ਮਾੜੇ ਕਪੜੇ ਪਾਉਂਦੇ ਹੋ, ਤੁਹਾਡਾ ਘਰ ਮਾੜਾ ਹੈ, ਮਾਤਾ ਪਿਤਾ ਮਾੜੇ ਹਨ ਕੀ ਮਾੜਾ ਹੈ? ਕੀ ਬੁਰਾ ਹੈ? ਇਹੋ ਜਿਹੇ ਨਖੇਧੀ ਦੇ ਵਿਚਾਰ ਕੀ ਅਸਰ ਕਰਦੇ ਹਨ, ਇਹੋ ਜਿਹੇ ਨਖੇਧੀ ਦੇ ਵਿਚਾਰ ਕੀ ਕਰਦੇ ਹਨ? ਲਗਾਤਾਰ ਇਸ ਤਰ੍ਹਾਂ ਕਰਨ ਨਾਲ ਤੁਹਾਡੀ ਆਦਤ ਬਣ ਜਾਂਦੀ ਹੈ, ਇਸੇ ਕਰਕੇ ਤੁਸੀਂ ਆਪਣੇ ਆਪ ਨੂੰ ਬੁਰਾ ਕਹਿਣ ਲਗ ਪੈਂਦੇ ਹੋ, ਦੁਰਬਲ ਕਹਿਣ ਲਗ ਪੈਂਦੇ ਹੋ।

'ਚਲਦਾ'

(ਪੰਨਾ 43 ਦੀ ਬਾਕੀ)

ਹਿਮਾਲੀਅਨ ਸੰਸਥਾ ਦੀ ਸ਼ਾਨਦਾਰ ਉਦਘਾਟਨ ਦੀ ਸੂਚਨਾ ਸਾਰੀ ਜਗ੍ਹਾ ਭੇਜ ਦਿਤੀ ਗਈ, ਅਸੀਂ ਪ੍ਰੈਸ ਲਈ ਵੀ ਤਿਆਰੀ ਕੀਤੀ, ਸ਼ਿਕਾਗੋ ਤੋਂ ਮੰਨੇ ਪਰਮੰਨੇ ਸੱਜਣ ਵੀ ਆਏ, ਅਧਿਆਤਮਕ ਗੁਰੂ ਵੀ ਆਏ, ਬਹੁਤ ਸਾਰੇ ਜਗਿਆਸੂ ਵੀ ਆਏ, ਸਭ ਨੇ ਸਵਾਮੀ ਜੀ ਦੀ ਸ਼ਲਾਘਾ ਕੀਤੀ।

ਉਸ ਸਾਲ ਮਿਡ ਵੈਸਟ ਵਿਚ ਬਸੰਤ ਰੁੱਤ ਥੋੜ੍ਹੀ ਪਛੜ ਕੇ ਸੀ, ਫੇਰ ਵੀ ਕੁਝ ਫੁੱਲ ਦਿਖਾਈ ਦੇ ਰਹੇ ਸਨ, ਅਸੀਂ ਫੁੱਲਾਂ ਦੀ ਕਮੀ ਫੁੱਲਾਂ ਦੀਆਂ ਟੋਕਰੀਆਂ ਨੂੰ ਥਾਂ, ਥਾਂ ਟੰਗ ਕੇ ਪੂਰਾ ਕਰ ਦਿਤਾ ਤੇ ਥਾਂ ਥਾਂ ਗਮਲੇ ਰੱਖ ਦਿਤੇ, ਅਸੀਂ ਅਰਦਾਸ ਕੀਤੀ ਕਿ ਉਸ ਦਿਨ ਧੁੱਪ ਨਿਕਲੇ, ਸੋਹਣਾ ਦਿਨ ਹੋਵੇ, ਅਸੀਂ ਸਾਰੇ ਬਹੁਤ ਉਤੇਜਿਤ ਸੀ ਕਿ ਸ਼ਿਕਾਗੋ ਸੈਂਟਰ ਸਾਡਾ ਆਪਣਾ ਸੈਂਟਰ ਹੈ।

ਸਵਾਮੀ ਜੀ ਕਹਿਣ ਲੱਗੇ, "ਤੁਸੀਂ ਸਬਰ ਰੱਖੋ ਮੇਰੇ ਗੁਰੂਦੇਵ ਤੁਹਾਡੇ ਲਈ ਸੁਗਾਤ ਤਿਆਰ ਕਰ ਰਹੇ ਹਨ।

ਦੂਸਰੇ ਦਿਨ ਸਵੇਰੇ ਸਭ ਦੇ ਆਉਣ ਤੋਂ ਪਹਿਲਾਂ ਮਾਰਟਨ ਗਰਾਈਡਰ ਨੇ ਮੈਨੂੰ ਇਸ਼ਾਰਾ ਕੀਤਾ। ਮੈਂ ਹਾਲ ਵਿਚ ਗਿਆ, ਲੈਕਚਰ ਸਟੈਂਡ ਦੇ ਪਿੱਛੇ ਵੱਡੀ ਸਾਰੀ ਖਿੜਕੀ ਸੀ ਜਿਹੜੀ ਧਰਤੀ ਤੋਂ ਛੱਤ ਤਕ ਉਚੀ ਸੀ ਤੇ ਕੋਈ ਪੰਜ ਮੀਟਰ ਚੌੜੀ ਸੀ, ਉਸਦੇ ਬਾਹਰ ਵਾਰ ਬਿਲਕੁਲ ਸੈਂਟਰ ਵਿਚ ਮੈਗਾਨੋਲੀਆ ਦਾ ਦਰਖਤ ਸੀ ਜਿਸ ਦੇ ਪੱਤੇ ਤੇ ਡੋਡੀਆਂ ਸੁੱਕ ਗਏ ਸੀ ਪਰ ਰਾਤੋ ਰਾਤ ਉਹ ਹਰੇ ਭਰੇ ਹੋ ਗਏ ਸੀ। ਮਾਰਟਨ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਸਾਮ੍ਹਣੇ ਦੇਖੋ, ਉਸ ਦਾ ਇਸ਼ਾਰਾ ਦਰਖਤ ਵਲ ਸੀ, ਉਸ ਦਰਖਤ ਤੇ ਗੁਲਾਬੀ ਤੇ ਚਿੱਟੇ ਫੁੱਲ ਨਿਕਲ ਆਏ ਸੀ। ਕੋਈ ਮੰਨ ਸਕਦਾ ਹੈ ਕਿ ਰਾਤੋ ਰਾਤ ਦਰਖਤ ਦੇ ਫੁੱਲ ਖਿੜ ਸਕਦੇ ਹਨ? ਮੈਂ ਬਾਹਰ ਨਿਕਲ ਕੇ ਬਾਕੀ ਦੇ ਦਰਖਤ ਦੇਖੇ, ਬਾਕੀ ਦੇ ਦਰਖਤਾਂ ਤੇ ਕੇਵਲ ਹਾਲੇ ਡੋਡੀਆਂ ਹੀ ਆਈਆਂ ਸੀ, ਬਾਕੀ ਸਭ ਕੁਝ ਹਾਲੇ ਤਿਆਰ ਹੀ ਹੋ ਰਿਹਾ ਸੀ। ਕੇਵਲ ਉਹ ਹੀ ਦਰਖਤ ਖਿੜਿਆ ਪਿਆ ਸੀ, ਇਸ ਦੀਆਂ ਗੁਲਾਬੀ ਪੰਖੜੀਆਂ ਕਮਰੇ ਦੇ ਅੰਦਰ ਆ ਰਹੀਆਂ ਸੀ ਤੇ ਸੂਰਜ ਦੀ ਰੋਸ਼ਨੀ ਨੂੰ ਆਪਣੇ ਅੰਦਰ ਸਮੇਟਣ ਲਈ ਤਿਆਰ ਸੀ ਜਿਵੇਂ ਅੱਜ ਦੇ ਦਿਨ ਲਈ ਜੀ ਆਇਆਂ ਕਹਿ ਰਹੀਆਂ ਹੋਣ।

ਉਦਘਾਟਨ ਦਾ ਦਿਨ ਬਹੁਤ ਹੀ ਸੋਹਣਾ ਨਿਕਲਿਆ, ਖੁਸ਼ੀਆਂ ਭਰਿਆ, ਜਗਿਆਸੂ ਆਏ, ਸ਼ਿਸ਼ ਆਏ, ਖੋਜੀ ਆਏ, ਪਾਦਰੀ ਲੋਕ ਆਏ, ਮੰਤਰੀ ਲੋਕ ਆਏ ਦੂਰੋਂ ਦੂਰੋਂ ਸੱਜਣ ਆਏ, ਯੋਗ ਦੇ ਅਧਿਆਪਕ ਆਏ, ਵਿਦਿਆਰਥੀ ਆਏ ਭਾਵ ਹਰ ਵਰਗ ਦੇ ਲੋਕ ਆਏ। ਬਾਇਓਫੀਡਬੈਕ ਕਮਰੇ ਖੁਲ੍ਹੇ ਸੀ, ਕੋਈ ਵੀ ਜਾ ਕੇ ਦੇਖ ਸਕਦੇ ਸੀ। ਯੋਗੀ ਅਚਲਾ ਨੇ ਸਾਰੇ ਆਸਨ ਕਰਕੇ ਦਿਖਾਏ ਹੱਠ ਯੋਗ ਦੇ ਉਹ ਮਾਹਰ ਹਨ। ਡੇਵਿਡ ਨੇ ਗਾਉਣ ਦੀ ਭੂਮਿਕਾ ਨਿਭਾਈ, ਪੂਰੇ ਪਰਿਵਾਰ ਨਾਲ ਆਇਆ ਸੀ ਜੋ ਦੇਖ ਰਿਹਾ ਸੀ ਕਿਹਰ ਜਗ੍ਹਾ ਤੇ ਪੂਰੀ ਰੋਸ਼ਨੀ ਹੈ, ਕੋਈ ਕਮੀ ਤਾਂ ਨਹੀਂ। ਸਾਰੇ ਹੀ ਬਹੁਤ ਉਤਸ਼ਾਹਤ ਲਗ ਰਹੇ ਸੀ, ਸ਼ਿਕਾਗੋ ਟੀਵੀ ਨੇ ਸਾਡੀ ਫਿਲਮ ਲਈ, ਪ੍ਰੈਸ ਵਾਲਿਆਂ ਨੇ ਇੰਟਰਵਿਊ ਲਈ, ਘਰ ਦੀ ਬਣੀ ਰੋਟੀ ਸੀ, ਬਹੁਤ ਸਾਰੇ ਘਰਾਂ ਨੇ ਮਿਲ ਕੇ ਇਹ ਕੰਮ ਕੀਤਾ ਸੀ। ਬੀਬੀ ਸਵਾਰਟਸ ਨੇ ਤਾਂ ਕੇਕ ਪੈਸਟਰੀਆ ਨਾਲ ਸਭ ਨੂੰ ਰਜਾਅ ਦਿਤਾ, ਐਨੀਆਂ ਭੇਜੀਆਂ ਕਿ ਇਹ ਇਕ ਯਾਦਗਾਰ ਬਣ ਗਈ।

ਐਨ ਕਹਿਣ ਲੱਗੀ, "ਚਾਰ ਸਾਲ ਪਹਿਲਾਂ ਅਸੀਂ ਇਕ ਦੁਕਾਨ ਦੇ ਅੱਗੇ ਬੈਠਦੇ ਸੀ ਤੇ ਹੁਣ ਚਾਰ ਸਾਲ ਬਾਅਦ ਐਡਾ ਵੱਡਾ ਤੇ ਸ਼ਾਨਦਾਰ ਉਦਘਾਟਨ, ਇਹ ਕੋਈ ਸਾਧਾਰਣ ਗੱਲ ਨਹੀਂ ਹੈ, ਇਹ ਤਾਂ ਸਵਾਮੀ ਜੀ ਦਾ ਹੀ ਪ੍ਰਤਾਪ ਹੈ।

ਸਿਹਤ ਵਿਗਿਆਨ

ਕੈਪਟਨ ਸ਼ਮਸ਼ੇਰ ਸਿੰਘ

ਮਈ ਮਹੀਨੇ ਦੇ ਆਤਮ ਮਾਰਗ ਵਿਚ ਤੁਲਸੀ, ਘੀ ਕੁਮਾਰ ਤੇ ਅੰਬ ਬਾਰੇ ਜ਼ਿਕਰ ਹੋ ਚੁੱਕਾ ਹੈ ਤੇ ਇਸ ਮਹੀਨੇ ਦੇ ਮੈਗਜ਼ੀਨ ਵਿਚ ਤੁਸੀਂ ਜਵੈਣ, ਆਂਵਲਾ ਤੇ ਹਰੜ ਬਾਰੇ ਪੜ੍ਹੋਗੇ। ਇਨ੍ਹਾਂ ਦੇ ਦਵਾ ਦੇ ਤੌਰ ਤੇ ਗੁਣਾਂ ਬਾਰੇ ਜਾਣਕਾਰੀ ਦਿਤੀ ਗਈ ਹੈ ਤਾਂ ਕਿ ਆਤਮ ਮਾਰਗ ਦੇ ਪਾਠਕ ਇਨ੍ਹਾਂ ਤੋਂ ਯੋਗ ਲਾਭ ਉਠਾ ਸਕਣ।

ਆਂਵਲਾ (GOOSE BERRY) ਪੰਜਾਬ ਵਿਚ ਆਮ ਕਰਕੇ ਇਸ ਨੂੰ ਔਲਾ ਵੀ ਕਹਿੰਦੇ ਹਨ। ਇਹ ਬਜ਼ਾਰਾਂ ਵਿਚ ਦਸੰਬਰ, ਜਨਵਰੀ, ਫਰਵਰੀ ਵਿਚ ਤਾਜ਼ਾ ਭੀ ਮਿਲਦਾ ਹੈ ਤੇ ਸੁਖਾਇਆ ਹੋਇਆ ਤਾਂ ਹਮੇਸ਼ਾ ਹੀ ਪੰਸਾਰੀਆਂ ਤੋਂ ਮਿਲ ਜਾਂਦਾ ਹੈ। ਆਯੂਰਵੈਦਿਕ ਤੇ ਯੂਨਾਨੀ ਹਿਕਮਤ ਦੇ ਗ੍ਰੰਥਾਂ ਵਿਚ ਆਂਵਲੇ ਦੀ ਬਹੁਤ ਮਹਿਮਾ ਕੀਤੀ ਗਈ ਹੈ।

ਅੱਜ ਦੀ ਸਾਇੰਟੇਫਿਕ ਰੀਸਰਚ ਤੋਂ ਪਤਾ ਲੱਗਿਆ ਹੈ ਕਿ ਇਸ ਵਿਚ ਭਾਰੀ ਮਾਤਰਾ ਵਿਚ ਵਿਟਾਮਿਨ ਸੀ ਮਿਲਦਾ ਹੈ। ਇਸ ਵਿਚ ਬਾਕੀ ਦੇ ਖੁਰਾਕੀ ਤੱਤ ਵੀ ਮੌਜੂਦ ਹਨ ਤੇ ਸਾਰੇ ਰੋਗਾਂ ਨੂੰ ਦੂਰ ਕਰਨ ਦੀ ਤਾਕਤ ਹੁੰਦੀ ਹੈ। ਇਸ ਦੇ ਕੁਝ ਕੁ ਗੁਣਾਂ ਦਾ ਬਿਆਨ ਹੇਠ ਕੀਤਾ ਜਾਂਦਾ ਹੈ। ਆਂਵਲਾ ਪਿੱਤ ਕਫ ਤੇ ਵਾਤ ਰੋਗਾਂ ਦਾ ਨਾਸ਼ ਕਰਦਾ ਹੈ।

1. ਆਂਵਲੇ ਦਾ ਮੁਰੱਬਾ ਬਹੁਤ ਹੀ ਸ਼ਕਤੀ ਵਰਧਕ ਹੁੰਦਾ ਹੈ ਤੇ ਠੰਡੀ ਤਾਸੀਰ ਵਾਲਾ ਹੁੰਦਾ ਹੈ। ਇਕ ਆਂਵਲਾ ਸਵੇਰੇ ਖਾਂਦੇ ਰਹਿਣ ਨਾਲ ਹਰ ਤਰ੍ਹਾਂ ਦੀ ਸ਼ਕਤੀ ਮਿਲਦੀ ਹੈ।

2. ਆਂਵਲਾ ਤ੍ਰਿਫਲਾ ਚੂਰਨ ਦਾ ਇਕ ਖਾਸ ਘਟਕ ਹੈ। ਤ੍ਰਿਫਲਾ ਚੂਰਨ ਵਿਚ ਆਂਵਲਾ ਚਾਰ ਭਾਗ, ਹਰੜ ਦੋ ਭਾਗ ਤੇ ਬਹੇੜਾ ਇਕ ਭਾਗ ਮਾਤਰਾ ਵਿਚ ਹੁੰਦੇ ਹਨ। ਇਹ ਕਬਜ਼, ਨੇਤਰ ਰੋਗਾਂ, ਵਾਲਾਂ ਦਾ ਝੜਨਾ ਜਾਂ ਜਲਦੀ ਸਫੇਦ ਹੋਣਾ ਦੇ ਰੋਗਾਂ ਲਈ ਬਹੁਤ ਉਤਮ ਦਵਾ ਹੈ। ਇਸ ਦਾ ਇਸਤੇਮਾਨ ਸ਼ੁਰੂ ਦੀ ਬਵਾਸੀਰ, ਪੇਟ ਦੇ ਜ਼ਖਮਾਂ, ਔਰਤਾਂ ਦੇ ਲਕੋਰੀਏ ਤੇ ਟਾਈਫਾਈਡ ਵਿਚ ਭੀ ਫਾਇਦਾ ਕਰਦਾ ਹੈ। ਇਸ ਦਾ ਸੇਵਨ ਤਾਜ਼ੇ ਪਾਣੀ ਨਾਲ ਇਕ-ਦੋ ਚਮਚ ਦੀ ਮਾਤਰਾ ਵਿਚ ਕੀਤਾ ਜਾਂਦਾ ਹੈ।

3. 1-2 ਚਮਚ ਆਂਵਲੇ ਦਾ ਚੂਰਨ ਰਾਤ ਨੂੰ 250 ਮਿਲੀ ਪਾਣੀ ਵਿਚ ਭਿਓਂ ਕੇ ਰੱਖੋ ਸਵੇਰੇ ਇਸ ਨੂੰ ਪੁਣ ਕੇ ਨੇਤਰ ਧੋਣ ਨਾਲ ਅੱਖਾਂ ਦਾ ਧੁੰਧਲਾਪਣ ਦੂਰ ਹੁੰਦਾ ਹੈ ਤੇ ਕੋਮਲਤਾ ਆਉਂਦੀ ਹੈ।

4. ਤਾਜ਼ਾ ਆਂਵਲਾ ਮਿਲੇ ਤਾਂ ਸ਼ਹਿਦ ਵਿਚ ਇਸ ਦਾ ਰਸ ਬਰਾਬਰ ਮਿਲਾ ਕੇ ਕੁਝ ਦਿਨ ਦੁੱਧ ਨਾਲ ਪੀਣ ਤੇ ਦਿਮਾਗ ਨੂੰ ਤਾਕਤ ਦਿੰਦਾ ਹੈ ਤੇ ਯਾਦਦਾਸ਼ਤ ਵਧਦੀ ਹੈ।

5. ਦਸਤਾਂ ਵਿਚ ਆਂਵਲੇ ਦਾ ਚੂਰਨ ਅੱਧਾ ਚਮਚ ਤੇ ਕਾਲਾ ਨਮਕ ਅੱਧਾ ਚਮਚ ਮਿਲਾ ਕੇ ਤਾਜ਼ੇ ਪਾਣੀ ਨਾਲ ਇਕ ਚਮਚ ਲੈਣ ਨਾਲ ਦਸਤ ਬੰਦ ਹੋ ਜਾਂਦੇ ਹਨ। ਉਪਰ ਲਿਖੇ ਚੂਰਨ ਦੀ ਜਗ੍ਹਾ ਆਂਵਲੇ ਦੇ ਪੱਤਿਆਂ ਦਾ ਰਸ ਭੀ ਕੰਮ ਕਰਦਾ ਹੈ।

6. ਸ਼ਕਰ ਰੋਗ ਦੇ ਰੋਗੀਆਂ ਲਈ ਤਾਜ਼ੇ ਆਂਵਲੇ ਦਾ ਰਸ ਜਾਂ ਸੁੱਕੇ ਆਂਵਲੇ ਦਾ ਪਾਊਡਰ ਇਕ ਚਮਚ ਤੇ ਹਲਦੀ ਇਕ ਚਮਚ ਮਿਲਾ ਕੇ ਪੀਣ ਨਾਲ ਸ਼ਕਰ ਰੋਗ ਵਿਚ ਗੁਣਕਾਰੀ ਤੇ ਤਾਕਤ ਵਧਾਊ ਹੁੰਦਾ ਹੈ।

7. 100 ਗ੍ਰਾਮ ਸੁੱਕੇ ਆਂਵਲੇ ਦਾ ਚੂਰਨ ਲੈ ਕੇ ਰਾਤੀਂ 1 ਕਿਲੋ ਪਾਣੀ ਵਿਚ ਭਿਉਂ ਕੇ ਰੱਖੋ ਤੇ ਸਵੇਰੇ ਇਸ ਪਾਣੀ ਤੇ ਆਂਵਲੇ ਨੂੰ ਉਬਾਲ ਲਵੋ, ਉਬਾਲਣ ਤੋਂ ਬਾਅਦ ਪਾਣੀ ਛਾਣ ਲਵੋ। ਇਸ ਪਾਣੀ ਨਾਲ ਵਾਲ ਧੋਂਦੇ ਰਹਿਣ ਨਾਲ ਵਾਲ ਝੜਨੇ, ਟੁੱਟਣੇ ਬੰਦ ਹੋ ਜਾਂਦੇ ਹਨ ਤੇ ਇਕ ਦਮ ਕਾਲੇ ਤੇ ਚਮਕਦਾਰ ਹੋ ਜਾਂਦੇ ਹਨ।

8. ਗਲਾ ਖਰਾਬ, ਆਵਾਜ਼ ਖਰਾਬ ਤੇ ਕਫ ਵਿਚ ਇਕ ਚਮਚ ਆਂਵਲੇ ਦਾ ਚੂਰਨ ਤੇ ਸ਼ਹਿਦ ਮਿਲਿਆ ਦੁੱਧ ਮਿਲਾ ਕੇ ਪੀਣ ਨਾਲ ਗਲਾ ਠੀਕ ਹੋ ਕੇ ਆਵਾਜ਼ ਸੁਧਰ ਜਾਂਦੀ ਹੈ ਤੇ ਕਫ ਵੀ ਨਿਕਲ ਜਾਂਦੀ ਹੈ। ਖੁਸ਼ਕ ਕਫ ਦੀ ਹਾਲਤ ਵਿਚ ਉਪਰ ਵਾਲੇ ਨੁਸਖੇ ਵਿਚ 1 ਚਮਚ ਘੀ ਮਿਲਾ ਕੇ ਪੀਓ।

9. ਤੇਜ਼ ਪੇਟ ਦਰਦ ਵਿਚ ਤਾਜ਼ੇ ਆਂਵਲੇ ਦਾ ਰਸ 20 ਗ੍ਰਾਮ, ਥੋੜ੍ਹਾ ਕਾਲਾ ਨਮਕ ਮਿਲਾ ਕੇ ਪੀਣ ਨਾਲ ਆਰਾਮ ਆ ਜਾਂਦਾ ਹੈ।

10. ਚਵਨਪਰਾਸ਼ ਜਿਸ ਦਾ ਆਂਵਲਾ ਖਾਸ ਘਟਕ ਹੈ ਇਕ ਬਹੁਤ ਹੀ ਬਲਵਰਧਕ ਟਾਨਿਕ ਹੈ। ਇਹ ਬਾਜ਼ਾਰ ਵਿਚ ਬਣਿਆ ਬਣਾਇਆ ਮਿਲ ਜਾਂਦਾ ਹੈ।

ਜਵੈਣ (King Cumin)

ਜਵੈਣ ਤਿੰਨ ਪ੍ਰਕਾਰ ਦੀ ਹੁੰਦੀ ਹੈ ਦੇਸੀ ਜਵੈਣ (ਅਜਮੋਦ), ਯਵਾਨੀ ਜਵੈਣ ਤੇ ਖੁਰਾਸਾਨੀ ਜਵੈਣ। ਪਿੰਡਾਂ ਵਿਚ ਦੇਸੀ ਤੇ ਯਵਾਨੀ ਜਵੈਣ ਆਮ ਕਰਕੇ ਬੀਜੀ ਜਾਂਦੀ ਹੈ ਤੇ ਘਰਾਂ ਵਿਚ ਆਮ ਹੁੰਦੀ ਹੈ। ਇਹ ਬਹੁਤ ਸਾਰੇ ਖਾਣ

ਦੇ ਪਦਾਰਥਾਂ ਵਿਚ ਇਸਤੇਮਾਲ ਕੀਤੀ ਜਾਂਦੀ ਹੈ। ਹੇਠ ਲਿਖੇ ਕੁਝ ਕੁ ਰੋਗਾਂ ਵਿਚ ਇਸਦੇ ਗੁਣਕਾਰੀ ਹੋਣ ਬਾਰੇ ਜਾਣਕਾਰੀ ਦਿਤੀ ਜਾਂਦੀ ਹੈ।

1. ਬੁਢਾਪੇ ਵਿਚ ਬਹੁਮੂਤਰ ਦੀ ਸ਼ਿਕਾਇਤ ਵਿਚ ਜਵੈਣ ਖਾਣ ਨਾਲ ਫਾਇਦਾ ਹੁੰਦਾ ਹੈ। ਜੇਕਰ ਜਵੈਣ ਤੇ ਤਿਲ ਦਾ ਚੂਰਨ ਬਣਾ ਕੇ ਗੁੜ ਨਾਲ ਲਿਆ ਜਾਵੇ ਤਾਂ ਇਸ ਰੋਗ ਤੋਂ ਛੁਟਕਾਰਾ ਮਿਲ ਜਾਂਦਾ ਹੈ।

2. ਨਸ਼ੇ ਛੁਡਾਉਣ ਲਈ (ਜਿਵੇਂ ਕਿ ਸ਼ਰਾਬ ਤੇ ਅਫੀਮ) ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜਵੈਣ ਇਨ੍ਹਾਂ ਨਸ਼ਿਆਂ ਦੀ ਤਲਬ ਨੂੰ ਹਟਾਉਂਦੀ ਹੈ। ਅਫੀਮ ਖਾਣ ਵਾਲੇ ਲਗਾਤਾਰ ਕਈ ਮਹੀਨੇ 2/3 ਗ੍ਰਾਮ ਜਵੈਣ ਸਵੇਰੇ ਸ਼ਾਮ ਇਸਤੇਮਾਲ ਕਰਨ ਅਤੇ ਅਫੀਮ ਘਟਾਉਂਦੇ ਜਾਣ ਤਾਂ ਇਸ ਦੀ ਲੱਤ ਛੁਟ ਜਾਂਦੀ ਹੈ। ਸ਼ਰਾਬ ਪੀਣ ਵਾਲੇ ਤਾਂ ਬਹੁਤ ਹੀ ਆਰਾਮ ਨਾਲ ਇਸ ਦੀ ਮਦਦ ਨਾਲ ਸ਼ਰਾਬ ਤਿਆਗ ਸਕਦੇ ਹਨ।

3. ਜਵੈਣ ਦੇ ਬੂਟੇ ਦੇ ਪੱਤੇ ਪੀਸ ਕੇ ਲੇਪ ਕਰਨ ਨਾਲ ਜ਼ਹਿਰੀਲੇ ਕੀੜੇ ਲੜੇ ਦਾ ਦਰਦ ਤੇ ਸਿਰ ਦਰਦ ਦੂਰ ਹੋ ਜਾਂਦਾ ਹੈ। ਜ਼ਹਿਰੀਲੇ ਕੀੜੇ ਲੜੇ ਅੰਗ ਤੇ ਇਸ ਦਾ ਲੇਪ ਕਰੋ।

4. 100 ਗ੍ਰਾਮ ਜਵੈਣ 30 ਗ੍ਰਾਮ ਕਾਲਾ ਨਮਕ ਤੇ 30 ਗ੍ਰਾਮ ਸੇਂਧਾ ਨਮਕ, 20 ਗ੍ਰਾਮ ਕਾਲੀ ਮਿਰਚ, 20 ਗ੍ਰਾਮ ਪਪੀਤੇ ਦਾ ਦੁੱਧ ਤੇ ਅੱਧਾ ਸੇਰ ਨਿੰਬੂ ਦਾ ਰਸ ਕਿਸੇ ਕੱਚ ਦੇ ਬਰਤਨ ਵਿਚ ਪਾ ਕੇ ਇਕ ਮਹੀਨਾ ਧੁੱਪ ਵਿਚ ਰੱਖ ਕੇ ਸਕਾਓ ਤੇ ਫਿਰ ਪੀਸ ਕੇ ਚੂਰਨ ਬਣਾਓ। ਇਸ ਵਿਚ ਸੁਹਾਗਾ ਖਿਲ 10 ਗ੍ਰਾਮ ਤੇ 20 ਗ੍ਰਾਮ ਜੌਂਖਾਰ ਭੀ ਮਿਲਾਓ। ਇਹ ਪੇਟ ਲਈ ਉਤਮ ਚੂਰਨ ਹੈ। ਮਾਤਰਾ 1-2 ਗ੍ਰਾਮ ਸਵੇਰੇ ਸ਼ਾਮ ਸ਼ਾਮ ਤਾਜ਼ੇ ਪਾਣੀ ਨਾਲ ਲਵੋ।

5. ਕੌੜ ਤੁੰਮੇਂ (ਇੰਦਰੈਣ) ਦੇ ਰਸ ਵਿਚ ਜਵੈਣ ਕਾਲਾ ਨਮਕ ਮਿਲਾ ਕੇ ਕੁਝ ਦਿਨ ਰੱਖੋ ਤੇ ਸੁਕਾ ਲਓ। ਸੁਕਾ ਕੇ ਚੂਰਨ ਬਣਾ ਲਓ। ਪੇਟ ਲਈ ਉਤਮ ਤੇ ਗੁਣਕਾਰੀ ਹੈ। ਬੱਚਿਆਂ ਨੂੰ ਅੱਧਾ ਗ੍ਰਾਮ ਦੀ ਮਾਤਰਾ ਕਦੇ ਕਦੇ ਦਿੰਦੇ ਰਹਿਣ ਨਾਲ ਪੇਟ ਦੇ ਕੀੜੇ ਨਹੀਂ ਰਹਿੰਦੇ।

6. ਜਵੈਣ ਸਤ ਇਕ ਚਮਚ ਦਿਨ ਵਿਚ ਤਿੰਨ ਵਾਰ ਦੇਣ ਨਾਲ ਬਦਹਜ਼ਮੀ, ਹੈਜਾ, ਬੁਖਾਰ, ਪੇਟ ਦਰਦ ਤੇ ਪੇਟ ਗੈਸ ਤੋਂ ਫਾਇਦਾ ਹੁੰਦਾ ਹੈ।

ਹਰੜ (Chebulic Myrobylan)

ਆਮ ਪੰਜਾਬ ਦੇ ਪਿੰਡਾਂ ਵਿਚ ਇਸ ਨੂੰ ਹੈੜਾਂ ਕਹਿੰਦੇ ਹਨ। ਹਰੜਾਂ ਵਿਚ ਆਂਵਲੇ ਵਾਲੇ ਸਾਰੇ ਗੁਣ ਹਨ ਤੇ ਹਰੜਾਂ ਗਰਮ ਤਾਸੀਰ ਰਖਦੀਆਂ ਹਨ। ਹਰੜਾਂ ਕਈ ਪ੍ਰਕਾਰ ਦੀਆਂ ਹਨ ਪਰ ਮੈਂ ਵੱਡੀਆਂ ਤੇ ਪੀਲੀਆਂ ਹਰੜਾਂ ਦਾ ਜ਼ਿਕਰ ਕਰਾਂਗਾ। ਮੈਨੂੰ ਸੋਝੀ ਹੈ ਮੇਰੀ ਦਾਦੀ ਮਿੱਟੀ ਦੀ ਤੌੜੀ ਵਿਚ ਇਕ ਸੇਰ ਗੰਨੇ ਦੇ ਰਸ ਦੇ ਸਿਰਕੇ ਵਿਚ 1/4 ਸੇਰ ਕਾਲਾ ਤੇ ਲਹੌਰੀ ਨਮਕ ਮਿਲਾ ਕੇ ਹਰੜ ਵਿਚ ਪਾ ਦੇਂਦੀ ਸੀ, ਇਹ ਕੁਝ ਦਿਨਾਂ ਵਿਚ ਗਲ ਜਾਂਦੀਆਂ ਸਨ। ਖਾਣ ਨੂੰ ਸਵਾਦੀ ਹੁੰਦੀਆਂ ਸਨ ਤੇ ਖਾਣਾ ਖਾਣ ਤੋਂ ਬਾਅਦ ਖਾਣ ਨਾਲ ਹਾਜ਼ਮੇ ਲਈ ਬਹੁਤ ਉਤਮ ਹੁੰਦੀਆਂ ਸਨ। ਇਹ ਪੁਰਾਣੀਆਂ ਦਾਦੀਆਂ ਦੀ ਉਤਮ ਘਰੇਲੂ ਦਵਾਈ ਸੀ। ਹਰੜਾਂ ਦੇ ਗੁਣ ਉਸ ਦੇ ਵਰਤਣ ਦੀ ਹਾਲਤ ਅਨੁਸਾਰ ਬਦਲ ਜਾਂਦੇ ਹਨ। ਜੇਕਰ ਹਰੜ ਨੂੰ ਚਬਾ ਕੇ ਖਾਧਾ ਜਾਵੇ ਤਾਂ ਇਹ ਭੁੱਖ ਨੂੰ ਚਮਕਾਉਂਦੀ ਹੈ। ਇਸ ਦਾ ਚੂਰਨ ਸ਼ਕਰ ਨਾਲ ਮਿਲਾ ਕੇ ਖਾਣ ਨਾਲ ਕਬਜ਼ ਦੂਰ ਹੁੰਦੀ ਹੈ।

ਇਸ ਦੇ ਚੂਰਨ ਨੂੰ ਸ਼ਹਿਦ ਵਿਚ ਪਾ ਕੇ ਖਾਣ ਨਾਲ ਉਲਟੀਆਂ ਬੰਦ ਹੋ ਜਾਂਦੀਆਂ ਹਨ।

ਹਰੜ ਤ੍ਰਿਫਲੇ ਚੂਰਨ ਦਾ ਇਕ ਖਾਸ ਘਟਕ ਭੀ ਹੈ ਜਿਸ ਦਾ ਜ਼ਿਕਰ ਆਂਵਲੇ ਦੇ ਪ੍ਰਸੰਗ ਵਿਚ ਆ ਚੁੱਕਾ ਹੈ। ਤ੍ਰਿਫਲਾ ਬਵਾਸੀਰ ਲਈ ਭੀ ਇਕ ਉਤਮ ਦਵਾ ਹੈ ਖਾਸ ਕਰਕੇ ਕਬਜ਼ ਕਰਕੇ ਸ਼ੁਰੂ ਹੋਈ ਬਵਾਸੀਰ ਨੂੰ ਤਾਂ ਇਹ ਇਕ ਦਮ ਖਤਮ ਕਰ ਦਿੰਦਾ ਹੈ।

'ਚਲਦਾ'

For more information
please visit us on internet at -
http://www.atammarg.org
&
http://www.atammarg.com

(ਪੰਨਾ 3 ਦੀ ਬਾਕੀ)

ਦੇ ਗਹੁਜ ਭੇਦਾਂ ਦੀ ਸੋਝੀ ਪ੍ਰਾਪਤ ਹੁੰਦੀ ਹੈ –

ਸੁਣਿਐ ਸਿਧ ਪੀਰ ਸੁਰਿ ਨਾਥ॥........
ਨਾਨਕ ਭਗਤਾ ਸਦਾ ਵਿਗਾਸੁ॥ ਪੰਨਾ – 2

ਸੁਣਿਐ ਈਸਰ ਬਰਮਾ ਇੰਦੁ॥........
ਸੁਣਿਐ ਸਾਸਤ ਸਿਮ੍ਰਿਤਿ ਵੇਦ॥........ ਪੰਨਾ –2

ਟਿਕਾਉ ਵਿਚ ਨਾਮ ਸੁਣਨ ਨਾਲ ਸਤ, ਸੰਤੋਖੁ ਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤੇ ਚਿੱਤ ਬਿਰਤੀ ਅਡੋਲਤਾ (ਸਹਿਜ) ਵਿਚ ਆ ਜਾਂਦੀ ਹੈ –

ਸੁਣਿਐ ਸਤੁ ਸੰਤੋਖੁ ਗਿਆਨੁ।।.......
ਸੁਣਿਐ ਲਾਗੈ ਸਹਜਿ ਧਿਆਨੁ।....... ਪੰਨਾ – 3

ਇਕ ਮਨ, ਇਕ ਚਿਤ ਨਾਮ ਸੁਣਨ ਨਾਲ ਗਿਆਨ–ਹੀਨ ਮਨੁੱਖ ਦੇ ਅੰਦਰ ਵੀ ਪ੍ਰਭੂ–ਪ੍ਰਕਾਸ਼ ਹੋ ਜਾਂਦਾ ਹੈ –

ਸੁਣਿਐ ਅੰਧੇ ਪਾਵਹਿ ਰਾਹੁ॥
ਸੁਣਿਐ ਹਾਥ ਹੋਵੈ ਅਸਗਾਹੁ॥ ਪੰਨਾ – 3

ਗੁਰੂ ਰਾਮਦਾਸ ਜੀ ਨੇ 'ਸਾਰੰਗ ਕੀ ਵਾਰ ਮਹਲਾ ੪' ਵਿਚ ਚਾਰ ਪਉੜੀਆਂ ਵਿਚ ਨਾਮ ਨੂੰ ਇਕ ਚਿੱਤ ਸਰਵਣ ਕਰਨ ਦੇ ਲਾਭ ਦਸਦਿਆਂ ਫੁਰਮਾਇਆ ਹੈ –

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥
ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ॥
ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ॥
ਪੰਨਾ – 1239

ਇਥੇ ਇਹ ਸਪਸ਼ਟ ਕੀਤਾ ਹੈ ਕਿ ਨਾਮ ਸੁਣਿ ਸੁਣਿ ਕੇ ਮਨ ਵਿਚ ਵਸਾਨਾ ਹੁੰਦਾ ਹੈ, ਫਿਰ ਇਹ ਹਰ ਸਮੇਂ ਯਾਦ ਵਿਚ ਵਸ ਜਾਂਦਾ ਹੈ। ਨਾਮ ਦਾ ਉਚਾਰਨਾ ਅਤੇ ਨਾਮ ਦਾ ਸਰਵਣ ਕਰਨਾ ਦੋਵੇਂ ਐਨੀਆਂ ਸੌਖੀਆਂ ਕਿਰਿਆ ਨਹੀਂ ਜਿੰਨੀਆਂ ਅਸੀਂ ਮੰਨੀਆਂ ਹੋਈਆਂ ਹਨ –

ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ॥
ਪੰਨਾ – 1239

ਪਰ ਜਿਹੜੇ ਸੁਰਤ ਜੋੜ ਕੇ ਨਾਮ ਨੂੰ ਸੁਣਦੇ ਹਨ, ਉਨ੍ਹਾਂ ਦਾ ਮਨ ਖਿੜ ਜਾਂਦਾ ਹੈ, ਅੰਦਰ ਸ਼ਾਂਤੀ ਪੈਦਾ ਹੁੰਦੀ ਹੈ, ਮਨ ਮਾਇਆ ਵਲੋਂ ਤ੍ਰਿਪਤ ਹੋ ਜਾਂਦਾ ਹੈ ਅਤੇ ਉਸ ਦੀ ਲਿਵ ਸਦਾ ਨਾਮ ਵਿਚ ਜੁੜੀ ਰਹਿੰਦੀ ਹੈ –

ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥.....
ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ॥
ਪੰਨਾ – 1239

ਸੁਰਤਿ ਜੋੜ ਕੇ ਨਾਮ ਸੁਣਨ ਨਾਲ ਸਾਰੀਆਂ ਕਰਾਮਾਤੀ ਸ਼ਕਤੀਆਂ ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ, ਜੋ ਮਨ ਚਿਤਵਦਾ ਹੈ, ਪ੍ਰਾਪਤ ਹੋ ਜਾਂਦਾ ਹੈ ਅਤੇ ਅਡੋਲ ਅਵਸਥਾ ਪ੍ਰਾਪਤ ਹੁੰਦੀ ਹੈ –

ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ॥
ਨਾਇ ਸੁਣਿਐ ਨਉਨਿਧਿ ਮਿਲੈ ਮਨ ਚਿੰਦਿਆ ਪਾਵੈ॥....
ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ॥.....
ਪੰਨਾ – 1240

ਸੁਰਤਿ ਨਾਲ ਨਾਮ ਸੁਣਨ ਨਾਲ ਪਵਿਤਰਤਾ ਪ੍ਰਾਪਤ ਹੁੰਦੀ ਹੈ, ਮਨ ਵਸ ਵਿਚ ਆ ਜਾਂਦਾ ਹੈ, ਹਿਰਦੇ ਵਿਚ ਪ੍ਰਭੂ ਦੀ ਜੋਤਿ ਪ੍ਰਗਟ ਹੋ ਜਾਂਦੀ ਹੈ, ਆਤਮ–ਜੀਵਨ ਦੀ ਸੋਝੀ ਹੋ ਜਾਂਦੀ ਹੈ, ਮੱਥੇ ਖੇੜਾ ਆ ਜਾਂਦਾ ਹੈ ਪਰ ਇਸ ਦੀ ਪ੍ਰਾਪਤੀ ਗੁਰੂ ਬਖਸ਼ਿਸ਼ ਸਦਕਾ ਹੁੰਦੀ ਹੈ –

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ।।
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥
ਨਾਇ ਸੁਣਿਐ ਪਾਪ ਕਟੀਅਹਿ ਨਿਰਮਲੁ ਸਚੁ ਪਾਵੈ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥
ਪੰਨਾ – 1240

ਗੁਰੂ ਬਖਸ਼ਿਸ਼ ਕਰੇ! ਆਤਮ ਮਾਰਗ ਦੇ ਪਾਂਧੀਆਂ ਨੂੰ ਨਾਮ ਸੁਣਨ ਦਾ ਬਲ ਬਖਸ਼ੇ। ਕਾਸ਼! ਅਸੀਂ ਨਾਮ ਸੁਣ ਸਕੀਏ, ਮੰਨ ਸਕੀਏ, ਅੰਦਰ ਪਿਆਰ ਜਾਗੇ, ਜੀਵਨ ਸਫਲ ਹੋਵੇ।

ਰਤਵਾੜਾ ਸਾਹਿਬ ਵਿਚ ਬੈਂਕ ਸਹੂਲਤ

ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਸ਼ਿਵਾਲਿਕ ਕਸ਼ਤਰਿਆ ਗਰਾਮੀਣ ਬੈਂਕ ਤਿਊੜ (ਜੋ ਕਿ ਪੰਜਾਬ ਨੈਸ਼ਨਲ ਬੈਂਕ ਦਾ ਸਪਾਂਸਰ ਕੀਤਾ ਹੈ, ਭਾਰਤ ਸਰਕਾਰ ਦਾ ਅਦਾਰਾ ਹੈ ਅਤੇ ਪਿਛਲੇ 19 ਸਾਲਾਂ ਤੋਂ ਪਿੰਡ ਤਿਊੜ ਵਿਖੇ ਕੰਮ ਕਰ ਰਿਹਾ ਹੈ) ਦੇ extention counter ਦਾ ਉਦਘਾਟਨ ਮਾਨਯੋਗ ਬੀਜੀ ਨੇ ਆਪਣੇ ਕਰ ਕਮਲਾਂ ਨਾਲ ਮਿਤੀ 16.4.03 ਨੂੰ ਕੀਤਾ। ਇਸ ਬੈਂਕ ਵਿਚ ਸਾਰੀਆਂ ਬੈਂਕ ਸਹੂਲਤਾਂ ਜਿਵੇਂ ਕਿ ਬੱਚਤ ਖਾਤੇ, ਮਿਆਦੀ ਜਮ੍ਹਾਂ ਖਾਤੇ, ਰੈਕਰਿੰਗ ਡਿਪੋਜ਼ਿਟ (ਆਰ.ਡੀ.) ਅਤੇ ਐਨ.ਆਰ.ਆਈ ਖਾਤੇ ਖੋਲ੍ਹੇ ਜਾ ਸਕਦੇ ਹਨ।

ਗ੍ਰਾਹਕਾਂ ਦੀ ਜ਼ਰੂਰਤ ਦੇਖਦੇ ਹੋਏ ਆਉਣ ਨਾਲੇ ਸਮੇਂ ਵਿਚ ਲਾਕਰ ਦੀ ਸਹੂਲਤ ਵੀ ਦਿਤੀ ਜਾਵੇਗੀ।

ਸੀਤਲ ਜੋਤ

ਸੰਤ ਕਲਿਆਣ ਦਾਸ ਸਿੰਘ ਜੀ

ਪਾਣੀ ਠੰਢਾ ਆਖਣ ਲੋਕੀ, ਸੀਤਲ ਕਰਦਾ ਸੜਦੇ ਨੂੰ।
ਪਰ, ਪਾਰਖ ਮੂਲ ਨਾ ਠੰਡਾ ਕਹਿੰਦਾ, ਜਦ ਵੇਖਿਆ ਚੁਲ੍ਹੇ ਚੜ੍ਹਦੇ ਨੂੰ।
ਪਾਰਖ ਨੇ ਜਦ ਲਾਈ ਕਸੌਟੀ ਚੁਲ੍ਹੇ ਉਪਰ ਚੜ੍ਹਨੇ ਦੀ।
ਸੀਤਲ ਰੂਪ ਵਟਾ ਕੇ ਪਾਣੀ, ਸ਼ਕਲ ਬਣਾ ਲਈ ਚੜ੍ਹਨੇ ਦੀ।

ਚੰਦਨ ਰੁਖ ਦੀ ਸੀਤਲਤਾਈ, ਲੋਕੀ ਬਹੁਤ ਸਲ੍ਹਾਂਦੇ ਨੇ।
ਨਾਲ ਲਿਪਟ ਕੇ ਨਾਗ ਜ਼ਹਿਰੀਲੇ, ਠੰਡੇ ਠਾਰ ਹੋ ਜਾਂਦੇ ਨੇ।
ਦੋ ਲੱਕੜੀਆਂ ਲੈ ਕੇ ਪਾਰਖ, ਰਗੜਣ ਲੱਗਾ ਫੜ ਕੇ।
ਸੀਤਲ ਰੂਪ ਵਟਾ ਕੇ ਚੰਦਨ, ਕੋਲਾ ਹੋ ਗਿਆ ਸੜ ਕੇ।

ਰੁਤ ਪਾਲੇ ਦੀ ਸਭ ਤੋਂ ਸੀਤਲ, ਸਾਰੇ ਲੋਕ ਅਲਾਂਦੇ ਨੇ।
ਚੁਲ੍ਹਿਆਂ ਮੂਹਰੇ ਸੇਕਣ ਲੋਕੀ, ਗਰਮ ਪੁਸ਼ਾਕੇ ਪਾਂਦੇ ਨੇ।
ਮੱਥੇ ਤਿਊੜੀ ਪਾ ਕੇ ਸੂਰਜ, ਜਦ ਚਲਦਾ ਆਇਆ ਜਾੜ੍ਹਾਂ ਨੂੰ।
ਤਾਂ ਚਾਦਰ ਚੁੰਨੀ ਪਾ ਕੇ ਠੰਢਕ ਭੱਜੀ ਠੰਡ ਪਹਾੜਾਂ ਨੂੰ।

ਸੀਤਲ ਬਰਫ ਸੁਣਾਈ ਲੋਕਾਂ, ਹੱਥ ਰੱਖਣ ਨਾ ਦਿੰਦੀ ਹੈ।
ਤਪਦਾ ਸੜਦਾ ਆਵੇ ਤਿਹਾਇਆ, ਆਪਣੇ ਜਿਹਾ ਕਰ ਲੈਂਦੀ ਹੈ।
ਹੱਥਾਂ ਦੇ ਵਿਚ ਲਈ ਕਸੌਟੀ, ਪਰਖਣ ਲੱਗਾ ਗਰਮੀ ਹੈ।
ਉਪਰ ਠੰਡਾ ਵੇਸ ਬਣਾਇਆ, ਅੰਦਰ ਜਲਦੀ ਗਰਮੀ ਹੈ।

ਦੁਨੀਆਂ ਭਰ ਮੇਂ ਠੰਡ ਮਿਲੀ ਨਾ, ਦੇਖ ਤਮਾਸ਼ੇ ਭਾਵੀ ਦੇ।
ਮੈਂ ਸੈਰ ਸਪਾਟੇ ਕਰਦਾ ਇਕ ਦਿਨ, ਆ ਗਿਆ ਕੰਢੇ ਰਾਵੀ ਦੇ।
ਚੁੱਲ੍ਹੇ ਉਪਰ ਲਾਲ ਤਵੀ ਸੀ ਹੇਠਾਂ ਬੜੇ ਅੰਗਾਰੇ
ਸੀਤਲ ਜੋਤ ਇਕ ਉਪਰ ਬੈਠੀ ਅਚਲ ਚੌਂਕੜੀ ਮਾਰੇ।

ਬਾਲੂ ਰੇਤਾ ਲਾਲ ਤਪਾ ਕੇ, ਪਿੰਡੇ ਤੇ ਕੋਈ ਪਾਂਦਾ ਹੈ।
ਅੱਜ ਵੀ ਲਗ ਜਾ ਮੇਰੇ ਆਖੇ, ਇੱਦਾਂ ਮੁਖੋਂ ਅਲਾਂਦਾ ਹੈ।
ਪਾਰਖ ਨੇ ਬਹੁ ਜ਼ੋਰ ਲਗਾਇਆ, ਸੀਤਲ ਜੋਤਿ ਤਪਾਣੇ ਨੂੰ।
ਸੀਤਲ ਜੋਤਿ ਨਾ ਤਪਦੀ ਮੂਲੋਂ, ਮੰਨਦੀ ਰੱਬ ਦੇ ਭਾਣੇ ਨੂੰ।

ਤੇਰਾ ਕੀਆ ਮੀਠਾ ਲਾਗੇ। ਹਰਿ ਨਾਮ ਪਦਾਰਥ ਨਾਨਕ ਮਾਂਗੈ।
ਇਥੇ ਠੰਢਤ ਰਹਿੰਦੀ ਪੂਰੀ, ਪਾਰਖ ਮਨ ਇਤਬਾਰ ਹੋਇਆ
ਦਾਸ ਕਲਿਆਣ ਦਾ ਚਿੱਤ ਸੜਦਾ ਸੀ,
ਮਿਲਦਿਆਂ ਠੰਡਾ ਠਾਰ ਹੋਇਆ।

'ਚੰਦਨ ਚੰਦ ਨਾ ਸਰਦ ਰੁੱਤ, ਮੂਲ ਨ ਮਿਟਈ ਘਾਮ॥
ਸੀਤਲ ਥੀਵੈ ਨਾਨਕਾ, ਜਪੰਦੜੋ ਹਰਿ ਨਾਮ॥

(ਇਥੋਂ ਕੱਟ ਕੇ ਭੇਜੋ ਜੀ)

Annual/Life Membership Form - Atam Marg

ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name..
3. ਪਿਤਾ ਦਾ ਨਾਮ/Father's Name...
4. ਪੂਰਾ ਪਤਾ/Full address...

....

....

PINCODE........................Telephone...............

ਮੈਂ .... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ........................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ...................................

ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

ਐਤਵਾਰ – 6, 13, 20, 27 ਜੁਲਾਈ।

ਸੰਗਰਾਂਦ – 16 ਜੁਲਾਈ , ਦਿਨ ਬੁੱਧਵਾਰ।

ਪੂਰਨਮਾਸ਼ੀ – 13 ਜੁਲਾਈ, ਦਿਨ ਐਤਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

For more information

please visit us on internet at -

http://www.atammarg.org

&

http://www.atammarg.com

ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

ਦਫਤਰ ਆਤਮ ਮਾਰਗ ਫੋਨ ਨੰਬਰ –

01888-255002

01888-255009 (ਫੈਕਸ)

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ – 01888-255003

ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ – 01888-255005, 255006. 255007

ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ – 98142-80259